ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
Funded by the Government of Canada | Financé par le gouvernement du Canada | Canada
SINCE : 2007
: www.thepunjabtimes.ca
: canadianpunjabtimes@gmail.com
Vol - 18 | 25 October, 2024 | ੯ ਕੱਤਕ ਨਾਨਕਸ਼ਾਹੀ ਸੰਮਤ ੫੫੬ | Ph.: 604-338-7310 | FAX : 604-572-3638 | /canadianpunjabtimes

New Location
Punjab Insurance Agency Inc.
Super Visa Insurance
ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ
• ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਵੀ ਫੋਨ ਕਰ ਸਕਦੇ ਹੋ।
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar (Pasla)
604-597-0991
778-895-7444
icc.accounting@yahoo.ca
8740 - 140A St., Surrey, BC V3W 0M4

## ਨਵਾਂ ਇਮੀਗ੍ਰੇਸ਼ਨ ਪਲਾਨ ਆਬਾਦੀ ਵਾਧੇ ਅਤੇ ਹਾਊਸਿੰਗ ਮਾਰਕੀਟ ਵਿੱਚ ਸਥਿਰਤਾ ਲਿਆਏਗਾ: ਮਾਰਕ ਮਿਲਰ

### ਮਾਰਕ ਮਿਲਰ ਵਲੋਂ 2025 ਤੋਂ 2027 ਤੱਕ ਲਈ ਨਵੇਂ ਇਮੀਗ੍ਰੇਸ਼ਨ ਲੇਵਲਸ ਪਲਾਨ ਦਾ ਐਲਾਨ

ਸਰੀ, (ਸਿਮਰਨਜੀਤ ਸਿੰਘ): ਕੈਨੇਡਾ ਦੇ ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਸਿਟੀਜ਼ਨਸ਼ਿਪ ਮੰਤਰੀ ਮਾਰਕ ਮਿਲਰ ਨੇ 2025 ਤੋਂ 2027 ਤੱਕ ਲਈ ਨਵੇਂ ਇਮੀਗ੍ਰੇਸ਼ਨ ਲੇਵਲਸ ਪਲਾਨ ਦਾ ਐਲਾਨ ਕੀਤਾ। ਇਸ ਪਲਾਨ ਦਾ ਮੁੱਖ ਉਦੇਸ਼ ਕੈਨੇਡਾ ਦੀ ਆਰਥਿਕਤਾ ਨੂੰ ਮਜ਼ਬੂਤ ਕਰਨਾ ਹੈ, ਪਰ ਇਸ ਦੇ ਨਾਲ ਹੀ ਇਮੀਗ੍ਰੇਸ਼ਨ ਦੇ ਮਾਮਲੇ ਵਿੱਚ ਜ਼ਿੰਮੇਵਾਰ ਅਤੇ ਟਿਕਾਊ ਯੋਜਨਾ ਬਣਾਉਣ 'ਤੇ ਧਿਆਨ ਦਿੱਤਾ ਗਿਆ ਹੈ, ਜਿਸ ਨਾਲ ਹਾਊਸਿੰਗ ਅਤੇ ਬੁਨਿਆਦੀ ਢਾਂਚੇ 'ਤੇ ਹੋ ਰਹੇ ਦਬਾਅ ਨੂੰ ਘਟਾਇਆ ਜਾਵੇ।



ਮਾਰਕ ਮਿਲਰ ਨੇ ਕਿਹਾ, "ਅਸੀਂ ਹਾਊਸਿੰਗ ਅਤੇ ਬੁਨਿਆਦੀ ਢਾਂਚੇ 'ਤੇ ਦਬਾਅ ਨੂੰ ਘਟਾਉਣ ਲਈ ਥੋੜ੍ਹੇ ਸਮੇਂ ਵਿੱਚ ਅਸਥਾਈ ਅਤੇ ਸਥਾਈ ਨਿਵਾਸੀਆਂ ਦੀ ਗਿਣਤੀ ਨੂੰ ਘਟਾ ਰਹੇ ਹਾਂ।" ਇਹ ਪਲਾਨ ਰਾਹੀਂ ਅਸਥਾਈ ਨਿਵਾਸੀਆਂ, ਜਿਵੇਂ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਅਸਥਾਈ ਵਿਦੇਸ਼ੀ ਕਾਮਿਆਂ ਦੀ ਗਿਣਤੀ 'ਤੇ ਨਿਯੰਤਰਤ ਕੀਤਾ ਜਾਵੇਗਾ। ਅਗਲੇ ਦੋ ਸਾਲਾਂ ਵਿੱਚ, ਕੈਨੇਡਾ ਦੀ ਅਸਥਾਈ ਆਬਾਦੀ ਵਿੱਚ ਲਗਭਗ 10 ਲੱਖ ਦੀ ਘੱਟਣ ਦੀ ਸੰਭਾਵਨਾ ਹੈ।

ਇਹ ਕਟੌਤੀਆਂ ਉਹਨਾਂ ਸੁਧਾਰਾਂ ਦਾ ਹਿੱਸਾ ਹਨ ਜੋ ਇਸ ਸਾਲ ਪਹਿਲਾਂ ਹੀ ਐਲਾਨੇ ਜਾ ਚੁੱਕੇ ਹਨ। ਉਨ੍ਹਾਂ ਵਿੱਚ ਅੰਤਰਰਾਸ਼ਟਰੀ ਵਿਦਿਆਰਥੀ ਪ੍ਰੋਗਰਾਮ ਵਿੱਚ ਸੁਧਾਰ, ਅਸਥਾਈ ਵਿਦੇਸ਼ੀ ਕਾਮਿਆਂ ਲਈ ਯੋਗਤਾ ਦੀਆਂ ਸਖ਼ਤ ਲੋੜਾਂ, ਅਤੇ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟਾਂ ਲਈ ਨਿਯਮਾਂ ਨੂੰ ਸਖ਼ਤ ਕਰਨੇ ਸ਼ਾਮਲ ਹਨ।

ਕੈਨੇਡਾ ਦੀ ਆਬਾਦੀ ਵਿੱਚ ਪਿਛਲੇ ਕੁਝ ਸਮੇਂ ਤੋਂ ਕਾਫੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ

• ਬਾਕੀ ਸਫ਼ਾ 7 'ਤੇ

## ਬ੍ਰੈਂਪਟਨ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸ਼ੋਸ਼ਣ ਅਤੇ ਤਸਕਰੀ ਦਾ ਮੁੱਦਾ ਭੱਖਿਆ

### ਬ੍ਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਨੇ ਵੀ ਜਾਰੀ ਕੀਤੀ ਗੰਭੀਰ ਚੇਤਾਵਨੀ

ਸਰੀ, (ਸਿਮਰਨਜੀਤ ਸਿੰਘ): ਬ੍ਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਨੇ ਬੀਤੇ ਦਿਨੀਂ ਨੂੰ ਇੱਕ ਪੱਤਰਕਾਰ ਸੰਮੇਲਨ ਵਿੱਚ ਕਿਹਾ ਕਿ ਕੈਨੇਡਾ ਵਿੱਚ ਪੜ੍ਹਾਈ ਕਰਨ ਵਾਲੇ ਅੰਤਰਰਾਸ਼ਟਰੀ ਵਿਦਿਆਰਥੀ ਦਾ ਸ਼ੋਸ਼ਣ, ਮਾਨਸਿਕ ਤਣਾਓ ਅਤੇ ਤਸਕਰੀ ਦੇ ਸ਼ਿਕਾਰ ਹੋ ਰਹੇ ਹਨ। ਬ੍ਰਾਊਨ ਨੇ ਕਿਹਾ ਕਿ ਇਹ ਸ਼ੋਸ਼ਣ "ਸਪੱਸ਼ਟ ਤੌਰ 'ਤੇ ਦਿਸ ਰਹੀ ਇੱਕ ਹਕੀਕਤ ਹੈ" ਅਤੇ ਬ੍ਰੈਂਪਟਨ ਸਿਟੀ ਇਸ ਸੰਕਟ ਦਾ ਸਾਹਮਣਾ ਕਰਨ ਲਈ ਨਵੀਂ ਯੋਜਨਾ ਤਿਆਰ ਕਰ ਰਹੀ ਹੈ।




ਉਨ੍ਹਾਂ ਕਿਹਾ ਕਿ ਬ੍ਰੈਂਪਟਨ ਵਿੱਚ ਸਪੱਸ਼ਟ ਤੌਰ ਅਸੀਂ ਸਮਾਜ ਅਤੇ ਦੇਸ਼ ਵਿੱਚ ਫੈਲ ਰਹੇ ਇਸ ਅੰਤਰਰਾਸ਼ਟਰੀਆਂ ਵਿਦਿਆਰਥੀਆਂ ਦੇ ਸ਼ੋਸ਼ਣ ਖ਼ਿਲਾਫ਼ ਲੜਨ ਲਈ ਯਤਨ ਕਰ ਰਹੇ ਹਾਂ । ਇਸ ਘੋਸ਼ਣਾ ਨਾਲ, ਸਿਟੀ ਨੇ ਪਹਿਲੀ ਵਾਰ ਇਸ ਮੁੱਦੇ ਨੂੰ ਸਰਕਾਰੀ ਪੱਧਰ 'ਤੇ ਸਵੀਕਾਰਿਆ ਹੈ, ਹਾਲਾਂਕਿ ਕਈ ਸਾਲਾਂ ਤੋਂ ਵਿਦਿਆਰਥੀ ਅਧਿਕਾਰ ਸਮੂਹ ਅਤੇ ਸਥਾਨਕ ਸਮਾਜਿਕ ਸੇਵਾਵਾਂ ਬਾਰੇ ਚੇਤਾਵਨੀ ਅਤੇ ਆਪਣੀਆਂ ਸਮੱਸਿਆਵਾਂ

• ਬਾਕੀ ਸਫ਼ਾ 7 'ਤੇ

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ
ZIRA CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖਸ਼ੀਸ਼ ਸਿੰਘ ਜ਼ੀਰਾ
604-562-7000, 604-314-0000
#397-8148-128 ST. (PAYAL BUSINESS CENTRE) SURREY

HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ਼ ਦਾ ਪ੍ਰਬੰਧ ਘੱਟ ਰੇਟ 'ਤੇ ਕਰਦੇ ਹਾਂ।
Kuldip Singh Panesar
Mortgage Consultant
Cell : 604-308-6839
204-7928-128, Street York Business Centre, Surrey BC V3W4E8

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ
FAST SERVICE AND COMPETITIVE RATES
S&S INSURANCE SERVICE
EXPERT IN
» Construction Insurance » Business Insurance » Home Insurance
» Contractor Insurance » Hard To Place Insurance » Rental House Insurance
CALL NOW 604-319-1000
www.sandsinsurance.ca
6607 Main St, Vancouver 604-324-5711 | 2-8195 120th, Delta 604-635-0890
ICBC

JAS ARORA NOTARY CORPORATION
ਅਸੀਂ ਲਾਈਫ ਸਰਟੀਫਿਕੇਟ ਦੀਆਂ ਸੇਵਾਵਾਂ ਮੁਫ਼ਤ ਦਿੰਦੇ ਹਾਂ।
OUR SERVICES
- Affidavits
- Invitation Letters
- Sale/ Purchase / Mortgage
- Travels Consent Letters
- Statutory Declarations
- Power of Attorney
- Sponsorship Letters
Jaswant K. Arora
Notary Public, MA (ALS), MA (Eng.Punjabi)
778-386-9189
#109A-12888 80 Avenue Surrey BC
Email : jas@jasaroranotary.com | Website : jasaroranotary.com

Keep Smiling Denture Clinic
CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿੱਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
If you have received Canadian Dental Care Plan Card. Book appointment
Gagan Chahal R.D.
Registered Denturist
Book Your Appointment
778-600-0811 13117-67A Ave, Surrey, BC | 778-600-0810 2644 Cyril St Abbotsford BC

IATA Accredited Agent
SIDHU TRAVEL LTD.
Email : sidhutravel13@gmail.com
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ। ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਓ।
RANI SIDHU : 604-504-3400, AMAN SANDHU : 604-800-3003
3497 Nightingale Dr. Abbotsford, B.C.
Unit 109-12830 80 Ave, York Centre Surrey

ਭਾਰਤ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਸੰਪਰਕ ਕਰੋ
BESTWAY Foreign Exchange Ltd.
ਬੈਸਟਵੇ ਫੌਰਨ ਐਕਸਚੇਂਜ
www.bestwayforeignexchange.com
Sony Sidhu (Zira)
Ph: 778-246-2500 (Abbotsford)
604-592-2676 (Surrey)
Unit 109-12830 80 Ave, York Centre Surrey

PEST CONTROL
RESIDENTIAL & COMMERCIALS
SAFE EFFECTIVE SOLUTIONS
Rats, Mice
Ant, Fire Brats
House Flies
Termites
Spider | Fleas
Bed Bugs
Cockroaches
Silver Fish
ALL SERVICES GUARANTEED
ਅਸੀਂ ਘਰਾਂ ਅਤੇ ਕਮਰਸ਼ੀਅਲ ਥਾਵਾਂ 'ਤੇ ਬਹੁਤ ਹੀ ਵਾਜਿਬ ਕੀਮਤਾਂ 'ਤੇ ਸਰਵਿਸ ਦਿੰਦੇ ਹਾਂ।
Randhir (Rarewal)
nppestcontrol05@gmail.com
778-683-8964, 778-895-6655

ਹੁਣ ਚਿਲੀਵੈਕ ਵਿਚ ਸਾਡੀ ਦੂਜੀ ਲੋਕੇਸ਼ਨ ਖੁੱਲ ਚੁੱਕੀ ਹੈ
GABA TIRE
ALL TIRES AVAILABLE (AS, AT & MT)
WHOLESALE TIRES
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
604-897-3235 ABBOTSFORD
604-746-4222 31324 - 107 Peardonville Rd
604-316-3643 CHILLIWACK
BACK SIDE OF CHILLIWACK TAXI : 45877-HOCKING AVE

# HAPPY DIWALI

## ਬੰਦੀ ਛੋੜ ਦਿਵਸ ਅਤੇ ਦੀਵਾਲੀ

### ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ



# Hon. Harjit Sajjan

Member of Parliament, Vancouver South

6406 Victoria Drive Vancouver, British Columbia V5P 3X7

604-775-5323, Harjit.sajjan@parl.gc.ca

Happy Diwali and Deepavali!



**Peter Julian, MP**
New Westminster-Burnaby
110-888 Carnarvon St,
New Westminster, BC
V3M 0C6
**604-775-5707**
**peter.julian@parl.gc.ca**

**Bonita Zarrillo, MP**
Port Moody-Coquitlam
1116 Austin Ave,
Coquitlam, BC V3K 3P5
**604-664-9229**
**bonita.zarrillo@parl.gc.ca**

**Jagmeet Singh, MP**
Burnaby South
4940 Kingsway
Burnaby, BC V5H 2E2
**604-291-8863**
**jagmeet.singh@parl.gc.ca**

**Jenny Kwan, MP**
Vancouver East
2572 E Hastings Street
Vancouver, BC V5K 1Z3
**604-775-5800**
**jenny.kwan@parl.gc.ca**

**Don Davies, MP**
Vancouver Kingsway
2951 Kingsway,
Vancouver, BC V5R 5J4
**604-775-6263**
**don.davies@parl.gc.ca**

NDP

**From Prime Minister Justin Trudeau and your Liberal Members of Parliament, here's wishing you and your family a happy Diwali and Bandi Chhor Divas.**

On this day, we join you in celebrating the triumph of light over darkness, of good over evil. As we take part in festivities across the country, we want to thank you for your incredible contributions to Canada. As business owners and entrepreneurs; as doctors and teachers; as leaders in the community and culture. You make Canada stronger and an even better place to call home.

**Best wishes from our families to yours.**

**De la part du Premier ministre Justin Trudeau et de vos députés libéraux, nous vous souhaitons, à vous et à votre famille, un joyeux Diwali et Bandi Chhor Divas.**

En ce jour, nous nous joignons à vous pour célébrer le triomphe de la lumière sur les ténèbres, du bien sur le mal. Alors que nous prenons part aux festivités organisées dans tout le pays, nous tenons à vous remercier pour vos incroyables contributions au Canada. En tant que propriétaires d'entreprises et entrepreneurs, en tant que médecins et enseignants, en tant que leaders de la communauté et de la culture. Vous rendez le Canada plus fort et en faites un pays où il fait bon vivre.

**Nos familles vous adressent leurs meilleurs vœux.**

PRESENTED BY / PRÉSENTÉ PAR

Parm Bains, M.P. · Hon. Terry Beech, M.P. · Sukh Dhaliwal, M.P. · Hon. Hedy Fry, M.P. · Ken Hardie, M.P. · Ron McKinnon, M.P. · Wilson Miao, M.P. · Hon. Joyce Murray, M.P.
Taleeb Noormohamed, M.P. · Hon. Carla Qualtrough, M.P. · Hon. Harjit S. Sajjan, M.P. · Randeep Sarai, M.P. · Patrick Weiler, M.P. · Hon. Jonathan Wilkinson, M.P.

ੴ ਵਾਹਿਗੁਰੂ ਜੀ ਕੀ ਫ਼ਤਹਿ॥

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ। ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥

FIRST GOD CREATED LIGHT AND THEN BY HIS OMNIPOTENCE MADE ALL THE MORTALS.
FROM THE ONE LIGHT HAS WELLED UP THE WHOLE UNIVERSE. THEN WHO IS GOOD AND WHO IS BAD

# KHALSA DIWAN SOCIETY, ABBOTSFORD

## ਖਾਲਸਾ ਦੀਵਾਨ ਸੋਸਾਇਟੀ, ਐਬਟਸਫੋਰਡ

(Incorporated as a Society under The "Societies Act")

33094 South Fraser Way, Abbotsford, BC V2S 2A9, Canada | Phone: 604-850-7338
Email : kds@canadiansikhheritage.ca | Website: khalsadiwansociety.ca




# ਬੰਦੀ ਛੋੜ ਦਿਵਸ ਅਤੇ ਦੀਵਾਲੀ

## ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ

### ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰੋਗਰਾਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ - 30 ਅਕਤੂਬਰ 2024, ਦਿਨ ਬੁੱਧਵਾਰ ਸਵੇਰੇ 10:00 ਵਜੇ

ਭੋਗ ਸ੍ਰੀ ਅਖੰਡ ਪਾਠ ਸਾਹਿਬ - 1 ਨਵੰਬਰ 2024, ਦਿਨ ਸ਼ੁੱਕਰਵਾਰ ਸਵੇਰੇ 10:00 ਵਜੇ

# ਕੀਰਤਨ ਦਰਬਾਰ

## 1 ਨਵੰਬਰ ਦਿਨ ਸ਼ੁੱਕਰਵਾਰ ਸਵੇਰੇ 10:ਵਜੇ ਤੋਂ ਰਾਤ 9:30 ਵਜੇ ਤੱਕ

ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਸੰਗਤਾਂ ਵਲੋਂ ਪ੍ਰੋਗਰਾਮ ਬੁੱਕ ਕਰਵਾਉਣ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ:-

| ਸੁਖਦੇਵ ਸਿੰਘ (ਹੈੱਡ ਗ੍ਰੰਥੀ) | ਸੋਹਣ ਸਿੰਘ ਪੰਧੇਰ (ਸਕੱਤਰ) | ਦਫ਼ਤਰ |
|---|---|---|
| 778-878-1810 | 778-878-0405 | 604-850-7338 |

# ਲਿਬਰਲ ਪਾਰਲੀਮੈਂਟ ਮੈਬਰਾਂ ਵਲੋਂ ਪ੍ਰਧਾਨ ਮੰਤਰੀ ਪ੍ਰਧਾਨ ਮੰਤਰੀ ਨੂੰ ਹਟਾਉਣ ਲਈ ਦਬਾਅ

ਸਰੀ, (ਸਿਮਰਨਜੀਤ ਸਿੰਘ): ਲਿਬਰਲ ਪਾਰਟੀ 'ਚ ਇਸ ਸਮੇਂ ਸਿਆਸੀ ਹਲਚਲ ਕਾਫੀ ਤੇਜ਼ ਹੋ ਗਈ ਹੈ। ਕਈ ਸਰੋਤਾਂ ਮੁਤਾਬਕ, ਕੈਨੇਡਾ ਦੀ ਫੈਡਰਲ ਸਰਕਾਰ ਇਮੀਗ੍ਰੇਸ਼ਨ ਸਿਸਟਮ ਵਿੱਚ ਵੱਡੇ ਬਦਲਾਅ ਦਾ ਐਲਾਨ ਕਰਨ ਲਈ ਤਿਆਰ ਹੈ। ਇਹ ਘਟਨਾ ਉਸ ਸਮੇਂ ਹੋ ਰਹੀ ਹੈ ਜਦੋਂ ਤਕਰੀਬਨ 30 ਲਿਬਰਲ ਬੈਕਬੈਂਚ ਐਮ.ਪੀ. ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਅਸਤੀਫਾ ਦੇਣ ਲਈ ਦਬਾਅ ਪਾ ਰਹੇ ਹਨ।

ਇਕ ਸਰੋਤ ਅਨੁਸਾਰ ਅਗਲੇ ਸਾਲਾਂ ਵਿੱਚ ਕੈਨੇਡਾ ਵਿੱਚ ਸਥਾਈ ਵਸਨੀਕਾਂ ਦੀ ਗਿਣਤੀ 'ਚ ਕਟੌਤੀ ਹੋਵੇਗੀ ਅਤੇ ਅਸਥਾਈ ਇਮੀਗ੍ਰੇਸ਼ਨ ਸਟ੍ਰੀਮਾਂ ਵਿੱਚ ਵੀ ਬਦਲਾਅ ਕੀਤੇ ਜਾਣਗੇ।

ਕੈਨੇਡਾ ਨੇ 2025 ਵਿੱਚ 500,000 ਸਥਾਈ ਵਸਨੀਕਾਂ ਨੂੰ ਸਵੀਕਾਰ ਕਰਨ ਦੀ ਯੋਜਨਾ ਬਣਾਈ ਸੀ ਅਤੇ 2026 ਵਿੱਚ ਵੀ ਇਸ ਟਾਰਗਟ ਨੂੰ ਕਾਇਮ ਰੱਖਣ ਦਾ ਮਨਸੂਬਾ ਬਣਾਇਆ ਸੀ। ਪਰ ਸਰੋਤਾਂ ਅਨੁਸਾਰ ਹੁਣ 2027 ਤੱਕ ਇਹ ਗਿਣਤੀ ਘਟਾ ਕੇ 365,000 ਕਰਨ ਦੀ ਯੋਜਨਾ ਹੈ, ਜਦਕਿ 2024 ਵਿੱਚ ਇਹ 485,000 ਹੋਵੇਗੀ।

ਇਸ ਦੇ ਨਾਲ ਹੀ, ਅਸਥਾਈ ਵਸਨੀਕਾਂ ਦੀ ਗਿਣਤੀ ਵਿੱਚ ਵੀ ਕਟੌਤੀ ਕਰਨ ਦੀ ਯੋਜਨਾ ਹੈ। 2025 ਵਿੱਚ ਇਹ ਗਿਣਤੀ ਤਕਰੀਬਨ 300,000 ਹੋਣ ਦੀ ਸੰਭਾਵਨਾ ਹੈ, ਜੋ ਕਿ ਮੌਜੂਦਾ ਗਿਣਤੀ ਵਿੱਚ 30,000 ਦੀ ਕਟੌਤੀ ਹੋਵੇਗੀ। 2023 ਵਿੱਚ ਕੈਨੇਡਾ ਵਿੱਚ 25 ਲੱਖ ਤੋਂ ਵੱਧ ਅਸਥਾਈ ਵਸਨੀਕ ਰਹਿ ਰਹੇ ਸਨ, ਜੋ ਦੇਸ਼ ਦੀ ਕੁੱਲ ਆਬਾਦੀ



ਦਾ 6.2 ਫ਼ੀਸਦੀ ਸੀ। ਇਸ ਸਾਲ ਦੇ ਸ਼ੁਰੂ ਵਿੱਚ, ਇਮੀਗ੍ਰੇਸ਼ਨ ਮੰਤਰੀ ਮਾਰਕ ਮਿੱਲਰ ਨੇ ਕਿਹਾ ਸੀ ਕਿ ਸਰਕਾਰ ਇਸ ਗਿਣਤੀ ਨੂੰ 5 ਫ਼ੀਸਦੀ ਤੱਕ ਘਟਾਉਣ ਲਈ ਕਦਮ ਚੁੱਕ ਰਹੀ ਹੈ।

ਟਰੂਡੋ ਅਤੇ ਮਾਰਕ ਮਿੱਲਰ ਦੋਵੇਂ ਨੇ ਇਸ ਸਬੰਧੀ ਬਦਲਾਅ ਦੀ ਪੇਸ਼ਕਸ਼ ਲਿਬਰਲ ਕੈਬਿਨੇਟ ਰਿਟਰੀਟ ਵਿੱਚ ਦਿੱਤੀ ਸੀ। ਟਰੂਡੋ ਨੇ 28 ਅਗਸਤ ਨੂੰ ਕਿਹਾ ਸੀ, "ਅਸੀਂ ਵੱਖ-ਵੱਖ ਸਟ੍ਰੀਮਾਂ ਦਾ ਜਾਇਜ਼ਾ ਲੈ ਰਹੇ ਹਾਂ ਤਾਂ ਜੋ ਕੈਨੇਡਾ ਅੱਗੇ ਵੀ ਇਕ ਸਫੋਜ਼ਟੀਵ ਅਤੇ ਸਮਰਥਕ ਦੇਸ਼ ਬਣਿਆ ਰਹੇ।"

ਹਾਲਾਂਕਿ, ਇਹ ਬਦਲਾਅ ਪ੍ਰਵਾਸੀ ਸੰਸਥਾਵਾਂ ਦੇ ਸਮਰਥਕਾਂ ਦੁਆਰਾ ਨਿੰਦਿਆ ਜਾ ਰਿਹਾ ਹੈ। ਮਾਈਗ੍ਰੈਂਟ ਰਾਈਟਸ ਨੈਟਵਰਕ ਸੈਕਰਟੇਰੀਅਟ ਦੇ ਪ੍ਰਵਕਤਾ ਸਈਦ ਹੁਸਨ ਨੇ ਕਿਹਾ, "ਅਸੀਂ ਕੈਨੇਡਾ ਦੇ ਇਤਿਹਾਸ ਦੇ ਸਭ ਤੋਂ ਵੱਡੇ ਮਾਈਗ੍ਰੈਂਟ ਹਕਾਂ ਰੋਲਬੈਕ ਦਾ ਗਵਾਹ ਬਣ ਰਹੇ ਹਾਂ। ਸਥਾਈ ਵਸਨੀਕਾਂ ਦੀ ਗਿਣਤੀ ਵਿੱਚ ਕਟੌਤੀ, ਮਾਈਗ੍ਰੈਂਟਾਂ ਉੱਤੇ ਸਿੱਧਾ ਹਮਲਾ ਹੈ, ਜਿਸ ਕਰਕੇ ਉਹ ਅਸਥਾਈ ਰਹਿਣ ਜਾਂ ਗੈਰਕਾਨੂੰਨੀ ਹੋਣ ਲਈ ਮਜਬੂਰ ਹੋਣਗੇ, ਅਤੇ ਜ਼ਿਆਦਾਤਰ ਸ਼ੋਸ਼ਣਾਤਮਕ ਨੌਕਰੀਆਂ ਵਿੱਚ ਫਸੇ ਰਹਿਣਗੇ।" This report was written by Simranjit Singh as part of the Local Journalism Initiative.

# ਲਿਬਰਲ ਪਾਰਟੀ 'ਚ ਉੱਠੀਆਂ ਬਾਗ਼ੀ ਸੁਰਾਂ ਤੋਂ ਬਾਅਦ ਟਰੂਡੋ ਦਾ ਵੱਡਾ ਬਿਆਨ: "ਪਾਰਟੀ ਮਜ਼ਬੂਤ ਅਤੇ ਇਕਜੁਟ"

ਸਰੀ, (ਸਿਮਰਨਜੀਤ ਸਿੰਘ): ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪਾਰਟੀ 'ਚ ਉੱਠੀਆਂ ਬਾਗ਼ੀ ਸੁਰਾਂ ਤੋਂ ਬਾਅਦ ਇੱਕ ਬਿਆਨ ਜਾਰੀ ਕਰਦੇ ਹੋਏ ਕਿਹਾ ਹੈ ਕਿ ਲਿਬਰਲ ਪਾਰਟੀ "ਮਜ਼ਬੂਤ ਅਤੇ ਇਕਜੁਟ" ਹੈ, ਹਾਲਾਂਕਿ ਕੌਕਸ ਵਿਚ ਕੁਝ ਹਲਚਲ ਪੈਦਾ ਹੋ ਰਿਹਾ ਹੈ। ਟਰੂਡੋ ਨੇ ਕੌਕਸ ਦੀ ਬੈਠਕ ਤੋਂ ਬਾਅਦ ਪੱਤਰਕਾਰਾਂ ਦੇ ਕਿਸੇ ਵੀ ਸਵਾਲ ਦਾ ਜਵਾਬ ਨਹੀਂ ਦਿੱਤਾ ਅਤੇ ਇਹ ਗੱਲ ਕੈਨੇਡਾ ਦੇ ਮੀਡੀਆ 'ਚ ਇਹ ਗੱਲ ਜੰਗਲ ਦੀ ਅੱਗ ਦੀ ਤਰ੍ਹਾਂ ਫੈਲੀ ਕਿ ਕੌਕਸ ਦੀ ਮੀਟਿੰਗ ਦੌਰਾਨ ਕੁਝ ਪਾਰਟੀ ਮੈਂਬਰਾਂ ਨੇ ਉਨ੍ਹਾਂ ਨੂੰ ਪਾਰਟੀ ਆਗੂ ਦੇ ਅਹੁੱਦੇ ਤੋਂ ਹਟਨ ਲਈ ਕਿਹਾ।

ਸਰੋਤਾਂ ਮੁਤਾਬਕ, 20 ਤੋਂ 30 ਲਿਬਰਲ ਐਮ.ਪੀ. ਨੇ ਇੱਕ ਅੰਦਰੂਨੀ ਦਸਤਾਵੇਜ਼ 'ਤੇ ਹਸਤਾਖਰ ਕੀਤੇ ਹਨ, ਜਿਸ ਵਿਚ ਟਰੂਡੋ ਨੂੰ ਆਪਣਾ ਅਹੁੱਦਾ ਛੱਡਣ ਦੀ ਮੰਗ ਕੀਤੀ ਗਈ ਹੈ। ਬਹੁਤ ਸਾਰੇ ਐਮ.ਪੀ. ਨੇ ਟਰੂਡੋ ਨੂੰ ਇਸ ਬੈਠਕ ਦੌਰਾਨ ਆਪਣੀਆਂ ਚਿੰਤਾਵਾਂ ਦਰਸਾਈਆਂ ਅਤੇ ਉਨ੍ਹਾਂ ਨੂੰ 28 ਅਕਤੂਬਰ ਤੱਕ ਦਾ ਸਮਾਂ ਦਿੱਤਾ ਗਿਆ ਹੈ ਕਿ ਉਹ ਫੈਸਲਾ ਕਰਨ ਕਿ ਉਹ ਅੱਗੇ ਜਾ ਰਹੇ ਹਨ ਜਾਂ ਨਹੀਂ।

ਬੁੱਧਵਾਰ ਦੁਪਹਿਰ ਕੌਕਸ ਬੈਠਕ ਤੋਂ ਬਾਅਦ ਕਈ ਐਮ.ਪੀ. ਨੇ ਕਿਹਾ ਕਿ ਪਾਰਟੀ ਇਕਜੁਟ ਹੈ, ਪਰ ਬੈਠਕ ਦੇ ਅੰਦਰ ਕੀ ਚਰਚਾ ਹੋਈ, ਇਸ ਬਾਰੇ ਉਨ੍ਹਾਂ ਨੇ ਕੁਝ ਨਹੀਂ ਦੱਸਿਆ। ਪਬਲਿਕ ਸਰਵਿਸਜ਼ ਅਤੇ ਪ੍ਰੋਕਯੂਰਮੈਂਟ ਮੰਤਰੀ, ਜੀਨ-ਇਵਜ਼ ਡੂਕਲੋ ਨੇ ਕਿਹਾ, "ਅਸੀਂ ਵੱਖ-ਵੱਖ ਵਿਚਾਰ ਸਾਂਝੇ ਕੀਤੇ ਹਨ, ਜਿਸ ਵਿੱਚ ਪ੍ਰਧਾਨ ਮੰਤਰੀ ਵੀ ਸ਼ਾਮਲ ਹਨ, ਅਤੇ ਸਾਨੂੰ ਲੱਗਦਾ ਹੈ ਕਿ ਅਸੀਂ ਹੋਰ ਵਧੀਆ ਕਰਨਾ ਚਾਹੀਦਾ ਹੈ।"

ਇਸੇ ਦੌਰਾਨ, ਕੁਝ ਲਿਬਰਲ ਐਮ.ਪੀ.ਜ਼, ਜਿਵੇਂ ਕਿ ਸਾਨ ਕੇਸੀ ਨੇ ਕਿਹਾ ਕਿ ਉਨ੍ਹਾਂ ਨੂੰ ਗੋਪਨੀਅਤਾ ਨਾਲ ਵੋਟਿੰਗ ਲਈ ਮਕੈਨਿਜ਼ਮ ਦੀ ਕਮੀ ਮਹਿਸੂਸ ਹੁੰਦੀ ਹੈ। ਕਨਜ਼ਰਵੇਟਿਵ ਪਾਰਟੀ ਦੇ ਨੇਤਾ ਪੀਅਰ ਪੋਲੀਐਵ ਨੇ ਵੀ ਬੁੱਧਵਾਰ ਦੇ ਪ੍ਰਸ਼ਨਕਾਲ ਦੌਰਾਨ ਲਿਬਰਲ ਕੌਕਸ ਵਿੱਚ ਦੇਖੇ ਜਾ ਰਹੇ ਤਨਾਅ ਦਾ ਜ਼ਿਕਰ ਕੀਤਾ ਅਤੇ ਬਾਗੀ ਲਿਬਰਲਾਂ ਨੂੰ ਸਹਿਯੋਗ ਦੇਣ ਦੀ ਅਪੀਲ ਕੀਤ ਸੀ।

ਇਨੋਵੇਸ਼ਨ, ਸਾਇੰਸ ਅਤੇ ਇੰਡਸਟਰੀ ਮੰਤਰੀ, ਫਰਾਂਸੋਆ-ਫਿਲੀਪ ਸ਼ੈਂਪੇਨ ਨੇ ਕਿਹਾ, "ਕੌਕਸ ਵਿੱਚ ਜੋ ਹੁੰਦਾ ਹੈ, ਉਹ ਇੱਕ ਪਰਿਵਾਰ ਵਾਂਗ ਹੈ। ਤੁਸੀਂ ਇੱਕ-ਦੂਜੇ ਨੂੰ ਸੁਣਨਾ ਪੈਂਦਾ ਹੈ, ਪਰ ਦਿਨ ਦੇ ਅੰਤ 'ਤੇ ਸਾਨੂੰ ਕੈਨੇਡੀਆਈਆਂ ਦੀ ਸੇਵਾ ਅਤੇ ਅਗਲੀ ਚੋਣ ਜਿੱਤਣ 'ਤੇ ਧਿਆਨ ਦੇਣਾ ਚਾਹੀਦਾ ਹੈ।" ਹਾਲਾਂਕਿ, ਟਰੂਡੋ ਨੇ ਜਵਾਬ ਵਿੱਚ ਕਿਹਾ ਕਿ "ਲਿਬਰਲ ਪਾਰਟੀ ਅਤੇ ਲਿਬਰਲ ਸਰਕਾਰ ਮੁੜ ਕੰਜ਼ਰਵੇਟਿਵ ਪਾਰਟੀ ਨੂੰ ਜਵਾਬਦੇਹ ਬਣਾਉਣ ਲਈ ਪੂਰੀ ਤਰ੍ਹਾਂ ਇਕਜੁਟ ਹੈ।" ਕਈ ਮੰਤਰੀਆਂ ਨੇ ਵੀ ਟਰੂਡੋ ਦੇ ਅਗਵਾਈ 'ਤੇ ਪੂਰਾ ਭਰੋਸਾ ਜਤਾਇਆ ਹੈ।






# ਵਿਵਾਦਤ ਅਰਾਈਵ-ਕੈਨ ਐਪ ਨਾਲ ਜੁੜੇ ਸਾਰੇ ਸਰਕਾਰੀ ਕਾਂਟਰੈਕਟਾਂ ਦੀ ਹੋਵੇਗੀ ਜਾਂਚ

ਸਰੀ, (ਸਿਮਰਨਜੀਤ ਸਿੰਘ): ਫੈਡਰਲ ਆਡੀਟਰ ਜਨਰਲ ਨੇ ਵਿਵਾਦਾਸਪਦ ArirveCan ਐਪ ਨਾਲ ਜੁੜੇ ਸਾਰੇ ਸਰਕਾਰੀ ਕਾਂਟਰੈਕਟਾਂ ਦੀ ਜਾਂਚ ਕਰਨ ਦਾ ਫੈਸਲਾ ਕੀਤਾ ਹੈ। ਜ਼ਿਕਰਯੋਗ ਹੈ ਕਿ ArirveCan ਐਪ ਨੂੰ ਕੋਵਿਡ-19 ਦੌਰਾਨ ਕੈਨੇਡਾ ਵਾਪਸ ਆਉਣ ਵਾਲੇ ਕੈਨੇਡਿਆਈਆਂ ਦੇ ਟੀਕਾਕਰਣ ਸਥਿਤੀ ਦੀ ਪੁਸ਼ਟੀ ਕਰਨ ਲਈ ਬਣਾਇਆ ਗਿਆ ਸੀ। ਪਰ, ਇਸ ਐਪ ਦੇ ਬਣਾਉਣ ਲਈ ਖਰਚੇ ਹੋਏ $60 ਮਿਲੀਅਨ ਦੇ ਖਰਚੇ ਕਰਕੇ ਵਿਰੋਧੀ ਧਿਰਾਂ ਨੇ ਸਰਕਾਰ ਦੀ ਨਿੰਦਾ ਕੀਤੀ ਸੀ ਅਤੇ ਇਸ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ ਸੀ।






ਆਡੀਟਰ ਕਰੇਨ ਹੋਗਨ ਨੇ ਪਹਿਲਾਂ ਹੀ ਇਸ ਐਪ ਦੀ ਵਿਕਾਸ ਪ੍ਰਕਿਰਿਆ ਦੀ ਜਾਂਚ ਕੀਤੀ ਸੀ, ਜਿਸ ਵਿਚ ਤਿੰਨ ਵਿਭਾਗਾਂ ਦੀਆਂ ਵਿੱਤੀ ਰਿਕਾਰਡਾਂ ਦੀ ਘਾਟ ਨੂੰ ਲੈ ਕੇ ਪ੍ਰਸ਼ਨ ਚੁੱਕੇ ਗਏ ਸਨ। ਇਹ ਵਿਭਾਗ ਖਰਚਿਆਂ ਦੀ ਸਪਸ਼ਟਤਾ ਨਾ ਦੇ ਸਕੇ ਸਨ ਅਤੇ ਟੈਕਸਪੇਅਰਾਂ ਲਈ ਸਭ ਤੋਂ ਵਧੀਆ ਕੀਮਤ ਮੁਹੱਈਆ ਕਰਨ ਵਿੱਚ ਫੇਲ੍ਹ ਰਹੇ ਸਨ। ਹੁਣ ਹੋਗਨ ਉਹਨਾਂ ਸਾਰੇ ਸਰਕਾਰੀ ਕਾਂਟਰੈਕਟਾਂ ਦੀ ਜਾਂਚ ਕਰਨ ਜਾ ਰਹੀ ਹੈ ਜੋ GC Strateiges ਨਾਂ ਦੀ ਕੰਪਨੀ ਨੂੰ ਦਿੱਤੇ ਗਏ ਸਨ। ਇਹ ਕੰਪਨੀ, ਜਿਸਦੇ ਸਿਰਫ ਦੋ ਕਰਮਚਾਰੀ ਹਨ, ਨੂੰ ArirveCan ਐਪ ਦੇ ਕੁਝ ਹਿੱਸਿਆਂ ਦੀ ਵਿਕਾਸ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਟੀਮ ਇਕੱਠੀ ਕਰਨ ਦਾ ਕੰਮ ਦਿੱਤਾ ਗਿਆ ਸੀ।

ਹੈਰਾਨੀ ਦੀ ਗੱਲ ਇਹ ਹੈ ਕਿ ArirveCan ਦੇ ਇਲਾਵਾ, ਇਸ ਕੰਪਨੀ ਨੂੰ ਕੁੱਲ $100 ਮਿਲੀਅਨ ਤੋਂ ਵੱਧ ਦੇ ਫੈਡਰਲ ਕਾਂਟਰੈਕਟ ਮਿਲੇ ਹਨ। ਸਤੰਬਰ ਵਿੱਚ, ਹਾਊਸ ਆਫ਼ ਕਾਮਨਜ਼ ਨੇ ਏਕਸੁਰਤਾ ਨਾਲ ਹੋਗਨ ਨੂੰ ਸਾਰੇ ਇਹਨਾਂ ਕਾਂਟਰੈਕਟਾਂ ਦੀ ਜਾਂਚ ਕਰਨ ਦੀ ਮੰਗ ਕੀਤੀ ਸੀ। ਹੁਣ ਹੋਗਨ ਨੇ ਇਸ ਜਾਂਚ ਨੂੰ ਸਵੀਕਾਰ ਕਰ ਲਿਆ ਹੈ ਅਤੇ ਉਹ ਸਾਰੇ ਗਠਬੰਧਨ ਦੀ ਜਾਂਚ ਕਰਨ ਜਾ ਰਹੀ ਹੈ।

ਸਰਕਾਰ ਦੀ ਵਿੱਤੀ ਗਤੀਵਿਧੀਆਂ ਨਾਲ ਜੁੜੇ ਇਸ ਵੱਡੇ ਮਾਮਲੇ ਨੇ ਲੋਕਾਂ ਵਿੱਚ ਸਰਕਾਰ ਦੀ ਖਰਚੇ ਅਤੇ ਪਾਰਦਰਸ਼ੀਤਾ ਪ੍ਰਤੀ ਵਿਸ਼ਵਾਸ ਨੂੰ ਝਟਕਾ ਦਿੱਤਾ ਹੈ। ArirveCan ਦੇ ਖਰਚੇ ਬਾਰੇ ਚੱਲ ਰਹੀ ਬਹਿਸ ਨੂੰ ਦੇਖਦੇ ਹੋਏ, ਇਹ ਨਵੀਂ ਜਾਂਚ ਪਹੁੰਚ ਦੀ ਪੂਰੀ ਤਸੱਲੀ ਕਰੇਗੀ ਕਿ ਕੀ ਇਹ ਪੈਸੇ ਦਾ ਸਹੀ ਇਸਤੇਮਾਲ ਹੋ ਰਿਹਾ ਸੀ ਜਾਂ ਨਹੀਂ। This report was written by Simranjit Singh as part of the Local Journalism Initiative.

# ਜੀ 7 ਦੇ ਸਹਿਯੋਗੀ ਦੇਸ਼ਾਂ ਵੱਲੋਂ ਯੂਕਰੇਨ ਨੂੰ ਦਿੱਤਾ ਜਾਵੇਗਾ 50 ਅਰਬ ਡਾਲਰ ਦਾ ਕਰਜ਼ਾ

ਸਰੀ, (ਸਿਮਰਨਜੀਤ ਸਿੰਘ): ਜੀ 7 ਦੇ ਸਹਿਯੋਗੀ ਦੇਸ਼ਾਂ ਵੱਲੋਂ ਯੂਕਰੇਨ ਨੂੰ 50 ਅਰਬ ਡਾਲਰ ਦੇ ਕਰਜ਼ੇ ਦਿੱਤੇ ਜਾਣਗੇ, ਜੋ ਕੀ ਜੀ-7 ਦੇਸ਼ਾਂ ਵਲੋਂ ਰੂਸ ਦੀ ਜਬਤ ਕੀਤੀਆਂ ਜਾਇਦਾਦਾਂ ਤੋਂ ਵਾਪਸ ਲਏ ਜਾਣਗੇ, ਇਹ ਜਾਣਕਾਰੀ ਅਮਰੀਕੀ ਵ੍ਹਾਈਟ ਹਾਊਸ ਨੇ ਬੁੱਧਵਾਰ ਨੂੰ ਦਿੱਤੀ। ਇਸ ਰਾਸ਼ੀ ਦੀ ਵੰਡ ਇਸ ਸਾਲ ਦੇ ਅਖੀਰ ਤੱਕ ਸ਼ੁਰੂ ਹੋਵੇਗੀ, ਅਮਰੀਕੀ ਅਧਿਕਾਰੀਆਂ ਨੇ ਕਿਹਾ ਕਿ 50 ਅਰਬ ਡਾਲਰਾਂ ਵਿੱਚੋਂ 20 ਅਰਬ ਡਾਲਰ ਅਮਰੀਕਾ ਵੱਲੋਂ ਦਿੱਤੇ ਜਾਣਗੇ। ਕੈਨੇਡਾ ਨੇ ਪਹਿਲੀ ਵਾਰ ਇਸ ਸਹਾਇਤਾ ਦੀ ਘੋਸ਼ਣਾ 2023 ਵਿੱਚ ਕੀਤੀ ਸੀ ਜਦੋਂ ਜੀ 7 ਦੇ ਮੀਟਿੰਗ ਦੌਰਾਨ ਇਹ ਸਹਾਇਤਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਸੀ। ਇਹ ਵੱਡੀ ਮਦਦ ਪਿਛਲੇ ਕੁਝ ਮਹੀਨਿਆਂ ਵਿੱਚ ਜੀ 7 ਦੇ ਸਹਿਯੋਗ ਨਾਲ ਯੂਕਰੇਨ ਦੇ ਰੂਸ ਦੇ ਹਮਲੇ ਤੋਂ ਬਚਾਅ ਲਈ ਕੀਤੀ ਗਈ ਹੈ। ਇਹ ਕਰਜ਼ਾ ਰੂਸ ਦੇ ਜਮਾਂ ਕੀਤੇ ਬੈਂਕ ਸਥਾਪਤ ਫੰਡਾਂ ਦੀ ਆਮਦਨ ਤੋਂ ਮਿਲਣ ਵਾਲੇ ਫਾਇਦਿਆਂ ਨਾਲ ਵਾਪਸ ਵਸੂਲਿਆ ਜਾਵੇਗਾ।

ਅਮਰੀਕੀ ਰਾਸ਼ਟਰਪਤੀ ਜੋ ਬਾਇਡਨ ਨੇ ਕਿਹਾ, "ਯੂਕਰੇਨ ਨੂੰ ਸਹਾਇਤਾ ਮਿਲੇਗੀ ਜਿਸ ਨਾਲ ਟੈਕਸ ਦੇਣ ਵਾਲਿਆਂ ਉੱਤੇ ਕੋਈ ਵੱਧ ਭਾਰ ਨਹੀਂ ਪਵੇਗਾ। ਇਹ ਕਰਜ਼ੇ ਯੂਕਰੇਨ ਦੇ ਲੋਕਾਂ ਦੀ ਰੱਖਿਆ ਅਤੇ ਮੁੜ-ਵਿਕਾਸ ਲਈ



ਸਹਾਇਕ ਹੋਣਗੇ। ਸਾਡੀ ਮਿਹਨਤ ਇਹ ਸਪੱਸ਼ਟ ਕਰਦੀ ਹੈ ਕਿ ਜਬਰ ਅਤੇ ਅਣ-ਅਧਿਕਾਰੀ ਨੁਕਸਾਨਾਂ ਲਈ ਰੂਸ ਖੁਦ ਜ਼ਿੰਮੇਵਾਰ ਹੋਵੇਗਾ।"

ਵਾਸ਼ਿੰਗਟਨ ਵਿੱਚ ਬੁੱਧਵਾਰ ਨੂੰ ਇਕ ਸਮਾਰੋਹ ਵਿੱਚ, ਅਮਰੀਕੀ ਖਜਾਨਾ ਸਕੱਤਰ ਜੈਨਟ ਯੈਲਨ ਅਤੇ ਯੂਕਰੇਨ ਦੇ ਵਿੱਤ ਮੰਤਰੀ ਸੇਰਗੇ ਮਾਰਚੇਨਕੋ ਨੇ ਇਸ ਗੱਲ ਦੀ ਲਿਖਤੀ ਪੁਸ਼ਟੀ ਕੀਤੀ ਕਿ ਇਹ ਕਰਜ਼ਾ ਅਮਰੀਕੀ ਟੈਕਸ ਪੇਅਰਾਂ ਦੇ ਪੈਸਿਆਂ ਨਾਲ ਨਹੀਂ, ਸਗੋਂ ਰੂਸ ਦੇ ਜਮਾਂ ਕੀਤੇ ਧਨ ਦੇ ਫਾਇਦਿਆਂ ਨਾਲ ਭਰਿਆ ਜਾਵੇਗਾ। ਇਸ ਤੋਂ ਇਲਾਵਾ, ਯੂਰਪ, ਯੂਨਾਈਟਿਡ ਕਿੰਗਡਮ, ਕੈਨੇਡਾ ਅਤੇ ਜਪਾਨ ਸਮੇਤ ਹੋਰ ਦੇਸ਼ਾਂ ਵੱਲੋਂ 30 ਅਰਬ ਡਾਲਰ ਦੀ ਸਹਾਇਤਾ ਮਿਲੇਗੀ। ਇਸ ਮੌਕੇ ਅਮਰੀਕੀ ਸਹਾਇਤਾ ਦਾ 20 ਅਰਬ ਡਾਲਰ ਦੇ ਹਿੱਸੇ ਨੂੰ ਯੂਕਰੇਨ ਦੀ ਆਰਥਿਕਤਾ ਅਤੇ ਫੌਜੀ ਸਹਾਇਤਾ ਵੱਲ ਵੰਡਣ ਦੀ ਯੋਜਨਾ 'ਤੇ ਵੀ ਵਿਚਾਰ ਕੀਤਾ ਗਿਆ। ਇਸ ਸਹਾਇਤਾ ਲਈ ਕਾਨੂੰਨੀ ਕਾਰਵਾਈ ਦੀ ਲੋੜ ਹੋਵੇਗੀ, ਅਤੇ ਰੱਖਿਆ ਸਕੱਤਰ ਲੌਇਡ ਆਸਟਿਨ ਨੇ ਕਿਹਾ ਕਿ ਜੰਗੀ ਸਾਮੱਗਰੀ ਵੰਡਣ ਲਈ ਕਈ ਹਫ਼ਤੇ ਜਾਂ ਮਹੀਨੇ ਲੱਗ ਸਕਦੇ ਹਨ। This report was written by Simranjit Singh as part of the Local Journalism Initiative.

A TO Z DRIVING SCHOOL




ਪੰਜਾਬੀ ਵਿੱਚ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰੋ
AIR BRAKE CLASS
ਟਰੱਕ ਦਾ ਲਾਇਸੈਂਸ ਲੈਣ ਲਈ ਮਿਲੋ
ਕਲਾਸ ਵਨ ਦਾ ਲਾਇਸੈਂਸ ਲੈਣ ਲਈ ਅੱਜ ਹੀ ਸੰਪਰਕ ਕਰੋ
ਪੰਜਾਬੀ ਵਿੱਚ ਵੀ ਪੜ੍ਹਾਇਆ ਜਾਂਦਾ ਹੈ।
ਵਾਜਬ ਰੇਟ ਅਤੇ ਵਧੀਆ ਸਰਵਿਸ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
ਲਰਨਿੰਗ ਲਾਇਸੈਂਸ ਲੈਣ ਲਈ ਵੀ ਸੰਪਰਕ ਕਰੋ
ਲੱਕੀ ਸੇਖੋਂ 604 614 5365

Keep Smiling Denture Clinic
Complete Denture · Implant Denture · Partial Denture
Care Home Mobile Service | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।



ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
SEMCD CERTIFIED CLINICIAN
Book Your Appointment
778-600-0811 | 778-600-0810
13117-67A Ave, Surrey, BC | 2644 Cyril St Abbotsford BC

ਸਫ਼ਾ 1 ਦਾ ਬਾਕੀ

## ਨਵਾਂ ਇਮੀਗੇਸ਼ਨ ਪਲਾਨ ਆਬਾਦੀ ਵਾਧੇ..

ਜਿਸ ਦਾ ਸਿੱਧਾ ਅਸਰ ਕੈਨੇਡਾ 'ਚ ਘਰਾਂ ਦੀ ਘਾਟ ਅਤੇ ਵੱਧ ਰਹੇ ਰੋਜ਼ਾਨਾ ਦੇ ਖਰਚਿਆਂ 'ਤੇ ਵੇਖਣ ਨੂੰ ਮਿਲਿਆ ਹੈ। ਸਟੈਟਿਸਟਿਕਸ ਕੈਨੇਡਾ ਦੀ ਰਿਪੋਰਟ ਅਨੁਸਾਰ, 1 ਜਨਵਰੀ, 2023 ਤੋਂ 1 ਜਨਵਰੀ, 2024 ਤੱਕ ਦੇ ਸਮੇਂ ਵਿੱਚ ਕੈਨੇਡਾ ਦੀ ਆਬਾਦੀ ਵਿੱਚ ਲਗਭਗ 1.3 ਮਿਲੀਅਨ ਦਾ ਵਾਧਾ ਹੋਇਆ। ਇਸ ਵਿੱਚੋਂ 97.6 ਪ੍ਰਤੀਸ਼ਤ ਵਾਧਾ ਇਮੀਗ੍ਰੇਸ਼ਨ ਰਾਹੀਂ ਹੋਇਆ। 472,000 ਸਥਾਈ ਪਰਵਾਸੀ ਅਤੇ 805,000 ਅਸਥਾਈ ਨਿਵਾਸੀ ਇਸ ਦੌਰਾਨ ਕੈਨੇਡਾ ਵਿੱਚ ਆਏ।

ਇਸ ਤੇਜ਼ੀ ਵਧ ਰਹੀ ਆਬਾਦੀ ਨੇ ਕੈਨੇਡਾ ਦੇ ਬੁਨਿਆਦੀ ਢਾਂਚੇ, ਖਾਸ ਤੌਰ 'ਤੇ ਹਾਊਸਿੰਗ, 'ਤੇ ਵੱਡਾ ਦਬਾਅ ਪਾਇਆ ਹੈ। ਹਾਊਸਿੰਗ ਦੀ ਘਾਟ ਕਾਰਨ ਕਈ ਨਵੇਂ ਆਏ ਪਰਵਾਸੀਆਂ ਅਤੇ ਨਾਗਰਿਕਾਂ ਨੂੰ ਰਿਹਾਇਸ਼ ਸੰਬੰਧੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਥਿਤੀ ਨੂੰ ਮੱਦੇਨਜ਼ਰ ਰੱਖਦਿਆਂ, ਨਵੇਂ ਇਮੀਗ੍ਰੇਸ਼ਨ ਪਲਾਨ ਅਧੀਨ ਸਰਕਾਰ ਨੇ ਇਮੀਗ੍ਰੇਸ਼ਨ ਦੀਆਂ ਦਰਾਂ ਨੂੰ ਵਾਧੇ ਤੋਂ ਰੋਕਣ ਲਈ ਨਵੇਂ ਉਪਾਅ ਲਾਏ ਹਨ।

ਪ੍ਰੈੱਸ ਰਿਲੀਜ਼ ਅਨੁਸਾਰ, ਨਵੇਂ ਇਮੀਗ੍ਰੇਸ਼ਨ ਪਲਾਨ ਨਾਲ ਅਗਲੇ ਦੋ ਸਾਲਾਂ ਵਿੱਚ ਕੈਨੇਡਾ ਦੀ ਆਬਾਦੀ ਵਿੱਚ 0.2% ਤੱਕ ਘੱਟ ਕਰਨ ਦਾ ਟੀਚਾ ਹੈ। ਇਸ ਨਾਲ ਹਾਊਸਿੰਗ ਸਪਲਾਈ 'ਤੇ ਹੋਣ ਵਾਲੇ ਦਬਾਅ ਵਿੱਚ ਵਾਧਾ ਨਹੀਂ ਹੋਵੇਗਾ, ਅਤੇ ਸਰਕਾਰ ਦਾ ਟੀਚਾ ਹੈ ਕਿ ਅਗਲੇ ਕੁਝ ਸਾਲਾਂ ਵਿੱਚ ਲਗਭਗ 670,000 ਨਵੇਂ ਘਰਾਂ ਦੀ ਲੋੜ ਨਹੀਂ ਰਹੇਗੀ।

ਇਹ ਯੋਜਨਾ ਉਸ ਹਾਲੀਆ ਐਲਾਨ ਦਾ ਹਿੱਸਾ ਹੈ, ਜਿਸ ਵਿੱਚ ਕੈਨੇਡਾ ਨੇ ਕਿਹਾ ਸੀ ਕਿ ਉਹ ਅਸਥਾਈ ਵਿਦੇਸ਼ੀ ਕਾਮਿਆਂ ਦੀ ਗਿਣਤੀ ਘਟਾਈ ਜਾਵੇਗੀ।

ਜ਼ਿਕਰਯੋਗ ਹੈ ਕਿ ਕੋਵਿਡ-19 ਤੋਂ ਬਾਅਦ ਦੇ ਕਾਮਿਆਂ ਦੀ ਘਾਟ ਦੌਰਾਨ, ਕੈਨੇਡਾ ਨੇ ਅਸਥਾਈ ਵਿਦੇਸ਼ੀ ਕਾਮਿਆਂ ਬਾਬਤ ਨਿਯਮਾਂ ਵਿੱਚ ਢਿੱਲ ਦਿੱਤੀ ਸੀ। ਇਸ ਨਾਲ ਘੱਟ ਤਨਖਾਹ ਵਾਲੇ ਕਾਮਿਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਸੀ। ਹੁਣ, ਇਹ ਕਟੌਤੀਆਂ ਅਸਥਾਈ ਕਾਮਿਆਂ ਦੀਆਂ ਮਿਯਾਦਾਂ ਵਿੱਚ ਸਖ਼ਤੀ ਲਈਆਂ ਜਾ ਰਹੀਆਂ ਹਨ। ਇਸ ਨਾਲ ਹਾਊਸਿੰਗ ਅਤੇ ਰਿਸੋਰਸਜ਼ 'ਤੇ ਹੋ ਰਹੇ ਦਬਾਅ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਸਰਕਾਰ ਦਾ ਕਹਿਣਾ ਹੈ ਕਿ ਕੈਨੇਡੀਅਨ ਲੋਕ ਇੱਕ ਟਿਕਾਊ ਅਤੇ ਪ੍ਰਬੰਧਿਤ ਇਮੀਗ੍ਰੇਸ਼ਨ ਪ੍ਰਣਾਲੀ ਚਾਹੁੰਦੇ ਹਨ ਜੋ ਦੇਸ਼ ਦੀ ਲੰਬੇ ਸਮੇਂ ਦੀ ਸਫਲਤਾ ਲਈ ਜ਼ਰੂਰੀ ਹੈ। ਉਨ੍ਹਾਂ ਦਾ ਧਿਆਨ ਹੈ ਕਿ ਨਵੇਂ ਆਉਣ ਵਾਲੇ ਲੋਕਾਂ ਨੂੰ ਚੰਗੇ ਤਰੀਕੇ ਨਾਲ ਇੱਕਸਾਰ ਕੀਤਾ ਜਾਵੇ, ਤਾਂ ਜੋ ਉਹ ਸਫਲਤਾ ਹਾਸਲ ਕਰਨ ਦੇ ਯੋਗ ਹੋਣ।

ਅਸਥਾਈ ਨਿਵਾਸੀਆਂ ਦੀ ਗਿਣਤੀ ਨੂੰ ਕਾਬੂ ਵਿੱਚ ਕਰਨ ਲਈ, ਕੈਨੇਡਾ ਸਰਕਾਰ ਨੇ ਸਟਡੀ ਵੀਜ਼ਿਆਂ ਲਈ ਵੀ ਕੈਪ ਲਗਾ ਦਿੱਤੀ ਹੈ। ਇਹ ਵੀਜ਼ਾ ਕੈਪ ਕੈਨੇਡਾ ਦੇ ਹਾਊਸਿੰਗ ਅਤੇ ਸਮਾਜਕ ਸਰੋਤਾਂ 'ਤੇ ਪੈਣ ਵਾਲੇ ਅਸਰਾਂ ਨੂੰ ਘਟਾਉਣ ਲਈ ਲਗਾਈ ਗਈ ਹੈ।

ਇਸ ਨਵੇਂ ਇਮੀਗ੍ਰੇਸ਼ਨ ਪਲਾਨ ਨਾਲ, ਸਰਕਾਰ ਨੇ ਇਹ ਸਪੱਸ਼ਟ ਕੀਤਾ ਹੈ ਕਿ ਉਹ ਅਪਣੇ ਨਾਗਰਿਕਾਂ ਅਤੇ ਨਵੇਂ ਆਉਣ ਵਾਲੇ ਲੋਕਾਂ ਲਈ ਇਕ ਸਥਿਰ ਅਤੇ ਟਿਕਾਊ ਆਧਾਰ ਮੁਹੱਈਆ ਕਰਨ ਲਈ ਸੰਕਲਪਿਤ ਹੈ।

## ਬ੍ਰੈਂਪਟਨ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ..

ਦੇ ਹੱਲ ਲਈ ਯਤਨ ਕਰਦੇ ਆਏ ਹਨ। ਬ੍ਰੈਂਪਟਨ ਦੇ ਸਮਾਜਿਕ ਸੇਵਾ ਅਧਿਕਾਰੀਆਂ ਦੇ ਮੁਤਾਬਕ, ਨੌਜਵਾਨ ਅਤੇ ਨਾਜ਼ੁਕ ਅੰਤਰਰਾਸ਼ਟਰੀ ਵਿਦਿਆਰਥੀ, ਖਾਸਕਰ ਔਰਤਾਂ ਦੀਆਂ ਮਾਨਸਕਤਾ ਵਾਲੇ ਮਾਲਕਾਂ, ਨੌਕਰੀਦਾਤਾ ਅਤੇ ਧੋਖੇਬਾਜ਼ ਸਾਥੀਆਂ ਦੇ ਹੱਥਾਂ ਵਿੱਚ ਫਸ ਰਹੇ ਹਨ, ਜੋ ਉਨ੍ਹਾਂ ਨੂੰ ਸ਼ੋਸ਼ਣ ਵਿੱਚ ਧੱਕ ਰਹੇ ਹਨ ਜਿਸ ਤੋਂ ਬਾਅਦ ਅੰਤਰਰਾਸ਼ਟਰੀ ਵਿਦਿਆਰਥੀ ਮਾਨਸਿਕ ਤਣਾਓ ਦਾ ਸ਼ਿਕਾਰ ਹੁੰਦੇ ਹਨ। ਕਈ ਤਸਕਰ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਨ ਲਈ ਲਾਭਦਾਇਕ ਨੌਕਰੀਆਂ ਜਾਂ ਕਿਰਾਏ ਵਿੱਚ ਛੂਟ ਦਾ ਵਾਅਦਾ ਕਰਦੇ ਹਨ, ਅਤੇ ਫਿਰ ਉਨ੍ਹਾਂ ਨੂੰ ਯੌਨ ਕਾਰੋਬਾਰ ਵਿੱਚ ਦਬਾਉਂਦੇ ਹਨ।

ਇਹ ਲੋਕ ਜਦੋਂ ਵਿਦਿਆਰਥੀਆਂ ਨੂੰ ਫਸਾ ਲੈਂਦੇ ਹਨ, ਤਾਂ ਉਨ੍ਹਾਂ ਨੂੰ ਹਿੰਸਾ ਜਾਂ ਦੇਸ਼ ਬਾਹਰ ਭੇਜਣ ਦੀ ਧਮਕੀ ਦੇ ਕੇ ਉਨ੍ਹਾਂ ਨੂੰ ਚੁੱਪ ਰਹਿਣ ਲਈ ਮਜਬੂਰ ਕਰਦੇ ਹਨ। ਬ੍ਰੈਂਪਟਨ ਸਿਟੀ ਕੌਂਸਲਰ ਰੋਵੇਨਾ ਸੈਂਟੋਸ ਨੇ ਬੁੱਧਵਾਰ ਨੂੰ ਪੇਸ਼ ਕੀਤੇ ਗਏ ਇੱਕ ਮੋਸ਼ਨ ਵਿੱਚ ਸਪੱਸ਼ਟ ਕੀਤਾ ਕਿ ਸੂਬਾਈ ਅਤੇ ਫੈਡਰਲ ਸਰਕਾਰਾਂ ਨੂੰ ਵੀ ਇਸ ਮੁੱਦੇ ਨੂੰ ਹੱਲ ਕਰਨ ਲਈ ਸਹਿਯੋਗ ਦੇਣਾ ਚਾਹੀਦਾ ਹੈ।

ਸੈਂਟੋਸ ਨੇ ਕਿਹਾ, "ਬ੍ਰੈਂਪਟਨ ਇਸ ਸਮੱਸਿਆ ਦਾ ਇਕੱਲੇ ਹੱਲ ਨਹੀਂ ਕਰ ਸਕਦਾ। ਇਹ ਸਮੱਸਿਆ ਸਾਡੇ ਹਵਾਲੇ ਕੀਤੀ ਗਈ ਹੈ, ਅਤੇ ਹੁਣ ਜੁਰਿਸਡਿਕਸ਼ਨ ਵਾਲਿਆਂ ਨੂੰ ਇਸ ਵਿਰੁੱਧ ਗੰਭੀਰ ਕਦਮ ਚੁੱਕਣ ਦੀ ਲੋੜ ਹੈ।" ਫੈਡਰਲ ਸਰਕਾਰ ਦੁਆਰਾ ਹਰ ਸਾਲ ਜਾਰੀ ਕੀਤੇ ਜਾਣ ਵਾਲੇ ਅਧਿਐਨ ਪ੍ਰਮਿਟਾਂ ਦੀ ਗਿਣਤੀ ਵਿੱਚ ਵਾਧਾ ਹੋਣ ਨਾਲ ਵਿਦਿਆਰਥੀਆਂ ਦੀ ਜਨਸੰਖਿਆ ਵਧੀ ਹੈ, ਪਰ ਇਸ ਨਾਲ ਸਥਾਨਕ ਸਰਕਾਰਾਂ ਨੂੰ ਆਵਾਸ ਅਤੇ ਸਮਾਜਿਕ ਸੇਵਾਵਾਂ ਪ੍ਰਦਾਨ ਕਰਨ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 2023 ਦੇ ਅੰਤ ਤੱਕ, ਕੈਨੇਡਾ ਵਿੱਚ ਇੱਕ ਮਿਲੀਅਨ ਤੋਂ ਵੱਧ ਅੰਤਰਰਾਸ਼ਟਰੀ ਵਿਦਿਆਰਥੀ ਸਨ, ਜਿਸ ਵਿੱਚੋਂ 500,000 ਤੋਂ ਵੱਧ ਸਿਰਫ਼ ਓਨਟਾਰੀਓ ਵਿੱਚ ਸਨ। ਬ੍ਰੈਂਪਟਨ ਵਿੱਚ ਇਨ੍ਹਾਂ ਵਿਦਿਆਰਥੀਆਂ ਦੀ ਵੱਡੀ ਗਿਣਤੀ ਰਹਿੰਦੀ ਹੈ, ਜੋ ਮੁੱਖ ਤੌਰ 'ਤੇ ਭਾਰਤ ਤੋਂ ਆਏ ਹਨ। This report was written by Simranjit Singh as part of the Local Journalism Initiative.

# ਵਿਦਿਆਰਥੀਆਂ ਦੀ ਗਿਣਤੀ ਵਧਣ ਕਾਰਨ ਸਮੇਂ-ਸਾਰਣੀ ਤਬਦੀਲ ਕਰਨਗੇ ਬਰਨਬੀ ਦੇ ਸਕੂਲ

ਸਰੀ, (ਸਿਮਰਨਜੀਤ ਸਿੰਘ): ਵਿਦਿਆਰਥੀਆਂ ਦੀ ਗਿਣਤੀ ਵੱਧਣ ਕਾਰਨ ਬਰਨਾਬੀ ਜ਼ਿਲ੍ਹਾ ਸਕੂਲ ਨੇ ਹਾਲ ਹੀ ਦੇ ਦਿਨਾਂ ਵਿੱਚ ਆਪਣੇ ਸਕੂਲ ਦੇ ਹਾਲਾਤਾਂ ਨੂੰ ਸੰਭਾਲਣ ਲਈ ਸਕੂਲ ਦੀ ਸਮੇ-ਸਾਰਣੀ ਨੂੰ ਵਧਾਉਣ ਦੀ ਯੋਜਨਾ 'ਤੇ ਵਿਚਾਰ ਕੀਤਾ ਹੈ, ਕਿਉਂਕਿ ਇਸ ਜ਼ਿਲ੍ਹੇ ਵਿੱਚ ਵਧ ਰਹੀ ਵਿਦਿਆਰਥੀਆਂ ਦੀ ਗਿਣਤੀ ਕਾਰਨ ਸਕੂਲਾਂ ਨੂੰ ਜ਼ਿਆਦਾ ਭੀੜ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜ਼ਿਲ੍ਹੇ ਕਮੇਟੀ ਦਾ ਕਹਿਣਾ ਹੈ 8 ਸੈਕੰਡਰੀ ਸਕੂਲਾਂ ਵਿੱਚ ਵਿਦਿਆਰਥੀ ਗਿਣਤੀ ਕਾਫੀ ਵਧ ਰਹੀ ਹੈ, ਜਿਸ ਕਾਰਨ ਆਉਣ ਵਾਲੇ ਸਾਲ ਤੋਂ ਹਰ ਰੋਜ਼ ਇੱਕ ਵਾਧੂ ਸਮੇਂ-ਸਾਰਣੀ ਸ਼ਾਮਲ ਕਰਨ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ।

ਇਸ ਦਾ ਮਤਲਬ ਹੈ ਕਿ ਸਕੂਲ ਸ਼ੁਰੂ ਅਤੇ ਖਤਮ ਹੋਣ ਦੇ ਸਮਿਆਂ ਵਿੱਚ ਤਬਦੀਲੀ ਕੀਤੀ ਜਾਵੇਗੀ ਅਤੇ ਵਿਦਿਆਰਥੀਆਂ ਨੂੰ ਅਲੱਗ-ਅਲੱਗ ਸਮਿਆਂ ਵਿੱਚ ਕਲਾਸਾਂ ਲਈ ਆਉਣਾ ਹੋਵੇਗਾ। ਬਰਨਾਬੀ ਸਕੂਲ ਜ਼ਿਲ੍ਹਾ ਦੇ ਸੁਪਰਿਟੈਂਡੈਂਟ ਕਰੀਮ ਅਕਲਾਫ ਨੇ ਕਿਹਾ ਕਿ ਪ੍ਰਬੰਧਕ ਇਹ ਸੁਰੱਖਿਅਤ ਕਰ ਰਹੇ ਹਨ ਕਿ ਇਹ ਬਦਲਾਅ ਵਿਦਿਆਰਥੀਆਂ ਅਤੇ ਪਰਿਵਾਰਾਂ ਲਈ ਘੱਟ ਤੋਂ ਘੱਟ ਪ੍ਰੇਸ਼ਾਨੀ ਦਾ ਕਾਰਨ ਬਣੇ।

ਦੂਜੇ ਪਾਸੇ, ਮਾਤਾ-ਪਿਤਾ ਇਸ ਤਬਦੀਲੀ ਨੂੰ ਲੈ ਕੇ ਚਿੰਤਾ ਜ਼ਾਹਰ ਕਰ ਰਹੇ ਹਨ, ਕਿਉਂਕਿ ਇਹਨਾਂ ਤਬਦੀਲੀਆਂ ਨਾਲ ਬੱਚਿਆਂ ਅਤੇ ਪਰਿਵਾਰਾਂ ਲਈ ਮਜੂਦਾ ਤਣਾਅ ਵਿੱਚ ਹੋਰ ਵਾਧਾ ਹੋ ਸਕਦਾ ਹੈ। ਉਹਨਾਂ ਇਹ ਵੀ ਕਿਹਾ ਕਿ ਸਰਕਾਰੀ ਸਕੂਲ ਸਿਸਟਮ ਨੂੰ ਪਿਛਲੇ ਕਈ ਦਹਾਕਿਆਂ ਤੋਂ ਠੀਕ ਤਰ੍ਹਾਂ ਫੰਡ ਨਹੀਂ ਦਿੱਤੇ ਗਏ ਹਨ, ਜਿਸ ਦਾ ਨਤੀਜਾ ਹੈ ਕਿ ਹੁਣ ਸਕੂਲਾਂ ਵਿੱਚ ਪੋਰਟੇਬਲ ਕਲਾਸਰੂਮ ਵਰਤਣ ਦੀ ਲੋੜ ਪੈ ਰਹੀ ਹੈ। ਬਰਨਾਬੀ ਨਾਰਥ ਸਕੂਲ ਦਾ ਜ਼ਿਕਰ ਕਰਦੇ ਹੋਏ, ਉਨ੍ਹਾਂ ਕਿਹਾ ਕਿ ਇਹ ਸਕੂਲ ਠੀਕ ਤਰ੍ਹਾਂ ਬਣਿਆ ਨਹੀਂ, ਅਤੇ ਜਦੋਂ ਇਹ ਖੁਲਿਆ ਸੀ, ਤਦ ਹੀ ਇਸਦੀ ਜਰੂਰਤ ਤੋਂ ਵੱਧ ਵਿਦਿਆਰਥੀਆਂ ਲਈ ਪੋਰਟੇਬਲ ਰੂਮ ਵਰਤਣੇ ਪਏ ਪੈ ਗਏ ਸਨ। This report was written by Simranjit Singh as part of the Local Journalism Initiative.













ਕੈਨੇਡੀਅਨ
ਪੰਜਾਬ ਟਾਈਮਜ਼
Canadian Punjab Times

• Brar Bhagta Bhai Ka
Editor
604-751-1113

Funded by the Government of Canada | Financé par le gouvernement du Canada | Canada

• Karamjit Singh Buttar
Journalist
• Simranjit Singh
Journalist
• Dr. Puran Singh
Writer
• Gora Sandhu Khurd
News Reporter (Punjab)
• Paramjit Singh
Graphic Designer

Contact for Advertisement
604-338-7310

ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

The Canadian Punjab Times is not responsible or legally liable for any news, articles, advertisements or typing mistakes in the news or articles.

Canadian Punjab Times Inc.
(Punjabi Newspaper)
Website :
www.thepunjabtimes.ca
E-mail :
canadianpunjabtimes@gmail.com

Please Note:

The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed.

Publisher is not responsible in any mishappening between the customer and Advertiser.

ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।

# ਬੀ.ਸੀ. ਚੋਣਾਂ 'ਚ ਪੰਜਾਬੀ ਉਮੀਦਵਾਰਾਂ ਦਾ ਲੇਖਾ-ਜੋਖਾ

ਲੇਖਕ : ਉਜਾਗਰ ਸਿੰਘ
ਸੰਪਰਕ : 94178 13072

ਸੰਸਾਰ ਵਿਚ ਸਭ ਤੋਂ ਵੱਧ ਭਾਰਤੀ/ਪੰਜਾਬੀ ਕੈਨੇਡਾ ਵਿਚ ਹਨ। ਕੈਨੇਡਾ ਦੇ ਵਿਕਾਸ ਵਿਚ ਪੰਜਾਬੀਆਂ ਨੇ ਵੱਡੀਆਂ ਮੱਲਾਂ ਮਾਰੀਆਂ ਹਨ। ਉਨ੍ਹਾਂ ਨੇ ਕੈਨੇਡਾ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿਚ ਵਿਲੱਖਣ ਯੋਗਦਾਨ ਪਾਇਆ ਹੈ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ (ਬੀਸੀ) ਸੂਬੇ ਦੀ 43ਵੀਂ ਵਿਧਾਨ ਸਭਾ ਦੀਆਂ ਚੋਣਾਂ ਹੁਣੇ ਹੀ ਅਕਤੂਬਰ 2024 ਵਿਚ ਹੋਈਆਂ ਹਨ। ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਇਸ ਵਾਰ ਕੁੱਲ 3550017 ਵੋਟਰਾਂ ਵਿੱਚੋਂ 2038075 ਵੋਟਰਾਂ ਭਾਵ 47.41 ਫ਼ੀਸਦੀ ਵੋਟਾਂ ਪੋਲ ਹੋਈਆਂ ਹਨ ਜਦਕਿ 2020 ਵਿਚ 47.69 ਫ਼ੀਸਦੀ ਵੋਟਾਂ ਪਈਆਂ ਸਨ। ਇਨ੍ਹਾਂ ਚੋਣਾਂ ਵਿਚ ਪਹਿਲੀ ਵਾਰ ਭਾਰਤੀਆਂ/ਪੰਜਾਬੀਆਂ/ਸਿੱਖਾਂ ਨੇ 14 ਸੀਟਾਂ ਜਿੱਤ ਕੇ ਇਤਿਹਾਸ ਸਿਰਜਿਆ ਹੈ।

ਇਸ ਤੋਂ ਪਹਿਲਾਂ ਉਨ੍ਹਾਂ ਕਦੇ ਵੀ ਇੰਨੀਆਂ ਸੀਟਾਂ ਨਹੀਂ ਜਿੱਤੀਆਂ ਸਨ। ਸਾਲ 2021 ਦੀ ਜਨਗਣਨਾ ਅਨੁਸਾਰ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਭਾਰਤੀਆਂ/ਪੰਜਾਬੀਆਂ/ਸਿੱਖਾਂ ਦੀ ਵਸੋਂ ਸਿਰਫ਼ 2 ਫ਼ੀਸਦੀ ਹੈ ਜਦਕਿ ਉਨ੍ਹਾਂ ਨੇ ਵਿਧਾਨ ਸਭਾ ਦੀਆਂ 15 ਫ਼ੀਸਦੀ ਸੀਟਾਂ ਜਿੱਤ ਕੇ ਵੱਡਾ ਮਾਅਰਕਾ ਮਾਰਿਆ ਹੈ। ਜਗਮੀਤ ਸਿੰਘ ਕੈਨੇਡਾ ਦੀ ਨਿਊ ਡੈਮੋਕਰੈਟਿਕ ਪਾਰਟੀ ਦਾ ਪ੍ਰਧਾਨ ਹੈ। ਇਨ੍ਹਾਂ ਨਤੀਜਿਆਂ ਨੇ ਕੈਨੇਡੀਅਨਾਂ ਨੂੰ ਹੈਰਾਨ ਤੇ ਪਰੇਸ਼ਾਨ ਕਰ ਦਿੱਤਾ ਹੈ।

ਸੈਂਤੀ ਪੰਜਾਬੀਆਂ/ਸਿੱਖਾਂ ਨੇ ਐੱਨਡੀਪੀ ਅਤੇ ਕੰਜ਼ਰਵੇਟਿਵ ਪਾਰਟੀ ਵੱਲੋਂ ਚੋਣ ਲੜੀ ਸੀ ਜਿਨ੍ਹਾਂ ਵਿੱਚੋਂ 14 ਨੇ ਆਪੋ-ਆਪਣੀਆਂ ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਹੈ। ਇਨ੍ਹਾਂ ਵਿਚ ਐੱਨਡੀਪੀ ਦੇ 9 ਅਤੇ ਕੰਜ਼ਰਵੇਟਿਵ ਪਾਰਟੀ ਦੇ 5 ਉਮੀਦਵਾਰ ਚੋਣ ਜਿੱਤੇ ਹਨ। ਇਸ ਤਰ੍ਹਾਂ ਪੰਜਾਬੀਆਂ/ਸਿੱਖਾਂ ਨੇ 93 ਸੀਟਾਂ ਵਿੱਚੋਂ 15 ਫ਼ੀਸਦੀ ਸੀਟਾਂ 'ਤੇ ਜਿੱਤ ਪ੍ਰਾਪਤ ਕਰ ਕੇ ਕਮਾਲ ਕਰ ਦਿੱਤੀ ਹੈ। ਇਨ੍ਹਾਂ ਜਿੱਤਣ ਵਾਲੇ 14 ਵਿਧਾਨਕਾਰਾਂ ਵਿਚ 8 ਮਰਦ ਅਤੇ 6 ਇਸਤਰੀਆਂ ਹਨ।

ਸੰਨ 2020 ਦੀਆਂ ਵਿਧਾਨ ਸਭਾ ਚੋਣਾਂ ਵਿਚ ਸਿਰਫ਼ 9 ਪੰਜਾਬੀ/ਸਿੱਖ ਉਮੀਦਵਾਰ ਜਿੱਤ ਸਕੇ ਸਨ। ਅਜੇ ਤੱਕ ਕਿਸੇ ਪਾਰਟੀ ਨੂੰ ਬਹੁਮਤ ਨਹੀਂ ਮਿਲਿਆ ਜਦਕਿ 11 ਸੀਟਾਂ ਦੇ ਨਤੀਜੇ ਅਜੇ ਬਾਕੀ ਰਹਿੰਦੇ ਹਨ। ਨਿਊ ਡੈਮੋਕ੍ਰੈਟਿਕ ਪਾਰਟੀ ਨੇ ਹੁਣ ਤੱਕ 40 ਸੀਟਾਂ ਜਿੱਤੀਆਂ ਅਤੇ 6 ਸੀਟਾਂ 'ਤੇ ਉਹ ਲੀਡ ਕਰ ਰਹੇ ਹਨ। ਐੱਨਡੀਪੀ ਨੂੰ 44.60 ਫ਼ੀਸਦੀ ਵੋਟਾਂ ਪਈਆਂ ਹਨ। ਕੰਜ਼ਰਵੇਟਿਵ ਪਾਰਟੀ ਨੇ ਵੀ 40 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਹੈ ਪ੍ਰੰਤੂ ਉਨ੍ਹਾਂ ਦੇ ਉਮੀਦਵਾਰ 5 ਸੀਟਾਂ 'ਤੇ ਲੀਡ ਕਰ ਰਹੇ ਹਨ। ਉਨ੍ਹਾਂ ਨੂੰ 43.57 ਫ਼ੀਸਦੀ ਵੋਟਾਂ ਪੋਲ ਹੋਈਆਂ ਹਨ।

ਦੋਹਾਂ ਪਾਰਟੀਆਂ ਨੂੰ ਪੋਲ ਹੋਈਆਂ ਵੋਟਾਂ ਤੋਂ ਪਤਾ ਲੱਗਦਾ ਹੈ ਕਿ ਕੰਜ਼ਰਵੇਟਿਵ ਪਾਰਟੀ ਨੂੰ ਸਿਰਫ਼ 1 ਫ਼ੀਸਦੀ ਘੱਟ ਵੋਟਾਂ ਪਈਆਂ ਹਨ। ਦੋਹਾਂ ਦੀ ਬਰਾਬਰ ਦੀ ਟੱਕਰ ਰਹੀ ਹੈ। ਦੋ ਸੀਟਾਂ ਗਰੀਨ ਪਾਰਟੀ ਨੇ ਜਿੱਤੀਆਂ ਹਨ। ਉਨ੍ਹਾਂ ਨੂੰ 8.19 ਫ਼ੀਸਦੀ ਵੋਟਾਂ ਪੋਲ ਹੋਈਆਂ ਹਨ। ਜਿਹੜੀਆਂ 11 ਸੀਟਾਂ 'ਤੇ ਦੋਹਾਂ ਪਾਰਟੀਆਂ ਦੇ ਉਮੀਦਵਾਰ ਲੀਡ ਕਰ ਰਹੇ ਹਨ, ਉਨ੍ਹਾਂ ਦਾ ਨਤੀਜਾ ਡਾਕ ਰਾਹੀਂ






ਆਉਣ ਵਾਲੀਆਂ ਵੋਟਾਂ ਦੀ ਗਿਣਤੀ ਤੋਂ ਬਾਅਦ 26 ਅਕਤੂਬਰ ਨੂੰ ਪਤਾ ਲੱਗੇਗਾ।

ਜੇਕਰ ਇਹ ਦੋਵੇਂ ਪਾਰਟੀਆਂ ਜਿਹੜੀਆਂ ਸੀਟਾਂ 'ਤੇ ਲੀਡ ਕਰ ਰਹੀਆਂ ਹਨ, ਚੋਣ ਜਿੱਤ ਵੀ ਜਾਣ ਤਾਂ ਵੀ ਕਿਸੇ ਪਾਰਟੀ ਨੂੰ ਬਹੁਮਤ ਨਹੀਂ ਮਿਲੇਗਾ। ਸਰਕਾਰ ਬਣਾਉਣ ਲਈ ਤਾਕਤ ਗਰੀਨ ਪਾਰਟੀ ਦੇ ਹੱਥ ਵਿਚ ਹੋਵੇਗੀ ਕਿਉਂਕਿ 93 ਮੈਂਬਰੀ ਵਿਧਾਨ ਸਭਾ ਵਿਚ ਸਰਕਾਰ ਬਣਾਉਣ ਲਈ 47 ਮੈਂਬਰਾਂ ਦੀ ਹਮਾਇਤ ਜ਼ਰੂਰੀ ਹੈ।

ਸੰਨ 2020 ਵਿਚ ਐੱਨਡੀਪੀ ਨੇ 47 ਫ਼ੀਸਦੀ ਵੋਟਾਂ ਲੈ ਕੇ 57 ਸੀਟਾਂ ਜਿੱਤੀਆਂ ਸਨ। ਕੰਜ਼ਰਵੇਟਿਵ ਪਾਰਟੀ ਨੇ 33 ਫ਼ੀਸਦੀ ਵੋਟਾਂ ਲੈ ਕੇ 28 ਸੀਟਾਂ ਜਿੱਤੀਆਂ ਸਨ। ਗਰੀਨ ਪਾਰਟੀ ਨੇ ਪਹਿਲਾਂ ਵੀ 2 ਸੀਟਾਂ ਜਿੱਤੀਆਂ ਸਨ ਤੇ ਇਸ ਵਾਰ ਵੀ 2 ਹੀ ਜਿੱਤੀਆਂ ਹਨ ਤੇ ਵੋਟਾਂ ਦੀ ਪ੍ਰਤੀਸ਼ਤਤਾ ਵੀ ਦੋਵੇਂ ਵਾਰ ਬਰਾਬਰ ਹੈ। ਕੰਜ਼ਰਵੇਟਿਵ ਪਾਰਟੀ ਨੂੰ ਹੁਣ ਤੱਕ ਦੇ ਨਤੀਜਿਆਂ ਮੁਤਾਬਕ 12 ਸੀਟਾਂ ਦਾ ਲਾਭ ਹੋਇਆ ਹੈ ਤੇ ਐੱਨਡੀਪੀ ਨੂੰ 17 ਸੀਟਾਂ ਦਾ ਨੁਕਸਾਨ ਹੋ ਰਿਹਾ ਹੈ। ਪਹਿਲੀ ਵਾਰ ਪੰਜਾਬੀਆਂ/ਸਿੱਖਾਂ ਨੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ ਤੇ ਉਹ ਵੱਡੀ ਮਾਤਰਾ ਵਿਚ ਪ੍ਰਤੀਨਿਧਤਾ ਕਰਨ ਜਾ ਰਹੇ ਹਨ।

ਪੰਜਾਬੀ ਉੱਜਲ ਦੁਸਾਂਝ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਮੁੱਖ ਮੰਤਰੀ ਅਰਥਾਤ ਪ੍ਰੀਮੀਅਰ ਰਹੇ ਹਨ। ਇਸ ਤੋਂ ਇਲਾਵਾ ਬਹੁਤ ਸਾਰੇ ਪੰਜਾਬੀ/ਸਿੱਖ ਪਹਿਲਾਂ ਵੀ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਮੰਤਰੀ ਰਹੇ ਹਨ।

ਵਿਧਾਨ ਸਭਾ ਦੀ ਚੋਣ ਜਿੱਤੇ ਉਮੀਦਵਾਰਾਂ 'ਚ ਐੱਨਡੀਪੀ ਦੇ ਲੁਧਿਆਣਾ ਜ਼ਿਲ੍ਹੇ ਦੇ ਗਹੌਰ ਪਿੰਡ ਦੇ ਜੰਮਪਲ ਬਰਨਬੀ ਨਿਊਵੈਸਟ ਹਲਕੇ ਤੋਂ ਰਾਜ ਚੌਹਾਨ ਨੇ ਦਿੱਲੀ ਦੇ ਜੰਮਪਲ ਤੇ ਕੰਜ਼ਰਵੇਟਿਵ ਪਾਰਟੀ ਦੇ ਦੀਪਕ ਸੂਰੀ, ਬਠਿੰਡਾ ਜ਼ਿਲ੍ਹੇ ਦੇ ਪਿੰਡ ਦਿਓਣ ਦੇ ਸਰੀ ਫਲੀਟਵੁੱਡ ਹਲਕੇ ਤੋਂ ਜਗਰੂਪ ਸਿੰਘ ਬਰਾੜ ਨੇ ਜ਼ਿਲ੍ਹਾ ਮੋਗਾ ਦੇ ਪਿੰਡ ਕਾਲੇਕਾ ਦੇ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਅਵਤਾਰ ਸਿੰਘ ਗਿੱਲ, ਜ਼ਿਲ੍ਹਾ ਜਲੰਧਰ ਦੇ ਪਿੰਡ ਸੁੰਨੜ ਕਲਾਂ ਦੀ ਮਨੁੱਖੀ ਅਧਿਕਾਰਾਂ ਦੀ ਉੱਘੀ ਵਕੀਲ ਜਸਪ੍ਰੀਤ ਕੌਰ ਜੈਸੀ ਸੁੰਨੜ ਨੇ ਸਰੀ ਨਿਊਟਨ ਤੋਂ ਬਟਾਲਾ ਨਜ਼ਦੀਕ ਪਿੰਡ ਸ਼ੇਖ਼ੂਪੁਰ ਦੇ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਤੇਗਜੋਤ ਬੱਲ ਅਤੇ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਭਾਗੋਵਾਲ ਦੇ ਰਵਿੰਦਰ ਸਿੰਘ ਰਵੀ ਕਾਹਲੋਂ ਨੇ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਰਾਜ ਵੈਔਲੀ ਨੂੰ ਹਰਾ ਕੇ ਜਿੱਤ ਹਾਸਲ ਕੀਤੀ ਹੈ।

ਐੱਨਡੀਪੀ ਪਾਰਟੀ ਦੇ ਲੁਧਿਆਣਾ ਨਾਲ ਸਬੰਧਤ ਅਟਾਰਨੀ ਜਨਰਲ ਨਿੱਕੀ ਸ਼ਰਮਾ ਵੈਨਕੂਵਰ ਹੇਸਟਿੰਗਜ਼, ਜਗਰਾਉਂ ਦੀ ਧੀ ਉੱਘੀ ਸਮਾਜ ਸੇਵਿਕਾ ਸੁਨੀਤਾ ਧੀਰ ਵੈਨਕੂਵਰ ਲੰਗਾਰਾ, ਮਾਹਿਲਪੁਰ ਦੇ ਨੇੜਲੇ ਪਿੰਡ ਜੰਗਲੀਆਣਾ ਦੇ ਰਵੀ ਪਰਮਾਰ ਲੌਂਗਫੀਲਡ ਹਾਈਲੈਂਡ, ਅੰਮ੍ਰਿਤਸਰ ਦੀ ਰੀਆ ਅਰੋੜਾ ਬਰਨਬੀ ਈਸਟ ਵਿਧਾਨ ਸਭਾ ਹਲਕੇ ਤੋਂ ਅਤੇ ਜ਼ੀਰਾ ਨੇੜੇ ਜੌੜਾ ਪਿੰਡ ਦੀ ਧੀ ਹਰਵਿੰਦਰ ਕੌਰ ਸੰਧੂ ਵਰਨੋਨ ਮੋਨਾਸ਼ਰੀ ਤੋਂ ਜਿੱਤ ਗਏ ਹਨ। ਹਰਵਿੰਦਰ ਕੌਰ ਸੰਧੂ ਨਰਸ ਹਨ ਤੇ ਦੂਜੀ ਵਾਰ ਜੇਤੂ ਰਹੇ ਹਨ। ਜੈਸੀ ਸੁੰਨੜ ਹੈਰੀ ਬੈਂਸ ਦੇ ਪਦ ਚਿੰਨ੍ਹਾਂ 'ਤੇ ਚੱਲਦੀ ਹੋਈ ਜਿੱਤ ਰਹੀ ਹੈ। ਹੈਰੀ ਬੈਂਸ 2005 ਤੱਕ ਵਿਧਾਨਕਾਰ ਤੇ ਲੰਬਾ ਸਮਾਂ ਮੰਤਰੀ ਰਿਹਾ ਹੈ।

ਸੁਨੀਤਾ ਧੀਰ 48.2 ਫ਼ੀਸਦੀ ਵੋਟਾਂ ਲੈ ਕੇ ਜਿੱਤੀ ਹੈ। ਰਾਜ ਚੌਹਾਨ 2005 ਤੋਂ ਲਗਾਤਾਰ ਜਿੱਤਦਾ ਆ ਰਿਹਾ ਹੈ। ਜਗਰੂਪ ਸਿੰਘ ਬਰਾੜ ਇਕ ਐੱਨਜੀਓ ਸਰੀ ਸੈਲਫ ਇੰਪਲਾਇਮੈਂਟ ਐਂਟਪ੍ਰੀਨਿਊਰ ਸੁਸਾਇਟੀ ਦਾ ਡਾਇਰੈਕਟਰ ਹੈ। ਜਗਰੂਪ ਸਿੰਘ ਬਰਾੜ 7ਵੀਂ ਵਾਰ ਚੁਣੇ ਗਏ ਹਨ। ਜਗਰੂਪ ਸਿੰਘ ਬਰਾੜ ਰਾਜ ਮੰਤਰੀ ਸਨ ਅਤੇ ਭਾਰਤ ਦੀ ਪੁਰਸ਼ ਬਾਸਕਟਵਾਲ ਟੀਮ ਦੇ ਮੈਂਬਰ ਵੀ ਰਹੇ ਹਨ। ਦਿਓਣ ਪਿੰਡ ਦੇ ਟਿੱਬਿਆਂ ਦਾ ਜੰਮਿਆ ਜਗਰੂਪ ਸਿੰਘ ਬਰਾੜ ਗੁਲਾਬ ਦੇ ਫੁੱਲ ਦੀ ਤਰ੍ਹਾਂ ਕੈਨੇਡਾ ਦੀ ਸਿਆਸਤ ਨੂੰ ਸੁਗੰਧਤ ਕਰ ਰਿਹਾ ਹੈ। ਰਵੀ ਕਾਹਲੋਂ ਵੀ ਸਾਬਕਾ ਮੰਤਰੀ ਰਿਹਾ ਹੈ।

ਮਨਦੀਪ ਸਿੰਘ ਧਾਲੀਵਾਲ ਭਾਰਤ ਵਿਚ ਕੌਮੀ ਪੱਧਰ ਦਾ ਖਿਡਾਰੀ ਰਿਹਾ ਹੈ ਤੇ ਉਸ ਨੇ ਖਾਲਸਾ ਏਡ ਲਈ 1 ਲੱਖ ਡਾਲਰ ਇਕੱਤਰ ਕੀਤੇ ਹਨ। ਰੀਅ ਅਰੋੜਾ ਬੀਸੀ ਫੈੱਡਰੇਸ਼ਨ ਆਫ ਲੇਬਰ ਆਰਗੇਨਾਈਜ਼ੇਸ਼ਨ ਦੀ ਡਾਇਰੈਕਟਰ ਰਹੀ ਹੈ। ਰਾਜ ਚੌਹਾਨ ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਦੇ ਸਪੀਕਰ ਸਨ ਅਤੇ 6ਵੀਂ ਵਾਰ ਚੋਣ ਜਿੱਤਿਆ ਹੈ। ਇਸ ਤੋਂ ਇਲਾਵਾ ਉਹ 2013 ਤੋਂ 2017 ਤੱਕ ਵਿਧਾਨ ਸਭਾ ਦੇ ਸਹਾਇਕ ਡਿਪਟੀ ਸਪੀਕਰ ਰਹੇ। ਉਹ 2017 ਤੋਂ 2020 ਦੌਰਾਨ ਡਿਪਟੀ ਸਪੀਕਰ ਰਹੇ। ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਸਰਕਾਰ ਦੇ ਤਿੰਨ ਪੰਜਾਬੀ ਮੰਤਰੀ ਰਾਜ ਚੌਹਾਨ, ਨਿੱਕੀ ਸ਼ਰਮਾ ਅਤੇ ਜਗਰੂਪ ਸਿੰਘ ਬਰਾੜ ਚੋਣ ਜਿੱਤ ਗਏ ਹਨ। ਚੋਣ ਹਾਰਨ ਵਾਲਿਆਂ 'ਚ ਮੰਤਰੀ ਰਚਨਾ ਸਿੰਘ ਸ਼ਾਮਲ ਹਨ।

ਚੋਣ ਜਿੱਤਣ ਵਾਲਿਆਂ ਵਿਚ ਸਭ ਤੋਂ ਛੋਟੀ ਉਮਰ ਦਾ 30 ਸਾਲਾ ਰਵੀ ਪਰਮਾਰ ਹੈ ਜੋ 51% ਵੋਟਾਂ ਲੈ ਕੇ ਜਿੱਤਿਆ ਹੈ। ਉਹ ਅੰਤਰਰਾਸ਼ਟਰੀ ਕਬੱਡੀ ਪਲੇਅਰ ਵੀ ਰਿਹਾ ਹੈ।

ਹਰਮਨ ਸਿੰਘ ਭੰਗੂ ਫੁੱਟਬਾਲ ਕੋਚ ਰਿਹਾ ਹੈ। ਉਹ ਕੰਸਟਰਕਸ਼ਨ ਦਾ ਠੇਕੇਦਾਰ ਹੈ। ਕੰਜ਼ਵੇਟਿਵ ਪਾਰਟੀ ਦੇ ਜਿਹੜੇ 5 ਉਮੀਦਵਾਰ ਜਿੱਤੇ ਹਨ, ਉਨ੍ਹਾਂ ਵਿਚ ਉੱਘੇ ਵਕੀਲ ਹੋਨਵੀਰ ਸਿੰਘ ਰੰਧਾਵਾ ਸਰੀ ਗਿੱਲਫੋਰਡ, ਮੁੱਲਾਂਪੁਰ ਦਾਖਾ ਨੇੜਲੇ ਪਿੰਡ ਰਕਬਾ ਦੀ ਹੋਣਹਾਰ ਧੀ ਡਾ.ਜੋਤੀ ਤੂਰ ਲੈਂਗਲੀ ਵਿਲੋਬਰਿਕ, ਅੰਤਰਰਾਸ਼ਟਰੀ ਕਬੱਡੀ ਖਿਡਾਰੀ ਰਹੇ ਬਾਬਾ ਬਕਾਲਾ ਨੇੜਲੇ ਪਿੰਡ ਸਠਿਆਲਾ ਦੇ ਜੰਮਪਲ ਮਨਦੀਪ ਸਿੰਘ ਧਾਲੀਵਾਲ ਨੇ ਸਰੀ ਨੌਰਥ, ਜਲੰਧਰ ਜ਼ਿਲ੍ਹੇ ਦੇ ਪਿੰਡ ਪੂਰਨਪੁਰ ਦੇ ਹਰਮਨ ਸਿੰਘ ਭੰਗੂ ਲੈਂਗਲੀ ਐਬੋਟਸਬੋਰਡ ਅਤੇ ਉੱਘੇ ਵਕੀਲ ਤੇ ਰਿਚਮੰਡ ਕੁਈਨਜ਼ਬਰੋ ਤੋਂ ਸਟੈਵ ਕੂਨਰ ਸ਼ਾਮਲ ਹਨ। ਸਟੈਵ ਕੂਨਰ ਨੇ ਸੁਲਤਾਨਪੁਰ ਲੋਧੀ ਨਾਲ ਸਬੰਧਤ ਐੱਨਡੀਪੀ ਉਮੀਦਵਾਰ ਅਮਨਦੀਪ ਸਿੰਘ ਨੂੰ ਹਰਾਇਆ ਹੈ।

ਮਨਦੀਪ ਧਾਲੀਵਾਲ ਨੇ ਸਿੱਖਿਆ ਤੇ ਬਾਲ ਭਲਾਈ ਮੰਤਰੀ ਤੇ ਜਗਰਾਓਂ ਨੇੜੇ ਭੰਮੀਪੁਰਾ ਦੀ ਐੱਨਡੀਪੀ ਉਮੀਦਵਾਰ ਰਚਨਾ ਸਿੰਘ ਨੂੰ ਹਰਾਇਆ ਹੈ। ਲਗਾਤਾਰ ਪੰਜਾਬੀ ਸਿੱਖ ਕੈਨੇਡਾ 'ਚ ਸਿਆਸੀ ਖੇਤਰ 'ਚ ਨਾਮਣਾ ਖੱਟ ਰਹੇ ਹਨ। ਇਸ ਲਈ ਕੈਨੇਡਾ ਵਿਖੇ ਪੜ੍ਹਾਈ ਕਰਨ ਜਾ ਰਹੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਜ਼ਿੰਦਗੀ ਦੀ ਜਦੋਜਹਿਦ ਤੋਂ ਪ੍ਰੇਰਨਾ ਲੈ ਕੇ ਸ਼ਾਂਤਮਈ ਢੰਗ ਨਾਲ ਪੜ੍ਹਾਈ ਕਰਨੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਦਾ ਭਵਿੱਖ ਸੁਨਹਿਰੀ ਹੋ ਸਕੇ।

# 'ਮੈਕਡੋਨਲਡਜ਼' ਦੇ ਬਰਗਰ ਖਾਣ ਨਾਲ ਫੈਲਿਆ ਈ.ਕੋਲੀ ਬੈਕਟੀਰੀਆ, ਇੱਕ ਦੀ ਮੌਤ




ਵਾਸ਼ਿੰਗਟਨ (ਸਿਮਰਨਜੀਤ ਸਿੰਘ): ਅਮਰੀਕਾ ਦੇ ਮਸ਼ਹੂਰ ਫੂਡ ਚੇਨ 'ਮੈਕਡੋਨਲਡਜ਼' ਦੇ ਹੈਮਬਰਗਰ ਖਾਣ ਨਾਲ ਈ.ਕੋਲੀ ਬੈਕਟੀਰੀਆ ਦੀ ਲਾਗ ਫੈਲਣ ਦੇ ਮਾਮਲੇ ਸਾਹਮਣੇ ਆਏ ਹਨ, ਜਿਸ ਕਾਰਨ 10 ਰਾਜਾਂ ਵਿੱਚ 49 ਲੋਕ ਬਿਮਾਰ ਹੋ ਗਏ ਹਨ ਅਤੇ ਇੱਕ ਵਿਅਕਤੀ ਦੀ ਮੌਤ ਹੋ ਗਈ ਹੈ। ਮੌਤ ਵਾਲਾ ਮਾਮਲਾ ਕੋਲੋਰਾਡੋ ਵਿੱਚ ਇੱਕ ਵੱਡੀ ਉਮਰ ਦੇ ਵਿਅਕਤੀ ਦਾ ਸੀ, ਜਦਕਿ ਇੱਕ ਬੱਚਾ ਵੀ ਗੰਭੀਰ ਗੁਰਦੇ ਸੰਬੰਧੀ ਮੁਸ਼ਕਲਾਂ ਨਾਲ ਹਸਪਤਾਲ ਵਿੱਚ ਦਾਖਲ ਹੈ। ਇਹ ਜਾਣਕਾਰੀ ਅਮਰੀਕੀ ਰੋਗ ਨਿਯੰਤਰਣ ਕੇਂਦਰ (ਸੀਡੀਸੀ) ਵੱਲੋਂ ਮੰਗਲਵਾਰ ਨੂੰ ਜਾਰੀ ਕੀਤੀ ਗਈ।

ਜਾਂਚ ਵਿਚ ਇਹ ਪਤਾ ਲੱਗਾ ਕਿ ਬਿਮਾਰ ਹੋਏ ਲੋਕਾਂ ਵਿੱਚੋਂ ਜ਼ਿਆਦਾਤਰ ਨੇ ਬਿਮਾਰੀ ਤੋਂ ਪਹਿਲਾਂ ਮੈਕਡੋਨਲਡਜ਼ ਦੇ ਕੁਆਰਟਰ ਪਾਊਂਡਰ ਹੈਮਬਰਗਰ ਖਾਧੇ ਸਨ। ਇਸ ਨਾਲ ਸੰਬੰਧਤ ਸਪਲਾਈ ਚੇਨ ਦੀ ਜਾਂਚ ਕੀਤੀ ਜਾ ਰਹੀ ਹੈ, ਅਤੇ ਪ੍ਰਮੁੱਖ ਸਪਲਾਇਰ ਦੇ ਤੌਰ 'ਤੇ ਪਿਆਜ਼ ਨੂੰ ਸ਼ੱਕ ਦੇ ਕੇ ਜਾਂਚ ਕੀਤੀ ਜਾ ਰਹੀ ਹੈ, ਜੋ ਕਿ ਕੁਝ ਰੈਸਟੋਰੈਂਟਾਂ ਵਿੱਚ ਵਰਤਿਆ ਗਿਆ ਸੀ। ਇਸ ਸਬੰਧੀ ਮੈਕਡੋਨਲਡਜ਼ ਨੇ ਕੁਆਰਟਰ ਪਾਊਂਡਰ ਹੈਮਬਰਗਰ ਨੂੰ ਅਮਰੀਕਾ ਦੇ ਕੁਝ ਰਾਜਾਂ ਵਿੱਚ ਆਪਣੇ ਮੀਨੂ ਤੋਂ ਹਟਾ ਦਿੱਤਾ ਹੈ, ਜਿਸ ਵਿੱਚ ਕੋਲੋਰਾਡੋ, ਕੰਸਾਸ, ਉਟਾਹ ਅਤੇ ਵਾਇਓਮਿੰਗ ਸ਼ਾਮਲ ਹਨ। ਮੈਕਡੋਨਲਡਜ਼ ਦੇ ਉੱਤਰੀ ਅਮਰੀਕਾ ਸਪਲਾਈ ਚੇਨ ਮੁਖੀ ਸੀਜ਼ਰ ਪੀਨਾ ਨੇ ਕਿਹਾ ਕਿ ਮੂਲ ਜਾਂਚ ਵਿੱਚ ਪਿਆਜ਼ ਦੇ ਸਪਲਾਇਰ ਨੂੰ ਲਾਗ ਦੀ ਕਾਰਨ ਮੰਨਿਆ ਜਾ ਰਿਹਾ ਹੈ ਅਤੇ ਇਸ ਸਪਲਾਇਰ ਨਾਲ ਸਬੰਧਿਤ ਸਾਰੇ ਪਿਆਜ਼ ਹਟਾ ਦਿੱਤੇ ਗਏ ਹਨ। ਸਾਵਧਾਨੀ ਦੇ ਤੌਰ 'ਤੇ, ਮੈਕਡੋਨਲਡਜ਼ ਨੇ ਇਹ ਰਾਜਾਂ ਅਤੇ ਕੁਝ ਹੋਰ ਇਲਾਕਿਆਂ ਵਿੱਚ ਆਪਣੇ ਰੈਸਟੋਰੈਂਟਾਂ ਵਿੱਚੋਂ ਇਹ ਹੈਮਬਰਗਰ ਹਟਾ ਦਿੱਤਾ ਹੈ।

ਇਸ ਮਾਮਲੇ ਨੂੰ ਲੈ ਕੇ ਮੈਕਡੋਨਲਡਜ਼ ਦੀ ਪ੍ਰਬੰਧਕੀ ਟੀਮ ਨੇ ਕਿਹਾ ਕਿ ਉਨ੍ਹਾਂ ਦੇ ਹੋਰ ਬੀਫ ਉਤਪਾਦ ਸੁਰੱਖਿਅਤ ਹਨ ਅਤੇ ਸਿਰਫ਼ ਇਹ ਕੁਆਰਟਰ ਪਾਊਂਡਰ ਹੈਮਬਰਗਰ ਹੀ ਪ੍ਰਭਾਵਿਤ ਹੋਏ ਹਨ। ਮੈਕਡੋਨਲਡਜ਼ ਯੂਐਸਏ ਦੇ ਪ੍ਰਧਾਨ ਜੋਅ ਅਰਲਿੰਗਰ ਨੇ ਵੀ ਇੱਕ ਬਿਆਨ ਜਾਰੀ ਕਰਕੇ ਗਾਹਕਾਂ ਨੂੰ ਭਰੋਸਾ ਦਿੱਤਾ ਹੈ ਕਿ ਫੂਡ ਸੇਫਟੀ ਮੈਕਡੋਨਲਡਜ਼ ਲਈ ਸਰਵੋਪਰੀ ਹੈ ਅਤੇ ਇਹ ਕਦਮ ਇਸੇ ਵਫ਼ਾਦਾਰੀ ਦਾ ਹਿੱਸਾ ਹਨ।

ਮੈਕਡੋਨਲਡਜ਼ ਕੈਨੇਡਾ ਨੇ ਵੀ ਇਸ ਮਾਮਲੇ 'ਤੇ ਆਪਣਾ ਸਪੱਸ਼ਟੀਕਰਣ ਜਾਰੀ ਕੀਤਾ ਹੈ, ਜਿਨ੍ਹਾਂ ਕਿਹਾ ਹੈ ਕਿ ਕੈਨੇਡਾ ਦੇ ਰੈਸਟੋਰੈਂਟ ਇਸ ਸਮੱਸਿਆ ਨਾਲ ਪ੍ਰਭਾਵਿਤ ਨਹੀਂ ਹੋਏ ਹਨ ਅਤੇ ਉਨ੍ਹਾਂ ਦੇ ਰੈਸਟੋਰੈਂਟਾਂ ਵਿੱਚ ਵਰਤਿਆ ਜਾ ਰਿਹਾ ਸਮੱਗਰੀ ਪੂਰੀ ਤਰ੍ਹਾਂ ਸੁਰੱਖਿਅਤ ਹੈ। This report was written by Simranjit Singh as part of the Local Journalism Initiative.

# ਅਮਰੀਕਾ ਦੇ ਰਾਸ਼ਟਰਪਤੀ ਚੋਣਾਂ ਵਿੱਚ 1.5 ਕਰੋੜ ਲੋਕਾਂ ਨੇ ਕੀਤੀ ਐਡਵਾਂਸ ਵੋਟਿੰਗ



ਵਾਸ਼ਿੰਗਟਨ : ਅਮਰੀਕਾ ਵਿੱਚ 6 ਨਵੰਬਰ ਨੂੰ ਰਾਸ਼ਟਰਪਤੀ ਚੋਣਾਂ ਹੋਣ ਜਾ ਰਹੀਆਂ ਹਨ, ਜਿਨ੍ਹਾਂ ਲਈ ਐਡਵਾਂਸ ਵੋਟਿੰਗ ਦਾ ਪ੍ਰਕਿਰਿਆ ਜਾਰੀ ਹੈ। ਰਿਪੋਰਟ ਦੇ ਅਨੁਸਾਰ 1.5 ਕਰੋੜ ਤੋਂ ਵੱਧ ਅਮਰੀਕੀ ਲੋਕਾਂ ਨੇ ਵੋਟ ਦੇ ਦਿੱਤੇ ਹਨ। ਇਹ ਵੋਟਿੰਗ 47 ਤੋਂ ਵੱਧ ਰਾਜਾਂ ਵਿੱਚ ਡਾਕ ਰਾਹੀਂ ਕੀਤੀ ਜਾ ਰਹੀ ਹੈ।

ਇਸ ਪ੍ਰਕਿਰਿਆ ਨੂੰ ਐਡਵਾਂਸ ਪੋਲਿੰਗ ਜਾਂ ਪ੍ਰੀ-ਪੋਲ ਵੋਟਿੰਗ ਕਿਹਾ ਜਾਂਦਾ ਹੈ। ਪਿਛਲੀਆਂ ਚੋਣਾਂ ਵਿੱਚ ਡੈਮੋਕ੍ਰੈਟਿਕ ਪਾਰਟੀ ਦਾ ਦਬਦਬਾ ਰਿਹਾ ਸੀ ਪਰ ਇਸ ਵਾਰ ਕੁਝ ਪ੍ਰਮੁੱਖ ਰਾਜਾਂ ਵਿੱਚ ਰਿਪਬਲਿਕਨ ਪਾਰਟੀ ਨੇ ਮੋੜ ਲੈਣ ਦੀ ਕੋਸ਼ਿਸ਼ ਕੀਤੀ ਹੈ।

ਉਪਰਾਸ਼ਟਰਪਤੀ ਕਮਲਾ ਹੈਰਿਸ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਮੁਕਾਬਲੇ ਵਿੱਚ ਆਪਣੇ ਪਾਰਟੀ ਦੇ ਸਮਰਥਕਾਂ ਨੂੰ ਲੁਭਾਉਣ ਲਈ ਪੂਰੀ ਕੋਸ਼ਿਸ਼ ਕਰ ਰਹੇ ਹਨ, ਤਾਂ ਜੋ ਉਹ ਵੋਟਿੰਗ ਕਰਨ ਲਈ ਸਬੰਧਿਤ ਹੋ ਸਕਣ। ਪਰ ਇਸ ਵਾਰ ਟਰੰਪ ਨੂੰ ਖੁੱਲ੍ਹਾ ਸਹਿਯੋਗ ਕਰਨ ਲਈ ਏਲੋਨ ਮਸਕ ਨੇ ਵੀ ਦਾਅਵਾ ਕੀਤਾ ਹੈ ਕਿ ਉਹ ਚੋਣਾਂ ਦੀ ਮਿਤੀ ਤੱਕ ਹਰ ਰੋਜ਼ ਕਿਸੇ ਇੱਕ ਚੁਣੇ ਹੋਏ ਵੋਟਰ ਨੂੰ 1 ਮਿਲੀਅਨ ਡਾਲਰ, ਜੋ ਕਿ ਲਗਭਗ 8.4 ਕਰੋੜ ਰੁਪਏ ਹੁੰਦੇ ਹਨ, ਦੇਣਗੇ। ਇਸ ਦਾਅਵੇ ਦਾ ਦਾਇਰਾ ਸਿਰਫ਼ 7 ਸਵਿੰਗ ਸਟੇਟਸ ਤੱਕ ਸੀਮਿਤ ਹੈ।

ਕੋਰੋਨਾ ਮਹਾਂਮਾਰੀ ਦੇ ਕਾਰਨ, 2020 ਵਿੱਚ ਬਹੁਤ ਸਾਰੇ ਲੋਕਾਂ ਨੇ ਚੋਣਾਂ ਤੋਂ ਪਹਿਲਾਂ ਵੋਟਿੰਗ ਕਰਨ ਦੀ ਵਰਤੋਂ ਕੀਤੀ। ਅਮਰੀਕਾ ਵਿੱਚ ਐਡਵਾਂਸ ਵੋਟਿੰਗ ਦੇ ਬਹੁਤ ਸਾਰੇ ਤਰੀਕੇ ਹਨ। ਜ਼ਿਆਦਾਤਰ ਰਾਜਾਂ ਵਿੱਚ ਡਾਕ ਰਾਹੀਂ ਵੋਟਿੰਗ ਦੀ ਸਹੂਲਤ ਹੈ, ਜਿਸ ਨਾਲ ਲੋਕ ਵੋਟਿੰਗ ਕਰਦੇ ਹਨ। ਕਈ ਰਾਜਾਂ ਵਿੱਚ ਵੋਟਰ ਚੋਣਾਂ ਤੋਂ ਪਹਿਲਾਂ ਹੀ ਪੋਲਿੰਗ ਸੈਂਟਰਾਂ 'ਤੇ ਜਾ ਕੇ ਵੋਟ ਦੇ ਸਕਦੇ ਹਨ। ਵੱਖ-ਵੱਖ ਰਾਜਾਂ ਵਿੱਚ ਵੋਟਿੰਗ ਦੀ ਤਾਰੀਖ ਵੀ ਵੱਖਰੀ ਹੋ ਸਕਦੀ ਹੈ। ਜਦੋਂ-ਜਦੋਂ ਚੋਣਾਂ ਦਾ ਦਿਨ ਨੇੜੇ ਆ ਰਿਹਾ ਹੈ, ਐਡਵਾਂਸ ਪੋਲਿੰਗ ਵੀ ਵਧ ਰਹੀ ਹੈ। ਇੱਕ ਰਿਪੋਰਟ ਦੇ ਅਨੁਸਾਰ, ਜਾਰਜੀਆ ਅਤੇ ਨਾਰਥ ਕੈਰੋਲੀਨਾ ਰਾਜਾਂ ਵਿੱਚ 15 ਅਕਤੂਬਰ ਨੂੰ ਸ਼ੁਰੂਆਤੀ ਵੋਟਿੰਗ ਸ਼ੁਰੂ ਹੋਈ, ਜਿਸ ਵਿੱਚ ਇੱਕ ਹੀ ਦਿਨ ਵਿੱਚ 7.5 ਲੱਖ ਤੋਂ ਵੱਧ ਲੋਕਾਂ ਨੇ ਵੋਟ ਕੀਤੀ।

Diamond
Sweets & Restaurant
3 LOCATIONS
» SURREY
#102-15933 Fraser Hwy, Surrey, BC
604-593-5566
» LANGLEY
#102-7228 192 St. Langley, BC
604-372-4949
» DELTA
#160-8047 120St. Delta, BC
604-5917277
Specialised in all kinds of Indian Sweets & Foods
We do Catering for all Occassions
Open 7 days a Week
10:00am to 10:00pm


JOB AND FAIR
owned by L.S Fair Enterprise
We Provide a reliable and Flexible Workforce,
Ready to meet your labor needs anywhere, Ensuring efficient and timely support across various Locations.
» Move In & Out Cleaning
» One Off Deep Cleaning
» After Builder Cleaning
» Appliances Cleaning Incl. Oven
» Commercial Cleaning
» Pressure Cleaning
» Professional Carpet Cleaning
JASVINDER SINGH
CELL : +1 236-632-6301 | +1 604-512-5001
Email: jobandfair@gmail.com | Web: jobandfair.ca
12844 - 66B Ave. Surrey, B.C.

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ

REPAIR & SERVICES
ਸੰਪਰਕ ਕਰੋ
604-773-7258 (ਸਰੀ)

# ਭਾਰਤ ਦੇ ਪੱਛਮ ਨਾਲ ਰਿਸ਼ਤਿਆਂ ’ਚ ਤਰੇੜਾਂ

ਲੇਖਕ : ਸੰਜੇ ਬਾਰੂ



ਪਰਵਾਸੀ ਭਾਰਤੀਆਂ ਦੀ ਵਧ ਰਹੀ ਤਾਦਾਦ ਪਿਛਲੇ ਦਹਾਕੇ ਤੋਂ ਆਲਮੀ ਪਰਵਾਸ ਦੀ ਅਹਿਮ ਕਹਾਣੀ ਬਣੀ ਹੋਈ ਹੈ। ਅਮਰੀਕਾ ਤੋਂ ਆਸਟਰੇਲੀਆ ਤੱਕ, ਸਿੰਗਾਪੁਰ ਤੋਂ ਦੁਬਈ ਅਤੇ ਪੁਰਤਗਾਲ ਤੋਂ ਇਜ਼ਰਾਈਲ ਤੱਕ ਸਭ ਥਾਈਂ ਭਾਰਤੀਆਂ ਦੇ ਪਰਵਾਸ ਵਿੱਚ ਬੇਤਹਾਸ਼ਾ ਵਾਧਾ ਹੋ ਰਿਹਾ ਹੈ। 2014 ਵਿੱਚ ਕੈਨੇਡਾ ’ਚ ਮਸਾਂ 38364 ਭਾਰਤੀ ਪਰਵਾਸੀ ਸਥਾਈ ਨਾਗਰਿਕ ਬਣੇ ਸਨ। 2022 ਦੇ ਅੰਤ ਤੱਕ ਇਹ ਸੰਖਿਆ ਵਧ ਕੇ 1,18,095 ’ਤੇ ਪਹੁੰਚ ਗਈ ਸੀ। ਇਸ ਦੇ ਮੁਕਾਬਲੇ 2022 ਵਿੱਚ 30 ਕੁ ਹਜ਼ਾਰ ਚੀਨੀ ਪਰਵਾਸੀ ਕੈਨੇਡਾ ਪਹੁੰਚੇ ਸਨ। ਪਿਛਲੇ ਕਈ ਦਹਾਕਿਆਂ ਤੋਂ ਕੈਨੇਡਾ ਭਾਰਤੀ ਖ਼ਾਸਕਰ ਪੰਜਾਬੀ ਪਰਵਾਸੀਆਂ ਦਾ ਚਹੇਤਾ ਟਿਕਾਣਾ ਬਣਿਆ ਹੋਇਆ ਹੈ ਅਤੇ ਇਸ ਤੋਂ ਇਲਾਵਾ ਕੈਨੇਡਾ ਅਜਿਹਾ ਰਣਨੀਤਕ ਭਾਈਵਾਲ ਵੀ ਰਿਹਾ ਹੈ ਜਿਸ ਨੇ ਭਾਰਤ ਦੀ ਪਰਮਾਣੂ ਸਲਾਹੀਅਤ ਨੂੰ ਉਸਾਰਨ ਵਿੱਚ ਮਦਦ ਕੀਤੀ ਸੀ। ਫਿਰ ਭਲਾ ਦੋਵੇਂ ਦੇਸ਼ਾਂ ਦੇ ਆਪਸੀ ਰਿਸ਼ਤਿਆਂ ਵਿੱਚ ਐਨਾ ਨਿਘਾਰ ਕਿਉਂ ਆ ਗਿਆ ਹੈ ਜਿਸ ਦੀ ਨਜ਼ੀਰ ਨਹੀਂ ਮਿਲਦੀ?

ਭਾਰਤੀ ਸਫ਼ੀਰਾਂ ਅਤੇ ਹੋਰਨਾਂ ਸਰਕਾਰੀ ਅਧਿਕਾਰੀਆਂ ਨੇ ਇਸ ਦਾ ਦੋਸ਼ ਪ੍ਰਧਾਨ ਮੰਤਰੀ ਜਸਟਿਨ ਟਰੂਡੋ ’ਤੇ ਮੜ੍ਹਿਆ ਹੈ ਅਤੇ ਉਨ੍ਹਾਂ ਉੱਪਰ ਆਪਣੀਆਂ ਖ਼ੁਦਪ੍ਰਸਤ ਘਰੇਲੂ ਸਿਆਸੀ ਰਣਨੀਤੀਆਂ ਨੂੰ ਵਿਦੇਸ਼ ਨੀਤੀ ਅਤੇ ਕੌਮੀ ਸੁਰੱਖਿਆ ਨਾਲ ਰਲਗੱਡ ਕਰਨ ਦਾ ਦੋਸ਼ ਲਾਇਆ ਹੈ। ਇਹ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਕੈਨੇਡੀਅਨ ਸਿੱਖਾਂ ਦੀਆਂ ਵੋਟਾਂ ਦਰਕਾਰ ਹਨ ਜਿਸ ਕਰ ਕੇ ਉਨ੍ਹਾਂ ਦੀਆਂ ਖ਼ਾਲਿਸਤਾਨੀ ਖਾਹਿਸ਼ਾਂ ਨੂੰ ਉਹ ਸ਼ਹਿ ਦੇ ਰਹੇ ਹਨ। ਇਸ ਤੋਂ ਇਲਾਵਾ ਹੋਰ ਦੋਸ਼ ਵੀ ਸੰਗੀਨ ਹਨ। ਟਰੂਡੋ ਸਰਕਾਰ ਉੱਪਰ ਨਸ਼ਾ ਤਸਕਰਾਂ, ਅਪਰਾਧੀਆਂ ਅਤੇ ਭਾਰਤ ਵਿਰੋਧੀ ਦਹਿਸ਼ਤਗਰਦਾਂ ਨੂੰ ਸ਼ਹਿ ਦੇਣ ਦੇ ਦੋਸ਼ ਲਾਏ ਗਏ ਹਨ।

ਦੂਜੇ ਬੰਨੇ ਟਰੂਡੋ ਸਰਕਾਰ ਨੇ ਭਾਰਤੀ ਸੂਹੀਆ ਏਜੰਟਾਂ ਅਤੇ ਡਿਪਲੋਮੈਟਾਂ ਉੱਪਰ ਕੈਨੇਡੀਅਨ ਨਾਗਰਿਕਾਂ ਦੀ ਹੱਤਿਆ ਦੀ ਸਾਜਿਸ਼ ਰਚਣ ਦੇ ਦੋਸ਼ ਲਾਏ ਹਨ। ਸ਼ੁਰੂ ਵਿੱਚ ਇਹ ਇੱਕ ਤਰ੍ਹਾਂ ਦੀ ਕੂਟਨੀਤਕ ਖਹਿਬਾਜ਼ੀ ਨਜ਼ਰ ਆ ਰਹੀ ਸੀ ਪਰ ਜਦੋਂ ਇਸ ਮਾਮਲੇ ਵਿੱਚ ਅਮਰੀਕਾ ਵੀ ਕੁੱਦ ਪਿਆ ਤਾਂ ਇਹ ਵੱਡੇ ਤਣਾਅ ਦਾ ਰੂਪ ਧਾਰਨ ਕਰ ਗਿਆ ਅਤੇ ਅਮਰੀਕਾ ਨੇ ਇਸ ਮਾਮਲੇ ਨੂੰ ਕੈਨੇਡੀਅਨ ਸਿੱਖ ਦੀ ਹੱਤਿਆ ਅਤੇ ਅਮਰੀਕੀ ਸਿੱਖ ਦੀ ਹੱਤਿਆ ਦੀ ਸਾਜ਼ਿਸ਼ ਨਾਲ ਜੋੜ ਦਿੱਤਾ। ਕੈਨੇਡਾ, ਅਮਰੀਕਾ ਅਤੇ ਬਰਤਾਨੀਆ ਵਿੱਚ ਖ਼ਾਲਿਸਤਾਨ ਪੱਖੀ ਸਰਗਰਮੀ ਬਾਰੇ ਭਾਰਤ ਦੀ ਸ਼ਿਕਾਇਤ ਘਰੋਗੀ ਸੁਰੱਖਿਆ ਸਰੋਕਾਰਾਂ ’ਤੇ ਆਧਾਰਿਤ ਹੈ ਪਰ ਇਸ ਸਵਾਲ ਦਾ ਅਜੇ ਤੱਕ ਜਵਾਬ ਨਹੀਂ ਮਿਲ ਸਕਿਆ ਕਿ ਹਾਲੀਆ ਸਮਿਆਂ ਵਿੱਚ ਇਹ ਸਰਗਰਮੀ ਕਿੰਨੀ ਕੁ ਗੰਭੀਰ ਸੀ ਅਤੇ ਕੀ ਇਸ ਖਾਤਿਰ ਲੋਕਰਾਜੀ ਮੁਲਕਾਂ ਦਰਮਿਆਨ ਕੂਟਨੀਤਕ ਰਿਸ਼ਤਿਆਂ ਨੂੰ ਦਾਅ ’ਤੇ ਲਾ ਦੇਣ ਦੀ ਲੋੜ ਸੀ?

ਮੋਦੀ ਸਰਕਾਰ ਦੀ ਇਸ ਧਾਰਨਾ ਦੀ ਸਮਝ ਪੈਂਦੀ ਹੈ ਕਿ ਪੱਛਮੀ ਦੇਸ਼ਾਂ ਦੀਆਂ ਸਰਕਾਰਾਂ ਭਾਰਤੀ ਸਰੋਕਾਰਾਂ ਪ੍ਰਤੀ ਸੰਵੇਦਨਸ਼ੀਲ ਨਹੀਂ ਹਨ। ਬਹਰਹਾਲ, ਕੈਨੇਡਾ ਅਤੇ ਅਮਰੀਕਾ ਵੱਲੋਂ ਭਾਰਤ ਦੇ ਡਿਪਲੋਮੈਟਾਂ ਅਤੇ ਸੀਨੀਅਰ ਸਰਕਾਰੀ ਅਫਸਰਾਂ ਖ਼ਿਲਾਫ਼ ਅਪਰਾਧੀ ਅਨਸਰਾਂ ਨਾਲ ਰਲ਼ੇ ਹੋਣ ਦੇ ਲਾਏ ਦੋਸ਼ ਬਹੁਤ ਗੰਭੀਰ ਹਨ। ਇਸ ਤੋਂ ਦੋ ਸਵਾਲ ਪੈਦਾ ਹੁੰਦੇ ਹਨ। ਪਹਿਲਾ ਇਹ ਕਿ ਕੈਨੇਡੀਅਨ ਅਤੇ ਅਮਰੀਕਨ ਸਰਕਾਰਾਂ ਨੇ ਇਸ ਮਾਮਲੇ ਨੂੰ ਜਨਤਕ ਕਿਉਂ ਕੀਤਾ ਹੈ? ਦੂਜਾ ਇਹ ਕਿ ਭਾਰਤੀ ਪੱਖ ਤੋਂ ਅੰਤਿਮ ਜ਼ਿੰਮੇਵਾਰੀ ਕਿਸ ਦੀ ਬਣਦੀ ਹੈ? ਦੂਜੇ ਸਵਾਲ ਨੂੰ ਲੈ ਕੇ ਅਮਰੀਕਾ ਕੈਨੇਡਾ, ਦੋਵਾਂ ਨੇ ਨਾਵਾਂ ਦਾ ਜ਼ਿਕਰ ਕੀਤਾ ਹੈ ਅਤੇ ਆਪਣੀ ਬੇਗੁਨਾਹੀ ਸਿੱਧ ਕਰਨ ਦੀ ਜ਼ਿੰਮੇਵਾਰੀ ਸਬੰਧਿਤ ਭਾਰਤੀ ਅਹਿਲਕਾਰਾਂ ਉੱਪਰ ਪਾ ਦਿੱਤੀ ਹੈ।

ਪਹਿਲਾ ਸਵਾਲ ਇਸ ਕਰ ਕੇ ਅਹਿਮ ਹੈ ਕਿਉਂਕਿ ਕੈਨੇਡਾ ਅਤੇ ਅਮਰੀਕਾ ਦੇ ਭਾਰਤ ਨਾਲ ਕਾਫੀ ਵਧੀਆ ਕੂਟਨੀਤਕ ਰਿਸ਼ਤੇ ਰਹੇ ਹਨ ਅਤੇ ਇਹ ਤਵੱਕੋ ਕੀਤੀ ਜਾਂਦੀ ਰਹੀ ਹੈ ਕਿ ਅਜਿਹੇ ਮਾਮਲਿਆਂ ਨੂੰ ਵਧੇਰੇ ਤਹੱਮਲ ਨਾਲ ਨਜਿੱਠਿਆ ਜਾਵੇ। ਪਹਿਲੇ ਸਵਾਲ ਦੇ ਪ੍ਰਸੰਗ ਵਿੱਚ ਭਾਰਤ ਨੇ ਦੋਸ਼ ਲਾਇਆ ਹੈ ਕਿ ਟਰੂਡੋ ਦਲਗਤ ਰਾਜਨੀਤੀ ਖੇਡ ਰਹੇ ਹਨ ਅਤੇ ਉਨ੍ਹਾਂ ਨੂੰ ਕੈਨੇਡੀਅਨ ਸਿੱਖ ਵੋਟਾਂ ਦੇ ਆਸਰੇ ਚੋਣਾਂ ਵਿੱਚ ਜਿੱਤ ਦੀ ਉਮੀਦ ਹੈ। ਇਹ ਦੋਸ਼ ਕੁਝ ਉਵੇਂ ਦਾ ਹੀ ਹੈ ਜਿਵੇਂ ਪਾਕਿਸਤਾਨ ਵੱਲੋਂ ਭਾਰਤੀ ਸਿਆਸਤਦਾਨਾਂ ਉੱਪਰ ਕਥਿਤ ‘ਸਰਹੱਦ ਪਾਰੋਂ’ ਦਹਿਸ਼ਤਗਰਦ ਹਮਲਿਆਂ ਦੇ ਦੋਸ਼ਾਂ ’ਚੋਂ ਸਿਆਸੀ ਲਾਹਾ ਖੱਟਣ ਦੀ ਗੱਲ ਆਖੀ ਜਾਂਦੀ ਹੈ। ਕੌਮੀ ਸੁਰੱਖਿਆ ਦੇ ਮੁੱਦਿਆਂ ਦਾ ਘਰੇਲੂ ਸਿਆਸਤ ਨਾਲ ਰਲਗੱਡ ਦੋ ਤਰਫ਼ਾ ਮਾਮਲਾ ਬਣ ਜਾਂਦਾ ਹੈ ਅਤੇ ਇਸ ਬਾਰੇ ਇਹ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਕਿ ਕੋਈ ਤੀਜੀ ਧਿਰ ਇਸ ਨੂੰ ਕਿਵੇਂ ਲੈਂਦੀ ਹੈ। ਕੀ ਕੌਮਾਂਤਰੀ ਲੋਕ ਰਾਏ ਭਾਰਤ ਦੇ ਦੋਸ਼ ਨੂੰ ਕੈਨੇਡਾ ਵੱਲੋਂ ਲਾਏ ਗਏ ਦੋਸ਼ਾਂ ਨਾਲੋਂ ਵਧੇਰੇ ਹਮਦਰਦੀ ਨਾਲ ਦੇਖਦੀ ਹੈ? ਕੀ ਕਿਸੇ ਨੂੰ ਇਸ ਦੀ ਪ੍ਰਵਾਹ ਕਰਨੀ ਚਾਹੀਦੀ ਹੈ?

ਸ਼ਾਇਦ ਕੁਝ ਲੋਕ ਸੋਚਦੇ ਹੋਣਗੇ ਕਿ ਟਰੂਡੋ ਸਰਕਾਰ ਨੂੰ ਨਜ਼ਰਅੰਦਾਜ਼ ਕਰ ਕੇ ਭਾਰਤ ਦਾ ਸਰ ਸਕਦਾ ਹੈ। ਨਵੀਂ ਦਿੱਲੀ ’ਚ ਇਹੀ ਦ੍ਰਿਸ਼ਟੀਕੋਣ ਭਾਰੂ ਸੀ ਜਦੋਂ ਪਹਿਲਾਂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਨਾਲ ਸਬੰਧਿਤ ਦੋਸ਼ ਲਾਏ ਗਏ ਸਨ। ਫਿਰ ਅਮਰੀਕਾ ਨੇ ਭਾਰਤੀ ਅਧਿਕਾਰੀਆਂ ਉੱਤੇ ਅਮਰੀਕੀ ਧਰਤੀ ’ਤੇ ਨਾ ਸਿਰਫ਼ ਇਸੇ ਤਰ੍ਹਾਂ ਦੀ ਹੱਤਿਆ ਦੀ ਸਾਜ਼ਿਸ਼ ਘੜਨ ਦੇ ਦੋਸ਼ ਲਾਏ ਬਲਕਿ ਕਾਨੂੰਨੀ ਪ੍ਰਕਿਰਿਆ ਵੀ ਸ਼ੁਰੂ ਕਰ ਦਿੱਤੀ। ਇਹ ਮਾਮਲਾ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਕੋਸ਼ਿਸ਼ ਨਾਲ ਜੁੜਿਆ ਹੋਇਆ ਸੀ।

ਕੀ ਇਹ ਸਭ ਦੋਸਤਾਂ ਦਰਮਿਆਨ ਗ਼ਲਤਫਹਿਮੀ ਅਤੇ ਭਰੋਸੇ ਦੀ ਘਾਟ ਦਾ ਮਸਲਾ ਹੈ ਜਾਂ ਹੋਰ ਵੱਡੇ ਮੁੱਦੇ ਵੀ ਇਸ ਨਾਲ ਜੁੜੇ ਹੋਏ ਹਨ? ਸਾਰੇ ਜਾਣਦੇ ਹਨ ਕਿ ‘ਐਂਗਲੋਸਫੀਅਰ’ ਮੁਲਕ ਆਸਟਰੇਲੀਆ, ਬਰਤਾਨੀਆ, ਕੈਨੇਡਾ, ਨਿਊਜ਼ੀਲੈਂਡ ਤੇ ਅਮਰੀਕਾ ਆਪਣੇ ‘ਫਾਈਵ ਆਈਜ਼’ ਗੱਠਜੋੜ ਰਾਹੀਂ ਹਰ ਜਾਣਕਾਰੀ ਇੱਕ ਦੂਜੇ ਨਾਲ ਸਾਂਝੀ ਕਰਦੇ ਹਨ। ਇਸ ਦੇ ਮੱਦੇਨਜ਼ਰ ਟਰੂਡੋ ’ਤੇ ਸਿਰਫ਼ ਵੋਟਾਂ ਲੈਣ ਲਈ ਮਾਮਲੇ ਨੂੰ ਇਸ ਤਰ੍ਹਾਂ ਪੇਸ਼ ਕਰਨ ਦਾ ਦੋਸ਼ ਲਾਉਣਾ ਜ਼ਿਆਦਾ ਭਰੋਸੇਮੰਦ ਜਵਾਬ ਨਹੀਂ ਜਾਪਦਾ।

ਇਸ ਤੋਂ ਵੀ ਮਹੱਤਵਪੂਰਨ, ਇੱਕ ਸਵਾਲ ਜੋ ਪੁੱਛਣਾ ਬਣਦਾ ਹੈ ਕਿ ਭਾਰਤ ਸਰਕਾਰ ਨੂੰ ਇਹ ਕਿਉਂ ਲੱਗਦਾ ਹੈ ਕਿ ਪੱਛਮੀ ਲੋਕਤੰਤਰ ਇਸ ਨੂੰ ਨਿਸ਼ਾਨਾ ਬਣਾ ਰਹੇ ਹਨ? ਇਹ ਵੀ ਕਿ ਭਾਰਤ ਤੇ ਇਨ੍ਹਾਂ ਮੁਲਕਾਂ ਵਿਚਾਲੇ ਕੋਈ ਸਮੱਸਿਆ ਹੈ ਜੋ ਪ੍ਰਤੱਖ ਹੋ ਰਹੀ ਹੈ? ਇਹ ਸਪੱਸ਼ਟ ਨਹੀਂ ਕਿ ਇਹ ਕਿੰਨੀ ਗੰਭੀਰ ਹੈ ਅਤੇ ਮਸਲੇ ਸੁਲਝਾਉਣ ਲਈ ਕੀ ਕੀਤਾ ਜਾ ਰਿਹਾ ਹੈ।

ਪਿਛਲੇ ਹਫ਼ਤੇ ‘ਵਿਜੈਦਸ਼ਮੀ’ ਭਾਸ਼ਣ ਵਿੱਚ ਆਰਐੱਸਐੱਸ ਮੁਖੀ ਮੋਹਨ ਭਾਗਵਤ ਨੇ ਅਸਿੱਧੇ ਢੰਗ ਨਾਲ ਪੱਛਮੀ ‘ਉਦਾਰਵਾਦੀ ਲੋਕਤੰਤਰਾਂ’ ਉੱਤੇ ਭਾਰਤ ਵਿੱਚ ‘ਅਰਬ ਸਪਰਿੰਗ’ (ਲੜੀਵਾਰ ਵਿਰੋਧ ਪ੍ਰਦਰਸ਼ਨ ਤੇ ਧਰਨੇ) ਕਿਸਮ ਦੀਆਂ ‘ਰੰਗ ਕ੍ਰਾਂਤੀਆਂ’ ਨੂੰ ਸ਼ਹਿ ਦੇਣ ਦਾ ਦੋਸ਼ ਲਾਇਆ ਜਿਵੇਂ ਉਨ੍ਹਾਂ ਬੰਗਲਾਦੇਸ਼ ਵਿਚ ਕੀਤਾ। ਪੱਛਮੀ ਜਮਹੂਰੀ ਤਾਕਤਾਂ ਨਾਲ ਸਾਡੇ ਸਬੰਧਾਂ ਨੂੰ ਦੇਖਣ ਦਾ ਇਹ ਨਜ਼ਰੀਆ ਭਾਰਤ ਦੀ ਵਿਦੇਸ਼ ਤੇ ਕੌਮੀ ਸੁਰੱਖਿਆ ਨੀਤੀ ਬਾਰੇ ਸਵਾਲ ਖੜ੍ਹੇ ਕਰਦਾ ਹੈ।

ਪ੍ਰਧਾਨ ਮੰਤਰੀ ਹੁੰਦਿਆਂ ਡਾ. ਮਨਮੋਹਨ ਸਿੰਘ ਅਕਸਰ ਆਪਣੇ ਬਹੁਤੇ ਭਾਸ਼ਣਾਂ ਵਿੱਚ ਕਹਿੰਦੇ ਹੁੰਦੇ ਸਨ ਕਿ “ਦੁਨੀਆ ਭਾਰਤ ਨੂੰ ਚੰਗਾ ਕੰਮ ਕਰਦਿਆਂ ਦੇਖਣਾ ਚਾਹੁੰਦੀ ਹੈ, ਸਾਡੀਆਂ ਚੁਣੌਤੀਆਂ ਅੰਦੂਰਨੀ ਹਨ।” ਇਹ ਦ੍ਰਿਸ਼ਟੀਕੋਣ ਇਸ ਮੁਲਾਂਕਣ ’ਤੇ ਆਧਾਰਿਤ ਸੀ ਕਿ ਕੌਮਾਂਤਰੀ ਭਾਈਚਾਰਾ ਖ਼ਾਸ ਤੌਰ ’ਤੇ ਉਦਾਰਵਾਦੀ ਲੋਕਤੰਤਰ, ਜਹਾਦੀ ਅਤਿਵਾਦ ਅਤੇ ਚੀਨ ’ਚ ਤਾਨਾਸ਼ਾਹੀ ਮਜ਼ਬੂਤ ਹੋਣ ਬਾਰੇ ਓਨੇ ਹੀ ਚਿੰਤਤ ਹਨ ਜਿੰਨਾ ਭਾਰਤ ਫਿਕਰਮੰਦ ਹੈ; ਇਸੇ ਲਈ ਇਹ ਪੱਛਮੀ ਉਦਾਰਵਾਦੀ, ਲੋਕਤੰਤਰੀ ਵਿਵਸਥਾ ਲਈ ਬਣੇ ਇਨ੍ਹਾਂ ਦੋਵਾਂ ਖ਼ਤਰਿਆਂ ਨੂੰ ਰੋਕਣ ਲਈ ਭਾਰਤ ਦੇ ਉਭਾਰ ਵਿੱਚ ਸਹਿਯੋਗੀ ਬਣ ਰਹੇ ਹਨ।

ਕੀ ਇਹ ਦ੍ਰਿਸ਼ਟੀਕੋਣ ਬਦਲ ਗਿਆ ਹੈ? ਕੀ ਭਾਰਤ ਹੁਣ ‘ਐਂਗਲੋਸਫ਼ੀਅਰ’ ਨੂੰ ‘ਸਹਿਯੋਗੀ’ ਵਜੋਂ ਨਹੀਂ ਦੇਖਦਾ, ਜਾਂ ਘੱਟੋ-ਘੱਟ ਆਪਣੀ ਤਰੱਕੀ ’ਚ ਇਸ ਨੂੰ ਸਾਥੀ ਵੀ ਨਹੀਂ ਮੰਨਦਾ? ਕੀ ਚੀਨ ਤੇ ਪਾਕਿਸਤਾਨ ਦੋਵਾਂ ਨੂੰ ਆਪਣੀ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਦੱਸ ਕੇ ਭਾਰਤ ਪੱਛਮੀ ਉਦਾਰ ਲੋਕਤੰਤਰਾਂ ਤੋਂ ਮੂੰਹ ਮੋੜਨ ਦਾ ਖ਼ਤਰਾ ਮੁੱਲ ਲੈ ਸਕਦਾ ਹੈ? ਕੀ ਇੱਥੇ ਵਿਦੇਸ਼ ਨੀਤੀ ਘੜਨ ਤੇ ਵਿਚਾਰਨ ਵਾਲਿਆਂ ਅਤੇ ਰਾਸ਼ਟਰੀ ਸੁਰੱਖਿਆ ਦੇਖਣ ਵਾਲਿਆਂ ’ਚ ਤਾਲਮੇਲ ਦੀ ਕਮੀ ਹੈ? ਟਰੂਡੋ ਨੇ ਇਸ ਤਰ੍ਹਾਂ ਦੇ ਕਈ ਸਵਾਲ ਚੁੱਕੇ ਹਨ।

ਇੱਧਰ ਸਾਡੇ ਗੁਆਂਢ ਵਿਚ ਪੱਛਮੀ ਏਸ਼ੀਆ ’ਚ ਵਾਪਰ ਰਿਹਾ ਟਕਰਾਅ ਜੋ ਯੂਰੋਪ ’ਚ ਜੰਗ ਤੋਂ ਬਾਅਦ ਹੋਇਆ ਹੈ, ਉਹ ਵੀ ਪੱਛਮ ਨਾਲ ਭਾਰਤ ਦੇ ਰਿਸ਼ਤਿਆਂ ’ਤੇ ਸਵਾਲੀਆ ਚਿੰਨ੍ਹ ਲਾਉਂਦਾ ਹੈ। ਪੱਛਮੀ ਏਸ਼ੀਆ ਦੇ ਟਕਰਾਅ ’ਚ ਅਮਰੀਕਾ ਦੀ ਵਧ ਰਹੀ ਸ਼ਮੂਲੀਅਤ ਇਸ ਸੰਘਰਸ਼ ਦਾ ਘੇਰਾ ਵਧਾ ਸਕਦੀ ਹੈ ਜਿਸ ਦੇ ਭਾਰਤੀ ਅਰਥਚਾਰੇ ’ਤੇ ਮਾਰੂ ਅਸਰ ਪੈ ਸਕਦੇ ਹਨ। ਤੇਲ ਕੀਮਤਾਂ ਵਧ ਸਕਦੀਆਂ ਹਨ ਤੇ ਖੇਤਰ ਵਿੱਚ ਮੌਜੂਦ ਲੱਖਾਂ ਭਾਰਤੀਆਂ ਦੀ ਸਲਾਮਤੀ ਖ਼ਤਰੇ ਵਿੱਚ ਪੈ ਸਕਦੀ ਹੈ ਜਿਸ ਦਾ ਭਾਰਤ ’ਤੇ ਵੱਡਾ ਆਰਥਿਕ ਬੋਝ ਪੈ ਸਕਦਾ ਹੈ।

ਕੁੱਲ ਮਿਲਾ ਕੇ ਜਾਪਦਾ ਹੈ, ਅਜੋਕਾ ਆਲਮੀ ਮਾਹੌਲ ਭਾਰਤ ਦੀ ਆਰਥਿਕ ਤਰੱਕੀ ਤੇ ਵਿਕਾਸ ਲਈ ਬਹੁਤਾ ਸੁਖਾਵਾਂ ਨਹੀਂ ਹੈ। ਕੀ ਦੁਨੀਆ, ਘੱਟੋ-ਘੱਟ ਪੱਛਮੀ ਜਗਤ ਦੀ ਭਾਰਤ ਦੇ ਉਭਾਰ ’ਚ ਓਨੀ ਦਿਲਚਸਪੀ ਨਹੀਂ ਰਹੀ ਜਿੰਨੀ ਕਰੀਬ ਦਹਾਕਾ ਪਹਿਲਾਂ ਸੀ? ਨਰਿੰਦਰ ਮੋਦੀ ਸਰਕਾਰ ਤੇ ਭਾਜਪਾ ਅਤੇ ਆਰਐੱਸਐੱਸ ਦੇ ਮੈਂਬਰਾਂ ਵੱਲੋਂ ਪੱਛਮੀ ਸੰਸਾਰ ਤੇ ਇਸ ਦੀਆਂ ਸੰਸਥਾਵਾਂ ਦੀ ਨਿਯਮਿਤ ਆਲੋਚਨਾ ਤੋਂ ਤਾਂ ਜਾਪਦਾ ਹੈ ਕਿ ਇਹ ਪੱਛਮ ਨਾਲ ਰਿਸ਼ਤਿਆਂ ਦੀ ਪਰਖ ਦਾ ਸਮਾਂ ਹੈ ਅਤੇ ਬੇਭਰੋਸਗੀ ਦਾ ਸੰਕਟ ਗਹਿਰਾ ਹੋ ਰਿਹਾ ਹੈ। ਹੋ ਸਕਦਾ ਹੈ ਕਿ ਟਰੂਡੋ ਕਿਸੇ ਗਹਿਰੇ ਰੋਗ ਦਾ ਬਸ ਇੱਕ ਲੱਛਣ ਹੋਵੇ।


ਕੈਨੇਡੀਅਨ ਪੰਜਾਬ ਟਾਈਮਜ਼ ਸੱਚ ਅਤੇ ਨਿਰਪੱਖ ਸੋਚ
SINCE : 2007
ਪਾਠਕਾਂ ਦੇ ਵਿਸ਼ਵਾਸ਼ ਦਾ 18 ਵਾਂ ਸਾਲ



24 ਘੰਟੇ ਆਨਲਾਈਨ ਪੜ੍ਹੋ
www.thepunjabtimes.ca
ਲੇਖ ਅਤੇ ਚਲੰਤ ਮਸਲੇ

ਜੇਕਰ ਤੁਸੀਂ ਆਪਣੇ ਵਪਾਰ ਨੂੰ ਵਧਾਉਣਾ ਚਾਹੁੰਦੇ ਹੋ
ਤਾਂ ਅੱਜ ਹੀ ਸਾਡੇ ਨਾਲ ਜੁੜੋ

It's Time To Grow Your Business
Advertise with us...

ਕੈਨੇਡੀਅਨ ਪੰਜਾਬ ਟਾਈਮਜ਼ ਸੱਚ ਅਤੇ ਨਿਰਪੱਖ ਸੋਚ
: canadianpunjabtimes@gmail.com
Contact : 604-338-7310


ਪੰਜਾਬੀਆਂ ਦੀ ਫਰੇਜ਼ਰ ਸਟਰੀਟ 'ਤੇ ਸਭ ਤੋਂ ਪੁਰਾਣੀ ਅਤੇ ਸਭ ਤੋਂ ਵੱਡੀ ਮੀਟ ਸ਼ਾਪ
ਫਰੇਜ਼ਰ ਵਿਊ ਮੀਟ ਸ਼ਾਪ
6657, Fraser St. Vancouver, 604-327-1724
ਬਾਰਬੀਕਿਊ ਚਟਪਟਾ
ਵਧੀਆ ਮੀਟ ਘੱਟ ਕੀਮਤ
ਵਿਆਹ, ਸ਼ਾਦੀਆਂ ਅਤੇ ਪਾਰਟੀਆਂ ਲਈ ਵੀ ਖਾਸ ਰਿਆਇਤਾਂ
ਜਾਨਬ ਅਸਲਮ ਮਲਿਕ, ਫੈਰੀਅਲ ਮੈਂਜੀ ਅਤੇ ਸਮੂਹ ਸਟਾਫ਼ ਵਲੋਂ
ਦੇਸ਼ ਵਿਦੇਸ਼ ਵਸਦੀ ਸਮੁੱਚੀ ਲੋਕਾਈ ਨੂੰ
ਦੀਵਾਲੀ ਦੀਆਂ ਲੱਖ ਲੱਖ ਮੁਬਾਰਕਾਂ
Happy Diwali
ਅਲ-ਮਨਸੂਰ ਵੀਡੀਓ ਇੰਕ.
ਅਸਲਮ ਮਲਿਕ
604-321-2442
6657-Fraser St. Vancouver
(Inside Fraserview Meat Shop)

# ਫ਼ਲਸਤੀਨੀ ਜ਼ਖ਼ਮ ਲੁਕ ਨਹੀਂ ਸਕਦਾ: ਅਰੁੰਧਤੀ ਰਾਏ

*ਲੇਖਕਾ ਅਤੇ ਕਾਰਕੁਨ ਅਰੁੰਧਤੀ ਰਾਏ ਨੂੰ ਪੈੱਨ ਪਿੰਟਰ ਪੁਰਸਕਾਰ 2024 ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਨਾਟਕਕਾਰ ਹੈਰਲਡ ਪਿੰਟਰ ਦੀ ਯਾਦ ਵਿਚ ਇੰਗਲਿਸ਼ ਪੈੱਨ ਦੁਆਰਾ ਸਥਾਪਤ ਸਾਲਾਨਾ ਪੁਰਸਕਾਰ ਹੈ। ਅਰੁੰਧਤੀ ਨੇ ਐਲਾਨ ਕੀਤਾ ਕਿ ਪੁਰਸਕਾਰ ਦੀ ਰਕਮ ਉਹ ਫ਼ਲਸਤੀਨੀ ਬਾਲ ਰਾਹਤ ਫੰਡ ਨੂੰ ਦੇਵੇਗੀ। 10 ਅਕਤੂਬਰ ਦੀ ਸ਼ਾਮ ਨੂੰ ਬ੍ਰਿਟਿਸ਼ ਲਾਇਬ੍ਰੇਰੀ ਵਿਚ ਪੁਰਸਕਾਰ ਲੈਣ ਸਮੇਂ ਅਰੁੰਧਤੀ ਦਾ ਭਾਸ਼ਣ ਸਾਂਝਾ ਕੀਤਾ ਜਾ ਰਿਹਾ ਹੈ। ਇਸ ਦਾ ਉਚੇਚਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।*



ਮੈਂ ਇੰਗਲਿਸ਼ 'ਪੈਨ' ਦੇ ਮੈਂਬਰਾਂ ਅਤੇ ਜਿਊਰੀ ਮੈਂਬਰਾਂ ਦਾ ਮੈਨੂੰ ਪੈਨ ਪਿੰਟਰ ਪੁਰਸਕਾਰ ਨਾਲ ਸਨਮਾਨਿਤ ਕਰਨ ਲਈ ਧੰਨਵਾਦ ਕਰਦੀ ਹਾਂ। ਮੈਂ ਇਸ ਸਾਲ ਦੇ 'ਰਾਈਟਰ ਆਫ ਕਰੇਜ' ਦੇ ਨਾਂ ਦਾ ਐਲਾਨ ਕਰ ਕੇ ਆਪਣੀ ਗੱਲ ਸ਼ੁਰੂ ਕਰਨਾ ਚਾਹਾਂਗੀ ਜਿਸ ਦੇ ਨਾਲ ਮੈਨੂੰ ਇਹ ਪੁਰਸਕਾਰ ਦੇਣ ਲਈ ਚੁਣਿਆ ਗਿਆ ਹੈ। ਦਲੇਰ ਲੇਖਕ ਅਤੇ ਮੇਰੇ ਸਾਥੀ ਪੁਰਸਕਾਰ ਜੇਤੂ ਆਲਾ ਅਬਦ ਅਲ-ਫ਼ਤਹ, ਤੁਹਾਨੂੰ ਮੇਰੇ ਵੱਲੋਂ ਮੁਬਾਰਕਾਂ। ਅਸੀਂ ਉਮੀਦ ਅਤੇ ਅਰਦਾਸ ਕੀਤੀ ਕਿ ਸਤੰਬਰ ਵਿਚ ਤੁਸੀਂ ਰਿਹਾਅ ਕਰ ਦਿੱਤੇ ਜਾਓਗੇ ਪਰ ਮਿਸਰ ਦੀ ਸਰਕਾਰ ਨੇ ਫ਼ੈਸਲਾ ਕੀਤਾ ਕਿ ਤੁਸੀਂ ਬਹੁਤ ਹੀ ਖ਼ੂਬਸੂਰਤ ਲੇਖਕ ਅਤੇ ਏਨੇ ਖ਼ਤਰਨਾਕ ਚਿੰਤਕ ਹੋਣ ਕਰ ਕੇ ਤੁਹਾਨੂੰ ਰਿਹਾਅ ਨਹੀਂ ਕੀਤਾ ਜਾ ਸਕਦਾ। ਉਂਝ, ਤੁਸੀਂ ਸਾਡੇ ਨਾਲ ਇੱਥੇ ਮੌਜੂਦ ਹੋ। ਤੁਸੀਂ ਇਥੇ ਸਭ ਤੋਂ ਮਹੱਤਵਪੂਰਨ ਸ਼ਖਸ ਹੋ। ਜੇਲ੍ਹ ਵਿਚੋਂ ਤੁਸੀਂ ਲਿਖਿਆ, "ਕੋਈ ਤਾਕਤ ਮੇਰੇ ਸ਼ਬਦਾਂ ਤੋਂ ਖੁੱਸ ਗਈ ਤੇ ਫਿਰ ਵੀ ਉਹ ਮੇਰੇ ਅੰਦਰੋਂ ਬਾਹਰ ਆਉਂਦੇ ਰਹੇ। ਮੇਰੇ ਕੋਲ ਅਜੇ ਵੀ ਇਕ ਆਵਾਜ਼ ਸੀ, ਭਾਵੇਂ ਸਿਰਫ਼ ਮੁੱਠੀ ਭਰ ਲੋਕ ਹੀ ਸੁਣਨਗੇ।" ਅਸੀਂ ਸੁਣ ਰਹੇ ਹਾਂ ਆਲਾ। ਗ਼ੌਰ ਨਾਲ। ਤੁਹਾਨੂੰ ਵੀ ਵਧਾਈਆਂ, ਮੇਰੀ ਪਿਆਰੀ ਨੈਓਮੀ ਕਲਾਈਨ, ਆਲਾ ਅਤੇ ਮੇਰੀ, ਦੋਹਾਂ ਦੀ ਦੋਸਤ। ਅੱਜ ਰਾਤ ਇੱਥੇ ਆਉਣ ਲਈ ਤੇਰਾ ਧੰਨਵਾਦ। ਇਸ ਦਾ ਭਾਵ ਮੇਰੇ ਲਈ ਦੁਨੀਆ ਹੈ। ਇੱਥੇ ਜੁੜੇ ਤੁਹਾਡੇ ਸਾਰਿਆਂ ਦੇ ਨਾਲ-ਨਾਲ ਉਨ੍ਹਾਂ ਸਾਰਿਆਂ ਨੂੰ ਵੀ ਸ਼ੁਭ ਕਾਮਨਾਵਾਂ ਜੋ ਸ਼ਾਇਦ ਇਨ੍ਹਾਂ ਅਦਭੁੱਤ ਸਰੋਤਿਆਂ ਲਈ ਅਦਿਖ ਹਨ ਪਰ ਇਸ ਕਮਰੇ ਵਿਚ ਮੌਜੂਦ ਕਿਸੇ ਹੋਰ ਸ਼ਖਸ ਵਾਂਗ ਮੈਨੂੰ ਦਿਸ ਰਹੇ ਹਨ। ਮੈਂ ਭਾਰਤ ਦੀਆਂ ਜੇਲ੍ਹਾਂ'ਚ ਡੱਕੇ ਆਪਣੇ ਦੋਸਤਾਂ ਤੇ ਸਾਥੀਆਂ- ਵਕੀਲਾਂ, ਅਕਾਦਮੀਸ਼ੀਅਨਾਂ, ਵਿਦਿਆਰਥੀਆਂ, ਪੱਤਰਕਾਰਾਂ- ਉਮਰ ਖ਼ਾਲਿਦ, ਗੁਲਫਿਸ਼ਾ ਫ਼ਾਤਿਮਾ, ਖ਼ਾਲਿਦ ਸੈਫ਼ੀ, ਸ਼ਰਜੀਲ ਇਮਾਮ, ਰੋਨਾ ਵਿਲਸਨ, ਸੁਰਿੰਦਰ ਗਾਡਲਿੰਗ, ਮਹੇਸ਼ ਰਾਵਤ ਦੀ ਗੱਲ ਕਰ ਰਹੀ ਹਾਂ। ਮੈਂ ਤੁਹਾਡੇ ਨਾਲ ਗੱਲ ਕਰ ਰਹੀ ਹਾਂ, ਮੇਰੇ ਦੋਸਤ ਖ਼ੁਰਮ ਪਰਵੇਜ਼; ਉਨ੍ਹਾਂ ਸਭ ਤੋਂ ਕਮਾਲ ਦੇ ਲੋਕਾਂ ਵਿਚੋਂ ਇਕ ਜਿਨ੍ਹਾਂ ਨੂੰ ਮੈਂ ਜਾਣਦੀ ਹਾਂ, ਤੁਸੀਂ ਤਿੰਨ ਸਾਲ ਤੋਂ ਜੇਲ੍ਹ ਵਿਚ ਹੋ, ਤੇ ਇਰਫ਼ਾਨ ਮਹਿਰਾਜ ਤੁਹਾਡੇ ਨਾਲ ਵੀ ਅਤੇ ਕਸ਼ਮੀਰ ਤੇ ਪੂਰੇ ਮੁਲਕ'ਚ ਕੈਦ ਹਜ਼ਾਰਾਂ ਲੋਕਾਂ ਨਾਲ ਵੀ ਜਿਨ੍ਹਾਂ ਦੀਆਂ ਜ਼ਿੰਦਗੀਆਂ ਤਬਾਹ ਕਰ ਦਿੱਤੀਆਂ ਗਈਆਂ। ਜਦੋਂ ਇੰਗਲਿਸ਼ ਪੈਨ ਐਂਡ ਪਿੰਟਰ ਪੈਨਲ ਦੀ ਚੇਅਰਪਰਸਨ ਰੂਥ ਬੋਰਥਵਿਕ ਨੇ ਮੈਨੂੰ ਇਸ ਸਨਮਾਨ ਬਾਰੇ ਲਿਖਿਆ ਤਾਂ ਉਨ੍ਹਾਂ ਨੇ ਕਿਹਾ ਕਿ ਪਿੰਟਰ ਪੁਰਸਕਾਰ ਅਜਿਹੇ ਲੇਖਕ ਨੂੰ ਦਿੱਤਾ ਜਾਂਦਾ ਹੈ ਜਿਸ ਨੇ 'ਸਾਡੇ ਜੀਵਨ ਤੇ ਸਮਾਜ ਦੇ ਅਸਲ ਸੱਚ ਨੂੰ 'ਨਿਧੜਕ, ਅਡੋਲ, ਜ਼ਬਰਦਸਤ ਬੌਧਿਕ ਦ੍ਰਿੜਤਾ' ਨਾਲ ਪਰਿਭਾਸ਼ਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਹੈਰਲਡ ਪਿੰਟਰ ਦੇ ਨੋਬਲ ਪੁਰਸਕਾਰ ਲੈਣ ਸਮੇਂ ਦੇ ਭਾਸ਼ਣ ਦਾ ਹਵਾਲਾ ਹੈ। 'ਅਨਫਿੰਚਿੰਗ' ਸ਼ਬਦ ਨਾਲ ਮੈਂ ਪਲ ਕੁ ਲਈ ਰੁਕ ਕੇ ਸੋਚਣ ਲਈ ਮਜਬੂਰ ਹੋ ਗਈ, ਕਿਉਂਕਿ ਮੈਂ ਖੁਦ ਨੂੰ ਅਜਿਹੇ ਵਿਅਕਤੀ ਦੇ ਰੂਪ ਵਿਚ ਸੋਚਦੀ ਹਾਂ ਜੋ ਲੱਗਭੱਗ ਹਮੇਸ਼ਾ ਹਿਚਕਚਾਉਂਦਾ ਹੈ। ਮੈਂ 'ਫਲਿੰਚਿੰਗ' ਅਤੇ 'ਅਨਫਲਿੰਚਿੰਗ' ਦੇ ਵਿਸ਼ੇ'ਤੇ ਥੋੜ੍ਹਾ ਧਿਆਨ ਕੇਂਦਰਤ ਕਰਨਾ ਚਾਹਾਂਗੀ ਜਿਸ ਨੂੰ ਖੁਦ ਹੈਰਲਡ ਪਿੰਟਰ ਬਿਹਤਰੀਨ ਤਰੀਕੇ ਨਾਲ ਦਰਸਾਇਆ ਹੈ: ... ਮੈਂ 1980 ਦੇ ਦਹਾਕੇ ਦੇ ਅੰਤ'ਚ ਲੰਡਨ ਵਿਚ ਅਮਰੀਕੀ ਦੂਤਾਵਾਸ ਵਿਚ ਮੀਟਿੰਗ ਵਿਚ ਮੌਜੂਦ ਸੀ। ਅਮਰੀਕੀ ਕਾਂਗਰਸ ਨੇ ਇਹ ਫ਼ੈਸਲਾ ਕਰਨਾ ਸੀ ਕਿ ਨਿਕਾਰਾਗੂਆ ਵਿਰੁੱਧ ਮੁਹਿੰਮ ਵਿਚ ਕੌਂਟਰਾ ਬਾਗ਼ੀਆਂ ਨੂੰ ਹੋਰ ਧਨ ਦੇਣਾ ਹੈ ਜਾਂ ਨਹੀਂ। ਮੈਂ ਨਿਕਾਰਾਗੂਆ ਵੱਲੋਂ ਬੋਲਣ ਵਾਲੇ ਵਫ਼ਦ ਦਾ ਮੈਂਬਰ ਸੀ ਪਰ ਇਸ ਵਫ਼ਦ ਦਾ ਸਭ ਤੋਂ ਅਹਿਮ ਮੈਂਬਰ ਫਾਦਰ ਜੌਹਨ ਮੈਟਕਾਫ ਸੀ। ਅਮਰੀਕੀ ਅਦਾਰੇ ਦਾ ਆਗੂ ਰੇਮੰਡ ਸੀਟਜ਼ (ਉਸ ਸਮੇਂ ਰਾਜਦੂਤ ਤੋਂ ਅਗਲੀ ਹਸਤੀ, ਬਾਅਦ ਵਿਚ ਖੁਦ ਰਾਜਦੂਤ) ਸੀ। ਫਾਦਰ ਮੈਟਕਾਫ ਨੇ ਕਿਹਾ- 'ਮੈਂ ਨਿਕਾਰਾਗੂਆ ਦੇ ਉਤਰ ਵਿਚ ਚਰਚ ਦੀ ਪ੍ਰਸ਼ਾਸਨਿਕ ਇਕਾਈ ਦਾ ਮੁਖੀ ਹਾਂ। ਮੇਰੇ ਪਾਦਰੀਆਂ ਨੇ ਸਕੂਲ, ਸਿਹਤ ਕੇਂਦਰ, ਸੱਭਿਆਚਾਰਕ ਕੇਂਦਰ ਬਣਾਇਆ ਸੀ। ਅਸੀਂ ਅਮਨ-ਅਮਾਨ ਨਾਲ ਰਹਿ ਰਹੇ ਹਾਂ। ਕੁਝ ਮਹੀਨੇ ਪਹਿਲਾਂ ਕੌਂਟਰਾ ਟੁਕੜੀ ਨੇ ਸੰਸਥਾ ਉਪਰ ਹਮਲਾ ਕੀਤਾ। ਉਨ੍ਹਾਂ ਨੇ ਸਕੂਲ, ਸਿਹਤ ਕੇਂਦਰ, ਸੱਭਿਆਚਾਰਕ ਕੇਂਦਰ ਸਭ ਕੁਝ ਤਬਾਹ ਕਰ ਦਿੱਤਾ। ਉਨ੍ਹਾਂ ਨਰਸਾਂ ਤੇ ਅਧਿਆਪਕਾਵਾਂ ਨਾਲ ਬਲਾਤਕਾਰ ਕੀਤਾ, ਡਾਕਟਰਾਂ ਦਾ ਬੇਰਹਿਮੀ ਨਾਲ ਕਤਲ ਕੀਤਾ। ਕਿਰਪਾ ਕਰ ਕੇ ਮੰਗ ਕਰੋ ਕਿ ਅਮਰੀਕੀ ਸਰਕਾਰ ਇਸ ਭਿਆਨਕ ਦਹਿਸ਼ਤਵਰਗ ਸਰਗਰਮੀ ਨੂੰ ਦਿੱਤੀ ਜਾ ਰਹੀ ਹਮਾਇਤ ਵਾਪਸ ਲਵੇ। ਬਤੌਰ ਤਰਕਸ਼ੀਲ, ਜ਼ਿੰਮੇਵਾਰ ਤੇ ਬੇਹੱਦ ਸੂਝਵਾਨ ਵਿਅਕਤੀ ਰੇਮੰਡ ਸੀਟਜ਼ ਦਾ ਬਹੁਤ ਵਧੀਆ ਵੱਕਾਰ ਸੀ। ਕੂਟਨੀਤਕ ਹਲਕਿਆਂ ਵਿਚ ਉਨ੍ਹਾਂ ਦਾ ਬਹੁਤ ਸਨਮਾਨ ਕੀਤਾ ਜਾਂਦਾ ਸੀ। ਉਨ੍ਹਾਂ ਸੁਣਿਆ, ਰੁਕੇ ਅਤੇ ਫਿਰ ਕੁਝ ਗੰਭੀਰਤਾ ਨਾਲ ਗੱਲ ਕੀਤੀ- "ਫਾਦਰ, ਮੈਂ ਤੁਹਾਨੂੰ ਇਕ ਗੱਲ ਦੱਸਦਾਂ। ਜੰਗ ਵਿਚ ਦੁੱਖ ਹਮੇਸ਼ਾ ਬੇਕਸੂਰ ਲੋਕਾਂ ਨੂੰ ਝੱਲਣੇ ਪੈ 'ਦੇ ਹਨ।" ਮੁਰਦਾ ਖ਼ਾਮੋਸ਼ੀ ਛਾ ਗਈ। ਅਸੀਂ ਉਸ ਵੱਲ ਝਾਕਦੇ ਰਹੇ। ਉਹ ਧੜਕੇ ਨਹੀਂ। ਯਾਦ ਰੱਖੋ, ਰਾਸ਼ਟਰਪਤੀ ਰੀਗਨ ਨੇ ਕੌਂਟਰਾ ਨੂੰ 'ਸਾਡੇ ਮੋਢੀ ਪੁਰਖਿਆਂ ਦੇ ਨੈਤਿਕ ਸਮਤੁੱਲ' ਕਿਹਾ ਸੀ। ਵਾਕੰਸ਼ ਜੋ ਉਸ ਨੂੰ ਪਸੰਦ ਸੀ। ਉਸ ਨੇ ਇਸ ਦੀ ਵਰਤੋਂ ਸੀ.ਆਈ.ਏ. ਦੀ ਹਮਾਇਤ ਪ੍ਰਾਪਤ ਅਫ਼ਗਾਨ ਮੁਜਾਹਿਦੀਨ ਦਾ ਵਰਣਨ ਕਰਨ ਲਈ ਵੀ ਕੀਤੀ ਜੋ ਫਿਰ ਤਾਲਿਬਾਨ ਬਣ ਗਏ; ਤੇ ਇਹੀ ਤਾਲਿਬਾਨ ਅਮਰੀਕੀ ਹਮਲੇ ਤੇ ਕਬਜ਼ੇ ਵਿਰੁੱਧ ਵੀਹ ਸਾਲ ਲੰਮੀ ਲੜਾਈ ਲੜਨ ਤੋਂ ਬਾਅਦ ਅੱਜ ਅਫ਼ਗਾਨਿਸਤਾਨ ਉਪਰ ਰਾਜ ਕਰ ਰਿਹਾ ਹੈ। ਕੌਂਟਰਿਆਂ ਅਤੇ ਮੁਜਾਹਿਦੀਨ ਤੋਂ ਪਹਿਲਾਂ ਵੀਅਤਨਾਮ ਵਿਚ ਯੁੱਧ ਹੋਇਆ ਸੀ ਤੇ ਅਮਰੀਕਨ ਫ਼ੌਜੀ ਮੱਤ ਨੇ ਆਪਣੇ ਫ਼ੌਜੀਆਂ ਨੂੰ 'ਜੋ ਵੀ ਹਿੱਲਦਾ ਜੁਲਦਾ ਹੈ, ਉਸ ਨੂੰ ਮਾਰ ਦੇਣ' ਦਾ ਆਦੇਸ਼ ਦਿੱਤਾ ਸੀ। ਜੇ ਤੁਸੀਂ ਵੀਅਤਨਾਮ ਵਿਚ ਅਮਰੀਕੀ ਯੁੱਧ ਦੇ ਉਦੇਸ਼ਾਂ ਬਾਰੇ ਪੈਂਟਾਗਨ ਪੇਪਰ ਅਤੇ ਹੋਰ ਦਸਤਾਵੇਜ਼ ਪੜ੍ਹੋ ਤਾਂ ਤੁਸੀਂ ਨਸਲਕੁਸ਼ੀ ਕਰਨ ਬਾਰੇ ਕੁਝ ਵਿਚਾਰ ਚਰਚਾਵਾਂ ਦਾ ਆਨੰਦ ਲੈ ਸਕਦੇ ਹੋ- 'ਲੋਕਾਂ ਨੂੰ ਸਿੱਧੇ ਤੌਰ'ਤੇ ਮਾਰਨਾ ਬਿਹਤਰ ਹੈ ਜਾਂ ਹੌਲੀ-ਹੌਲੀ ਭੁੱਖੇ ਮਾਰਨਾ? ਕਿਹੜਾ ਬਿਹਤਰ ਜਾਪੇਗਾ? ਪੈਂਟਾਗਨ ਵਿਚ ਦਿਆਲੂ ਉਚ ਅਧਿਕਾਰੀਆਂ ਨੂੰ ਜਿਸ ਸਮੱਸਿਆ ਦਾ ਸਾਹਮਣਾ ਕਰਨਾ ਪਿਆ, ਉਹ ਇਹ ਸੀ ਕਿ ਅਮਰੀਕੀਆਂ ਦੇ ਉਲਟ ਜੋ ਉਨ੍ਹਾਂ ਮੁਤਾਬਿਕ 'ਜੀਵਨ, ਖ਼ੁਸ਼ੀ, ਦੌਲਤ, ਤਾਕਤ' ਚਾਹੁੰਦੇ ਹਨ, ਏਸ਼ੀਆਈ 'ਦੌਲਤ ਦੇ ਵਿਨਾਸ਼ ਅਤੇ ਜਾਨੀ ਨੁਕਸਾਨ' ਨੂੰ ਦ੍ਰਿੜਤਾ ਨਾਲ ਕਬੂਲ ਕਰਦੇ ਹਨ - ਤੇ ਅਮਰੀਕਾ ਨੂੰ ਆਪਣੇ 'ਯੁੱਧਨੀਤਕ ਤਰਕ ਨੂੰ ਇਸ ਦੇ ਨਤੀਜੇ'ਤੇ ਲਿਜਾਣ ਲਈ ਮਜਬੂਰ ਕਰਦੇ ਹਨ ਜੋ ਨਸਲਕੁਸ਼ੀ ਹੈ'। ਭਿਆਨਕ ਬੋਝ ਜਿਸ ਨੂੰ ਬੇਝਿਜਕ ਸਹਿਣ ਕੀਤਾ ਜਾਣਾ ਹੈ। ... ਤੇ ਇਸ ਵਕਤ ਅਸੀਂ, ਐਨੇ ਸਾਲ ਬਾਅਦ, ਇਕ ਸਾਲ ਤੋਂ ਵੀ ਵੱਧ ਸਮੇਂ ਤੋਂ ਇਕ ਹੋਰ ਨਸਲਕੁਸ਼ੀ ਦਰਮਿਆਨ ਹਾਂ। ਬਸਤੀਵਾਦੀ ਕਬਜ਼ੇ ਅਤੇ ਨਸਲਵਾਦੀ ਰਿਆਸਤ/ਸਟੇਟ ਦੀ ਰਾਖੀ ਲਈ ਗਾਜ਼ਾ ਅਤੇ ਹੁਣ ਲਿਬਨਾਨ ਵਿਚ ਅਮਰੀਕਾ ਤੇ ਇਜ਼ਰਾਈਲ ਵੱਲੋਂ ਬੇਝਿਜਕ ਤੇ ਲਗਾਤਾਰ ਨਸਲਕੁਸ਼ੀ ਕੀਤੀ ਜਾ ਰਹੀ ਹੈ ਜੋ ਟੈਲੀਵਿਜ਼ਨ'ਤੇ ਪ੍ਰਸਾਰਤ ਕੀਤੀ ਜਾਂਦੀ ਹੈ। ਹੁਣ ਤੱਕ ਮਰਨ ਵਾਲਿਆਂ ਦੀ ਗਿਣਤੀ ਅਧਿਕਾਰਕ ਤੌਰ'ਤੇ 42000 ਹੈ ਜਿਨ੍ਹਾਂ ਵਿਚ ਜ਼ਿਆਦਾਤਰ ਔਰਤਾਂ ਤੇ ਬੱਚੇ ਹਨ। ਇਸ ਵਿਚ ਉਹ ਲੋਕ ਸ਼ਾਮਲ ਨਹੀਂ ਜੋ ਇਮਾਰਤਾਂ, ਆਸ-ਪਾਸ ਦੇ ਮੁਹੱਲਿਆਂ, ਪੂਰੇ ਦੇ ਪੂਰੇ ਸ਼ਹਿਰਾਂ ਦੇ ਮਲਬੇ ਹੇਠ ਚੀਕਾਂ ਮਾਰਦੇ ਹੋਏ ਮਾਰੇ ਗਏ ਅਤੇ ਜਿਨ੍ਹਾਂ ਦੀਆਂ ਲਾਸ਼ਾਂ ਅਜੇ ਤੱਕ ਨਹੀਂ ਮਿਲੀਆਂ। ਔਕਸਫੈਮ ਦਾ ਤਾਜ਼ਾ ਅਧਿਐਨ ਕਹਿੰਦਾ ਹੈ ਕਿ ਪਿਛਲੇ ਵੀਹ ਸਾਲਾਂ'ਚ ਹੋਏ ਕਿਸੇ ਵੀ ਹੋਰ ਯੁੱਧ ਨਾਲੋਂ ਐਨੇ ਸਮੇਂ'ਚ ਗਾਜ਼ਾ ਵਿਚ ਵਧੇਰੇ ਬੱਚੇ ਮਾਰੇ ਗਏ ਹਨ। ਨਾਜ਼ੀ ਸਟੇਟ ਵੱਲੋਂ ਲੱਖਾਂ ਯੂਰਪੀ ਯਹੂਦੀਆਂ ਦੇ ਸਫ਼ਾਏ ਯਾਨੀ ਨਸਲਕੁਸ਼ੀ ਪ੍ਰਤੀ ਆਪਣੀ ਮੁੱਢਲੇ ਸਾਲਾਂ ਦੀ ਉਦਾਸੀਨਤਾ ਦੇ ਸਮੂਹਿਕ ਅਪਰਾਧ ਬੋਧ ਨੂੰ ਘਟਾਉਣ ਲਈ ਅਮਰੀਕਾ ਅਤੇ ਯੂਰਪ ਨੇ ਦੂਜੀ ਨਸਲਕੁਸ਼ੀ ਲਈ ਆਧਾਰ ਤਿਆਰ ਕੀਤਾ ਹੈ। ਇਤਿਹਾਸ ਵਿਚ ਨਸਲੀ ਸਫ਼ਾਇਆ ਅਤੇ ਨਸਲਕੁਸ਼ੀ ਕਰਨ ਵਾਲੇ ਹਰ ਸਟੇਟ ਵਾਂਗ ਇਜ਼ਰਾਈਲ ਵਿਚ ਜ਼ਾਇਓਨਿਸਟਾਂ ਨੇ - ਜੋ ਆਪਣੇ ਆਪ ਨੂੰ 'ਚੁਣੇ ਹੋਏ ਲੋਕ' ਸਮਝਦੇ ਹਨ ਫ਼ਲਸਤੀਨੀਆਂ ਨੂੰ ਉਨ੍ਹਾਂ ਦੀ ਧਰਤੀ ਤੋਂ ਖਦੇੜਨ ਅਤੇ ਉਨ੍ਹਾਂ ਦਾ ਕਤਲੇਆਮ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਅਣਮਨੁੱਖੀ ਬਣਾਉਣ ਤੋਂ ਸ਼ੁਰੂਆਤ ਕੀਤੀ। ਪ੍ਰਧਾਨ ਮੰਤਰੀ ਮੇਨਾਕੇਮ ਬੇਗਿਨ ਨੇ ਫ਼ਲਸਤੀਨੀਆਂ ਨੂੰ 'ਦੋਪਾਏ ਜਾਨਵਰ' ਕਿਹਾ, ਯਿਤਜ਼ਾਕ ਰਾਬਿਨ ਨੇ ਉਨ੍ਹਾਂ ਨੂੰ 'ਟਿੱਡੇ' ਕਿਹਾ ਜਿਨ੍ਹਾਂ ਨੂੰ 'ਕੁਚਲਿਆ ਜਾ ਸਕਦਾ ਹੈ' ਅਤੇ ਗੋਲਡਾ ਮੇਰ ਨੇ ਕਿਹਾ- 'ਫ਼ਲਸਤੀਨੀਆਂ ਵਰਗੀ ਕੋਈ ਸ਼ੈਅ ਹੈ ਹੀ ਨਹੀਂ ਸੀ। ਫਾਸ਼ੀਵਾਦ ਵਿਰੁੱਧ ਉਸ ਪ੍ਰਸਿੱਧ ਯੋਧੇ ਵਿੰਸਟਨ ਚਰਚਿਲ ਨੇ ਕਿਹਾ, 'ਮੈਂ ਇਹ ਨਹੀਂ ਮੰਨਦਾ ਕਿ ਖੁਰਲੀ ਉਪਰ ਕੁੱਤੇ ਦਾ ਅੰਤਮ ਅਧਿਕਾਰ ਹੋ ਗਿਆ, ਭਾਵੇਂ ਉਹ ਉਥੇ ਬਹੁਤ ਲੰਮਾ ਸਮਾਂ ਕਿਉਂ ਨਾ ਰਿਹਾ ਹੋਵੇ' ਅਤੇ ਫਿਰ ਇੱਥੋਂ ਤੱਕ ਐਲਾਨ ਕੀਤਾ ਕਿ ਖੁਰਲੀ ਉਪਰ ਅੰਤਮ ਅਧਿਕਾਰ 'ਉਚੇਰੀ ਨਸਲ' ਦਾ ਹੈ। ਇਕ ਵਾਰ ਜਦੋਂ ਉਨ੍ਹਾਂ ਦੋ-ਪੈਰੇ ਜਾਨਵਰਾਂ, ਟਿੱਡਿਆਂ, ਕੁੱਤਿਆਂ ਅਤੇ ਅਣਹੋਏ ਲੋਕਾਂ ਦਾ ਕਤਲ ਕਰ ਦਿੱਤਾ ਗਿਆ, ਨਸਲੀ ਸਫ਼ਾਇਆ ਕੀਤਾ ਗਿਆ ਅਤੇ ਉਨ੍ਹਾਂ ਨੂੰ ਬੰਦ ਬਸਤੀਆਂ'ਚ ਡੱਕ ਦਿੱਤਾ ਗਿਆ ਤਾਂ ਨਵੇਂ ਮੁਲਕ ਦਾ ਜਨਮ ਹੋ ਗਿਆ। ਇਸ ਦਾ ਜਸ਼ਨ 'ਧਰਤ ਵਿਹੂਣੇ ਲੋਕਾਂ ਲਈ ਲੋਕ ਵਿਹੂਣੀ ਧਰਤ' ਵਜੋਂ ਮਨਾਇਆ ਜਾਂਦਾ ਸੀ। ਇਜ਼ਰਾਈਲ ਨਾਂ ਦੇ ਪਰਮਾਣੂ ਤਾਕਤ ਨਾਲ ਲੈਸ ਸਟੇਟ ਨੇ ਅਮਰੀਕਾ ਤੇ ਯੂਰਪ ਲਈ ਫ਼ੌਜੀ ਚੌਕੀ ਅਤੇ ਮੱਧ ਪੂਰਬ ਦੀ ਕੁਦਰਤੀ ਦੌਲਤ ਤੇ ਸਰੋਤਾਂ ਲਈ ਲਾਂਘੇ ਦਾ ਕੰਮ ਕਰਨਾ ਸੀ। ਨਿਸ਼ਾਨਿਆਂ ਅਤੇ ਉਦੇਸ਼ਾਂ ਦਾ ਪਿਆਰਾ ਸੰਯੋਗ। ਇਸ ਨੇ ਭਾਵੇਂ ਕੋਈ ਵੀ ਜੁਰਮ ਕੀਤੇ ਹੋਣ, ਨਵੇਂ ਸਟੇਟ ਨੂੰ ਨਿਧੜਕ ਹੋ ਕੇ ਹਥਿਆਰ ਤੇ ਪੈਸਾ ਦਿੱਤਾ, ਲਾਡ ਨਾਲ ਪਾਲਿਆ ਅਤੇ ਵਡਿਆਇਆ। ਇਹ ਕਿਸੇ ਅਮੀਰ ਘਰ 'ਚ ਪਲੇ ਐਸੇ ਬੱਚੇ ਵਾਂਗ ਵੱਡਾ ਹੋਇਆ ਜੋ ਜਦੋਂ ਦੁਸ਼ਟ-ਦਰ-ਦੁਸ਼ਟ ਕਾਰੇ ਕਰਦਾ ਹੈ ਤਾਂ ਮਾਪੇ ਫ਼ਖ਼ਰ ਨਾਲ ਮੁਸਕਰਾਉਂਦੇ ਹਨ। ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਅੱਜ ਇਹ ਨਸਲਕੁਸ਼ੀ ਕਰਨ ਬਾਰੇ ਖੁੱਲ੍ਹ ਕੇ ਸ਼ੇਖੀਆਂ ਮਾਰਨ ਲਈ ਸੁਤੰਤਰ ਮਹਿਸੂਸ ਕਰਦਾ ਹੈ (ਘੱਟੋ-ਘੱਟ ਪੈਂਟਾਗਨ ਪੇਪਰ ਗੁਪਤ ਸਨ, ਉਨ੍ਹਾਂ ਨੂੰ ਚੋਰੀ ਕੀਤਾ ਜਾਣਾ ਸੀ ਤੇ ਉਹ ਲੀਕ ਹੋਣੇ ਸਨ)। ਇਸ ਵਿਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਇਜ਼ਰਾਇਲੀ ਸਿਪਾਹੀ ਸ਼ਿਸ਼ਟਾਚਾਰ ਦੀ ਸਾਰੀ ਭਾਵਨਾ ਗੁਆ ਚੁੱਕੇ ਹਨ। ਇਸ ਵਿਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਉਹ ਸੋਸ਼ਲ ਮੀਡੀਆ ਉਪਰ ਅਜਿਹੀਆਂ ਵੀਡੀਓ ਧੜਾਧੜ ਪਾ ਰਹੇ ਹਨ ਜਿਨ੍ਹਾਂ ਵਿਚ ਉਹ ਉਨ੍ਹਾਂ ਔਰਤਾਂ ਦੇ ਅੰਦਰਲੇ ਕੱਪੜੇ ਪਹਿਨੀ ਦਿਸਦੇ ਹਨ ਜਿਨ੍ਹਾਂ ਨੂੰ ਉਨ੍ਹਾਂ ਨੇ ਮਾਰ ਮੁਕਾਇਆ ਜਾਂ ਉਜਾੜ ਦਿੱਤਾ ਹੈ, ਉਹ ਆਪਣੀਆਂ ਵੀਡੀਓ ਵਿਚ ਮਰ ਰਹੇ ਫ਼ਲਸਤੀਨੀਆਂ ਤੇ ਜ਼ਖ਼ਮੀ ਬੱਚਿਆਂ ਤੇ ਉਨ੍ਹਾਂ ਕੈਦੀਆਂ ਦੀਆਂ ਸਾਂਗਾਂ ਲਾਉਂਦੇ ਹਨ ਜਿਨ੍ਹਾਂ ਨਾਲ ਬਲਾਤਕਾਰ ਕੀਤਾ ਗਿਆ ਤੇ ਤਸੀਹੇ ਦਿੱਤੇ ਗਏ ਹਨ ਜਿਨ੍ਹਾਂ ਵਿਚ ਉਨ੍ਹਾਂ ਦੀਆਂ ਇਮਾਰਤਾਂ ਨੂੰ ਉਡਾਉਂਦਿਆਂ ਦੀਆਂ ਤਸਵੀਰਾਂ ਹਨ ਜਦੋਂ ਉਹ ਸਿਗਰਟ ਪੀ ਰਹੇ ਹੁੰਦੇ ਹਨ ਜਾਂ ਆਪਣੇ ਹੈਡਫੋਨ ਉਪਰ ਸੰਗੀਤ ਸੁਣ ਰਹੇ ਹੁੰਦੇ ਹਨ। ਇਹ ਲੋਕ ਕੌਣ ਹਨ? ਇਜ਼ਰਾਈਲ ਜੋ ਕਰ ਰਿਹਾ ਹੈ, ਉਸ ਨੂੰ ਕਿਹੜੀ ਚੀਜ਼ ਜਾਇਜ਼ ਠਹਿਰਾ ਸਕਦੀ ਹੈ? ਇਜ਼ਰਾਈਲ ਅਤੇ ਇਸ ਦੇ ਜੋਟੀਦਾਰਾਂ ਤੇ ਪੱਛਮੀ ਮੀਡੀਆ ਅਨੁਸਾਰ, ਇਸ ਦਾ ਜਵਾਬ ਹੈ ਪਿਛਲੇ ਸਾਲ 7 ਅਕਤੂਬਰ ਨੂੰ ਇਜ਼ਰਾਈਲ ਉਪਰ ਹਮਾਸ ਦਾ ਹਮਲਾ। ਇਜ਼ਰਾਈਲੀ ਨਾਗਰਿਕਾਂ ਦੇ ਕਤਲ ਅਤੇ ਇਜ਼ਰਾਇਲੀਆਂ ਨੂੰ ਬੰਦੀ ਬਣਾਉਣਾ। ਉਨ੍ਹਾਂ ਅਨੁਸਾਰ, ਇਤਿਹਾਸ ਦੀ ਸ਼ੁਰੂਆਤ ਸਿਰਫ਼ ਸਾਲ ਪਹਿਲਾਂ ਹੀ ਹੋਈ ਸੀ। ਇਹ ਮੇਰੇ ਭਾਸ਼ਣ ਦਾ ਉਹ ਹਿੱਸਾ ਹੈ ਜਿੱਥੇ ਮੇਰੇ ਕੋਲੋ ' ਆਪਣੇ ਆਪ ਨੂੰ, ਆਪਣੀ 'ਨਿਰਪੱਖਤਾ', ਆਪਣੇ ਬੌਧਿਕ ਰੁਤਬੇ ਨੂੰ ਬਚਾਉਣ ਲਈ ਗੋਲਮੋਲ ਗੱਲ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਇਹ ਉਹ ਹਿੱਸਾ ਹੈ ਜਿੱਥੇ ਮੇਰੇ ਕੋਲੋਂ ਨੈਤਿਕ ਸਮਤੋਲ ਬਣਾਉਣ ਤੇ ਹਮਾਸ, ਗਾਜ਼ਾ ਵਿਚਲੇ ਹੋਰ ਖਾੜਕੂ ਗਰੁੱਪਾਂ ਅਤੇ ਲਿਬਨਾਨ ਵਿਚ ਉਨ੍ਹਾਂ ਦੇ ਸੰਗੀ ਹਿਜ਼ਬੁੱਲਾ ਦੀ ਨਾਗਰਿਕਾਂ ਦੇ ਕਤਲ ਕਰਨ ਅਤੇ ਲੋਕਾਂ ਨੂੰ ਬੰਦੀ ਬਣਾਉਣ ਲਈ ਨਿੰਦਾ ਕਰਨ ਦੀ ਭੁੱਲ ਕਰਨ ਦੀ ਉਮੀਦ ਕੀਤੀ ਜਾਂਦੀ ਹੈ; ਤੇ ਗਾਜ਼ਾ ਦੇ ਲੋਕਾਂ ਦੀ ਨਿੰਦਾ ਕਰਨ ਦੀ ਜਿਨ੍ਹਾਂ ਨੇ ਹਮਾਸ ਦੇ ਹਮਲੇ ਦੇ ਜਸ਼ਨ ਮਨਾਏ। ਇਕ ਵਾਰ ਇਹ ਕਰ ਲੈਣ'ਤੇ ਇਹ ਸਭ ਸੌਖਾ ਹੋ ਜਾਂਦਾ ਹੈ, ਹੈ ਨਾ? ਆਹ! ਹਰ ਕੋਈ ਭਿਆਨਕ ਹੈ, ਕੋਈ ਕੀ ਕਰ ਸਕਦਾ ਹੈ? ਛੱਡੋ, ਆਓ ਸ਼ਾਪਿੰਗ ਕਰਦੇ ਹਾਂ... ਮੈਂ ਨਿੰਦਾ ਦੀ ਖੇਡ ਖੇਡਣ ਤੋਂ ਇਨਕਾਰ ਕਰਦੀ ਹਾਂ। ਮੈਂ ਆਪਣੀ ਗੱਲ ਸਪਸ਼ਟ ਕਰ ਦਿਆਂ। ਮੈਂ ਲਤਾੜੇ ਹੋਏ ਲੋਕਾਂ ਨੂੰ ਇਹ ਨਹੀਂ ਦੱਸਦੀ ਕਿ ਉਹ ਆਪਣੇ ਉਪਰ ਜਬਰ-ਜ਼ੁਲਮ ਦਾ ਵਿਰੋਧ ਕਿਵੇਂ ਕਰਨ ਜਾਂ ਉਨ੍ਹਾਂ ਦੇ ਸੰਗੀ ਕੌਣ ਹੋਣੇ ਚਾਹੀਦੇ ਹਨ। ਅਕਤੂਬਰ 2023'ਚ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਇਜ਼ਰਾਈਲ ਦਾ ਦੌਰਾ ਕਰਨ ਸਮੇਂ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਅਤੇ ਇਜ਼ਰਾਈਲ ਦੀ ਯੁੱਧ ਕੈਬਨਿਟ ਨਾਲ ਮੁਲਾਕਾਤ ਕੀਤੀ ਸੀ ਤਾਂ ਉਸ ਨੇ ਕਿਹਾ ਸੀ, "ਮੈਂ ਨਹੀਂ ਮੰਨਦਾ ਕਿ ਜ਼ਿਓਨਿਸਟ ਬਣਨ ਲਈ ਤੁਹਾਡਾ ਯਹੂਦੀ ਹੋਣਾ ਜ਼ਰੂਰੀ ਹੈ, ਤੇ ਮੈਂ ਜ਼ਿਓਨਿਸਟ ਹਾਂ।" ਬਾਇਡਨ (ਜੋ ਆਪਣੇ ਆਪ ਨੂੰ ਗ਼ੈਰ-ਯਹੂਦੀ ਜ਼ਿਓਨਿਸਟ ਕਹਿੰਦਾ ਹੈ ਤੇ ਜੰਗੀ ਜੁਰਮਾਂ ਨੂੰ ਅੰਜਾਮ ਦੇ ਰਹੇ ਇਜ਼ਰਾਈਲ ਨੂੰ ਬੇਝਿਜਕ ਧਨ ਤੇ ਹਥਿਆਰ ਦੇ ਰਿਹਾ ਹੈ) ਦੇ ਐਨ ਉਲਟ ਮੈਂ ਖ਼ੁਦ ਨੂੰ ਕਿਸੇ ਵੀ ਤਰ੍ਹਾਂ ਐਲਾਨ ਨਹੀਂ ਕਰਨ ਜਾ ਰਹੀ ਜਾਂ ਪਰਿਭਾਸ਼ਤ ਨਹੀਂ ਕਰਨ ਜਾ ਰਹੀ ਜੋ ਮੇਰੀ ਲਿਖਤ ਦੇ ਮੁਕਾਬਲੇ ਸੰਕੀਰਨ ਹੋਵੇ। ਮੈਂ ਉਹੀ ਹਾਂ ਜੋ ਮੈਂ ਲਿਖਦੀ ਹਾਂ। ਮੈਂ ਜਾਣਦੀ ਹਾਂ ਕਿ ਮੈਂ ਜੋ ਲੇਖਕਾ ਹਾਂ, ਮੈਂ ਜੋ ਗ਼ੈਰ-ਮੁਸਲਮਾਨ ਹਾਂ ਤੇ ਮੈਂ ਜੋ ਔਰਤ ਹਾਂ, ਉਹ ਹੋਣ ਦੇ ਨਾਤੇ ਮੇਰੇ ਲਈ ਹਮਾਸ, ਹਿਜ਼ਬੁੱਲਾ ਜਾਂ ਇਰਾਨੀ ਹਕੂਮਤ ਅਧੀਨ ਬਹੁਤ ਲੰਮੇ ਸਮੇਂ ਤੱਕ ਜ਼ਿੰਦਾ ਰਹਿਣਾ ਬਹੁਤ ਮੁਸ਼ਕਿਲ, ਸ਼ਾਇਦ ਅਸੰਭਵ ਹੋਵੇਗਾ ਪਰ ਇੱਥੇ ਮੁੱਦਾ ਇਹ ਨਹੀਂ; ਮੁੱਦਾ ਤਾਂ ਇਹ ਹੈ ਕਿ ਅਸੀਂ ਆਪਣੇ ਆਪ ਨੂੰ ਇਤਿਹਾਸ ਅਤੇ ਉਨ੍ਹਾਂ ਹਾਲਾਤ ਬਾਰੇ ਸਿੱਖਿਅਤ ਕਰੀਏ ਜਿਨ੍ਹਾਂ ਤਹਿਤ ਉਹ ਹੋਂਦ ਵਿਚ ਆਏ; ਮੁੱਦਾ ਇਹ ਹੈ ਕਿ ਇਸ ਵੇਲੇ ਉਹ ਚੱਲ ਰਹੀ ਨਸਲਕੁਸ਼ੀ ਵਿਰੁੱਧ ਲੜ ਰਹੇ ਹਨ; ਮੁੱਦਾ ਆਪਣੇ ਆਪ ਨੂੰ ਇਹ ਪੁੱਛਣਾ ਹੈ ਕਿ ਉਦਾਰ, ਧਰਮ ਨਿਰਪੱਖ ਲੜਾਕੂ ਤਾਕਤ ਨਸਲਕੁਸ਼ੀ ਕਰਨ ਵਾਲੀ ਜੰਗੀ ਮਸ਼ੀਨ ਵਿਰੁੱਧ ਜਾ ਸਕਦੀ ਹੈ? ਕਿਉਂਕਿ ਜਦੋਂ ਸੰਸਾਰ ਦੀਆਂ ਸਾਰੀਆਂ ਤਾਕਤਾਂ ਉਨ੍ਹਾਂ ਦੇ ਵਿਰੁੱਧ ਹਨ ਤਾਂ ਉਹ ਰੱਬ ਤੋਂ ਇਲਾਵਾ ਹੋਰ ਕਿਸ ਕੋਲ ਜਾਣ? ਮੈਂ ਜਾਣਦੀ ਹਾਂ ਕਿ ਹਿਜ਼ਬੁੱਲਾ ਅਤੇ ਇਰਾਨੀ ਹਕੂਮਤ ਦੇ ਉਨ੍ਹਾਂ ਦੇ ਆਪਣੇ ਮੁਲਕਾਂ ਵਿਚ ਖੁੱਲ੍ਹੇ ਆਲੋਚਕ ਹਨ ਜਿਨ੍ਹਾਂ ਵਿਚੋਂ ਕੁਝ ਜੇਲ੍ਹਾਂ ਵਿਚ ਵੀ ਸੜ ਰਹੇ ਹਨ ਜਾਂ ਉਨ੍ਹਾਂ ਨੂੰ ਬਹੁਤ ਮਾੜੇ ਨਤੀਜੇ ਭੁਗਤਣੇ ਪਏ ਹਨ। ਮੈਂ ਜਾਣਦੀ ਹਾਂ ਕਿ ਉਨ੍ਹਾਂ ਦੀਆਂ ਕੁਝ ਕਾਰਵਾਈਆਂ (7 ਅਕਤੂਬਰ ਨੂੰ ਹਮਾਸ ਵੱਲੋਂ ਨਾਗਰਿਕਾਂ ਦੇ ਕਤਲ ਤੇ ਉਨ੍ਹਾਂ ਨੂੰ ਅਗਵਾ ਕਰਨਾ) ਜੰਗੀ ਜੁਰਮ ਹਨ; ਹਾਲਾਂਕਿ ਇਸ ਨੂੰ ਅਤੇ ਇਜ਼ਰਾਈਲ ਤੇ ਅਮਰੀਕਾ ਗਾਜ਼ਾ, ਪੱਛਮੀ ਕੰਢੇ ਅਤੇ ਹੁਣ ਲਿਬਨਾਨ ਵਿਚ ਜੋ ਕਰ ਰਹੇ ਹਨ, ਉਨ੍ਹਾਂ ਨੂੰ ਇੱਕੋ ਪੱਲੜੇ ਵਿਚ ਨਹੀਂ ਰੱਖਿਆ ਜਾ ਸਕਦਾ। 7 ਅਕਤੂਬਰ ਦੀ ਹਿੰਸਾ ਸਮੇਤ ਸਾਰੀ ਹਿੰਸਾ ਦੀ ਜੜ੍ਹ ਫ਼ਲਸਤੀਨੀ ਜ਼ਮੀਨ ਉਪਰ ਇਜ਼ਰਾਈਲ ਦਾ ਕਬਜ਼ਾ ਅਤੇ ਫ਼ਲਸਤੀਨੀਆਂ ਨੂੰ ਆਪਣੇ ਅਧੀਨ ਕਰਨਾ ਹੈ। ਇਤਿਹਾਸ 7 ਅਕਤੂਬਰ 2023 ਨੂੰ ਸ਼ੁਰੂ ਨਹੀਂ ਸੀ ਹੋਇਆ। ਮੈਂ ਪੁੱਛਦੀ ਹਾਂ ਕਿ ਇਸ ਹਾਲ ਵਿਚ ਮੌਜੂਦ ਸਾਡੇ ਵਿਚੋਂ ਕੌਣ ਆਪਣੀ ਇੱਛਾ ਨਾਲ ਉਸ ਅਪਮਾਨ ਨੂੰ ਕਬੂਲ ਕਰੇਗਾ ਜੋ ਗਾਜ਼ਾ ਤੇ ਪੱਛਮੀ ਕੰਢੇ ਵਿਚ ਫ਼ਲਸਤੀਨੀਆਂ ਨੂੰ ਦਹਾਕਿਆਂ ਤੋਂ ਝੱਲਣਾ ਪੈ ਰਿਹੈ?

◆ ਬਾਕੀ ਅਗਲੇ ਅੰਕ ਵਿੱਚ

# ਅਮਰੀਕਾ 'ਚ ਨਸ਼ਿਆਂ ਦੀ ਰਾਜਨੀਤੀ

ਲੇਖਕ : ਦਰਬਾਰਾ ਸਿੰਘ ਕਾਹਲੋਂ
ਸੰਪਰਕ: +1-289-829-2929



ਜੇਕਰ ਅਜੋਕੇ ਵਿਸ਼ਵ ਵਪਾਰ ਖੇਤਰ 'ਤੇ ਗਹੁ ਨਾਲ ਝਾਤ ਮਾਰੀ ਜਾਏ ਤਾਂ ਸਭ ਤੋਂ ਵੱਡੇ ਵਪਾਰ ਤਿੰਨ ਵਸਤਾਂ 'ਤੇ ਕੇਂਦਰਤ ਹਨ; ਇਹ ਹਨ: ਪੈਟਰੋਲੀਅਮ ਪਦਾਰਥ ਜਿਨ੍ਹਾਂ ਨੂੰ ਕਾਲਾ ਸੋਨਾ ਵੀ ਕਿਹਾ ਜਾਂਦਾ ਹੈ, ਮਾਰੂ ਜੰਗੀ ਹਥਿਆਰ ਅਤੇ ਸਭ ਤੋਂ ਭਿਆਨਕ ਪੱਧਰ 'ਤੇ ਸੰਗਠਿਤ ਨਸ਼ੀਲੇ ਪਦਾਰਥਾਂ ਦਾ ਵਪਾਰ।

ਨਸ਼ੀਲੇ ਪਦਾਰਥਾਂ, ਖਾਸ ਕਰ ਕੇ ਸਿੰਥੈਟਿਕ ਨਸ਼ਿਆਂ ਦਾ ਵਪਾਰ ਤਾਂ ਪੂਰੇ ਵਿਸ਼ਵ ਦੀ ਰਾਜਨੀਤੀ ਵਿਚ ਘੁਸਿਆ ਪਿਆ ਹੈ। ਮੈਕਸਿਕੋ, ਮਿਆਂਮਾਰ, ਅਫਗਾਨਿਸਤਾਨ, ਕੋਲੰਬੀਆ, ਬ੍ਰਾਜ਼ੀਲ, ਅਮਰੀਕਾ, ਕੁਝ ਪੱਛਮੀ ਤੇ ਏਸ਼ੀਆਈ ਦੇਸ਼ਾਂ, ਕੀਨੀਆ ਆਦਿ ਵਿਚ ਨਸ਼ਿਆਂ ਦੇ ਸਰਗਣੇ ਸਸਤਾ ਕੈਮੀਕਲ ਚੀਨ ਦੀ ਮੰਡੀ ਵਿੱਚੋਂ ਖਰੀਦ ਕੇ ਪੂਰੇ ਵਿਸ਼ਵ ਵਿਚ ਸਪਲਾਈ ਕਰਦੇ ਹਨ। ਚੋਣਾਂ ਦੌਰਾਨ ਵੋਟ ਰਾਜਨੀਤੀ ਖਾਤਰ ਪੂਰੇ ਵਿਸ਼ਵ ਦੇ ਦੇਸ਼ਾਂ ਵਿਚ ਧੜੱਲੇ ਨਾਲ ਇਸ ਦੀ ਸਪਲਾਈ ਘਰੋ-ਘਰੀ, ਗਲੀਆਂ ਮੁਹੱਲਿਆਂ ਅਤੇ ਬਾਜ਼ਾਰਾਂ ਵਿਚ ਹੁੰਦੀ ਹੈ।

ਇਸ ਵਪਾਰ ਵਿਚ ਰਾਜਨੀਤੀਵਾਨ, ਅਫਸਰਸ਼ਾਹ, ਪੁਲੀਸ ਪ੍ਰਸ਼ਾਸਨ, ਡਰੱਗ ਗੈਂਗਸਟਰ, ਜ਼ਮੀਨੀ ਪੱਧਰ ਦੇ ਸਪਲਾਈ ਕਰਤਾ ਸ਼ਾਮਲ ਹਨ। ਅਪਰੈਲ ਮਈ 2024 ਵਿਚ ਭਾਰਤ ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਅਨੁਸਾਰ 10000 ਕਰੋੜ ਨਕਦੀ, 4381 ਕਰੋੜ ਕੀਮਤ ਦੇ ਨਸ਼ੀਲੇ ਪਦਾਰਥ ਫੜੇ ਗਏ। ਚੋਣਾਂ ਤੋਂ ਬਾਅਦ ਭਾਰਤ ਦੇ ਗ੍ਰਹਿ ਮੰਤਰੀ ਨਾਰਕੋ ਕੋਆਰਡੀਨੇਸ਼ਨ ਸੈਂਟਰ ਦੀ ਮੀਟਿੰਗ ਵਿਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਸਿੰਡੀਕੇਟਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਹਦਾਇਤ ਕਰਦੇ ਹਨ। ਉਹ ਖੁਲਾਸਾ ਕਰਦੇ ਹਨ ਕਿ ਜਿੱਥੇ 2004 ਤੋਂ 2013 ਤੱਕ 5933 ਕਰੋੜ ਦੀ 1.52 ਲੱਖ ਕਿਲੋ ਡਰੱਗ ਫੜੀ ਗਈ ਸੀ ਉਥੇ 2014 ਤੋਂ 2024 ਤੱਕ ਦਸ ਸਾਲਾਂ ਵਿਚ 22000 ਕਰੋੜ ਦੀ 5.43 ਲੱਖ ਕਿਲੋ ਡਰੱਗ ਫੜੀ ਗਈ।

ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਸਹੁੰ ਖਾ ਕੇ ਮੁੱਖ ਮੰਤਰੀ ਬਣਨ ਦੇ ਚਾਰ ਹਫ਼ਤੇ ਵਿਚ ਨਸ਼ੀਲੇ ਪਦਾਰਥਾਂ ਦਾ ਐਲਾਨ ਕੀਤਾ ਸੀ। ਆਮ ਆਦਮੀ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਦੋ ਮਹੀਨੇ ਵਿਚ ਨਸ਼ੀਲੇ ਪਦਾਰਥਾਂ ਦੇ ਖਾਤਮੇ ਦੀ ਗਰੰਟੀ ਦਿਤੀ ਸੀ। ਮੁੱਖ ਮੰਤਰੀ ਭਗਵੰਤ ਮਾਨ ਪਿਛਲੇ ਢਾਈ ਸਾਲਾਂ ਤੋਂ ਰਟ ਲਗਾ ਰਿਹਾ ਹੈ। ਉਲਟਾ ਆਏ ਦਿਨ ਨਸ਼ਿਆਂ ਦੀ ਓਵਰਡੋਜ਼ ਨਾਲ ਨੌਜਵਾਨ ਮਰ ਰਹੇ ਹਨ। ਨਸ਼ੀਲੇ ਪਦਾਰਥਾਂ ਦੀ ਹੋਮ ਡਿਲਿਵਰੀ ਜਾਰੀ ਹੈ। ਸਕੂਲ, ਕਾਲਜ, ਯੂਨੀਵਰਸਿਟੀਆਂ, ਤਕਨੀਕੀ ਸੰਸਥਾਵਾਂ, ਪਿੰਡਾਂ ਦੀਆਂ ਦੁਕਾਨਾਂ, ਸੱਥਾਂ, ਗਲੀਆਂ, ਮੁਹੱਲਿਆਂ, ਵੱਡੀਆਂ-ਵੱਡੀਆਂ ਚਾਰ ਦੀਵਾਰੀ ਵਾਲੀਆਂ ਜੇਲ੍ਹਾਂ, ਸਾਡੇ ਨਸ਼ੀਲੇ ਪਦਾਰਥਾਂ ਦੇ ਅੱਡੇ ਬਣੇ ਪਏ ਹਨ। ਪੁਲੀਸ ਪ੍ਰਸ਼ਾਸਨ ਦੀ ਚੱਕ-ਥੱਲ, ਛਾਪੇ, ਫਰੋਲਾ-ਫਰਾਲੀ, ਡਰਾਮਈ ਕਵਾਇਦ ਤੋਂ ਇਲਾਵਾ ਕੁਝ ਨਹੀਂ। ਇਹ ਤਾਂ ਬਹੁਤ ਵੱਡੇ ਪੱਧਰ ਦੀ ਕੌਮਾਂਤਰੀ ਨਸ਼ਾ ਸਰਗਣਿਆਂ, ਏਜੰਟਾਂ, ਬਦਨਾਮ ਕਾਰਪੋਰੇਟਰਾਂ, ਰਾਜਨੀਤੀਵਾਨਾਂ, ਅਫਸਰਸ਼ਾਹ ਏਜੰਟਾਂ, ਹਥਿਆਰਬੰਦ ਗੈਂਗਸਟਰਾਂ ਦੀ ਖੇਡ ਹੈ।

ਅਮਰੀਕਾ ਜੋ ਵਿਸ਼ਵ ਪੱਧਰ ਦੀ ਇੱਕੋ-ਇਕ ਮਹਾਂ ਸ਼ਕਤੀ ਹੈ ਉੱਥੇ 5 ਨਵੰਬਰ 2024 ਨੂੰ ਰਾਸ਼ਟਰਪਤੀ ਪਦ ਲਈ ਹੋ ਰਹੀਆਂ ਚੋਣਾਂ ਵਿਚ ਨਸ਼ੀਲੇ ਪਦਾਰਥਾਂ ਦੀ ਸਪਲਾਈ ਦੇ ਬੜੇ ਵਿਧੀਵਤ ਢੰਗ ਨਾਲ ਮਨਸੂਬੇ ਬਣ ਚੁੱਕੇ ਹਨ। ਜੋ ਕੁਝ ਹੋ ਰਿਹਾ ਹੈ, ਉਹ ਅਤਿ ਹੈਰਾਨੀਜਨਕ ਹੋਣ ਦੇ ਨਾਲ-ਨਾਲ ਅਤਿ ਚਿੰਤਾਜਨਕ ਹੈ। ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਮਾਰੂ ਸਿੰਥੈਟਿਕ ਨਸ਼ੇ ਦੀ ਸਪਲਾਈ ਧੜੱਲੇ ਨਾਲ ਕੀਤੀ ਜਾਵੇਗੀ। ਚੋਣਾਂ ਵਿਚ ਹਾਰ-ਜਿੱਤ ਦਾ ਪਾਸਾ ਪਲਟਣ ਵਜੋਂ ਜਾਣੀਆਂ ਜਾਂਦੀਆਂ 7 ਸਟੇਟਾਂ ਅੰਦਰ 10 ਵਿਚੋਂ 8 ਵੋਟਰ ਇਨ੍ਹਾਂ ਭੈੜੇ ਅਤੇ ਮਾਰੂ ਸਿੰਥੈਟਿਕ ਨਸ਼ਿਆਂ ਨਾਲ ਪ੍ਰਭਾਵਿਤ ਕੀਤੇ ਜਾਣਗੇ। ਅਮਰੀਕੀ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਕਿੱਥੇ ਯੂਕਰੇਨ ਜੰਗ, ਗਾਜ਼ਾ ਪੱਟੀ ਨਸਲਘਾਤ, ਵਾਤਾਵਰਨ ਸੰਭਾਲ, ਗਰਭਪਾਤ, ਬੰਦੂਕ ਸਭਿਆਚਾਰ, ਆਰਥਿਕਤਾ ਆਦਿ ਮੁੱਦੇ ਉਭਾਰੇ ਜਾਣਗੇ ਉੱਥੇ ਸਭ ਤੋਂ ਵੱਡਾ ਪ੍ਰਭਾਵ ਨਸ਼ੀਲੇ ਪਦਾਰਥ ਪਾਉਣਗੇ।

ਫੈਂਟਾਨਾਈਲ ਨਸ਼ੇ ਦਾ ਵਪਾਰ ਅਮਰੀਕਾ ਅੰਦਰ ਅਤਿ ਬਦਨਾਮ ਹੈ। ਕੋਵਿਡ-19 ਮਹਾਮਾਰੀ ਵੇਲੇ ਨਵੰਬਰ 2019 ਤੋਂ ਅਕਤੂਬਰ 2023 ਤੱਕ ਦੀ ਜਾਣਕਾਰੀ ਅਨੁਸਾਰ ਦੇਸ਼ ਵਿਚ 2,70,000 ਲੋਕ ਇਸ ਨਸ਼ੇ ਦੀ ਓਵਰਡੋਜ਼ ਨਾਲ ਮਰ ਗਏ। ਇਹ ਡੇਟਾ ਬਿਮਾਰੀ ਕੰਟਰੋਲ ਅਤੇ ਰੋਕਥਾਮ ਕੇਂਦਰ ਨੇ ਜਾਰੀ ਕੀਤਾ ਹੈ। ਸਮਾਜਿਕ ਪੱਧਰ 'ਤੇ ਹੀ ਨਹੀਂ ਬਲਕਿ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਕੰਮ ਵਾਲੀਆਂ ਥਾਵਾਂ 'ਤੇ ਇਸ ਨਸ਼ੇ ਦਾ ਕਹਿਰ ਵਧ ਰਿਹਾ ਹੈ। ਗੁਆਂਢੀ ਕੈਨੇਡਾ ਅਤੇ ਮੈਕਸਿਕੋ ਦਾ ਵੀ ਇਹੀ ਹਾਲ ਹੈ।

ਇਸ ਨਸ਼ੇ ਨੂੰ ਵੱਡੇ ਪੈਮਾਨੇ 'ਤੇ ਫੈਲਾਉਣ ਅਤੇ ਸਪਲਾਈ ਕਰਨ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਪਰਵਾਸੀ ਹਨ ਜੋ ਲੱਖਾਂ ਦੀ ਤਾਦਾਦ ਵਿਚ ਅਮਰੀਕਾ ਅੰਦਰ ਘੁਸਣ ਲਈ ਸਰਹੱਦਾਂ 'ਤੇ ਡੇਰੇ ਲਾਈ ਬੈਠੇ ਹਨ। ਰਾਸ਼ਟਰਪਤੀ ਜੋਅ ਬਾਇਡਨ ਨੇ ਰਿਪਬਲਿਕਨ ਪਾਰਟੀ ਨਾਲ ਸਬੰਧਿਤ ਕਾਂਗਰਸ ਪ੍ਰਤੀਨਿਧਾਂ ਅਤੇ ਸੈਨੇਟਰਾਂ ਸਿਰ ਦੋਸ਼ ਮੜ੍ਹਿਆ ਕਿ ਉਹ ਸਿੰਥੈਟਿਕ ਨਸ਼ੇ ਰੋਕਣ ਲਈ ਪ੍ਰਤੀਬੱਧ ਨਹੀਂ। ਨਸ਼ਾ ਰੋਕੂ ਸਖ਼ਤ ਕਾਨੂੰਨ ਪਾਸ ਕਰਨ ਅਤੇ ਸਖ਼ਤ ਕਦਮ ਚੁੱਕਣ ਲਈ ਸੰਜੀਦਾ ਨਹੀਂ। ਦੂਸਰੇ ਪਾਸੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਬਾਇਡਨ ਪ੍ਰਸ਼ਾਸਨ 'ਤੇ ਦੋਸ਼ ਲਾਉਂਦੇ ਹਨ ਕਿ ਉਨ੍ਹਾਂ ਨੇ ਮੈਕਸਿਕੋ ਸਰਹੱਦ 'ਤੇ ਸੁਰੱਖਿਆ ਦਸਤੇ ਤਾਇਨਾਤ ਕਰਨ ਅਤੇ ਡਰੱਗ ਸਮਗਲਰਾਂ ਲਈ ਮੌਤ ਦੀ ਸਜ਼ਾ ਦਾ ਕਾਨੂੰਨ ਪਾਸ ਕਰਨ ਤੋਂ ਜਾਣ ਬੁੱਝ ਕੇ ਕੰਨੀ ਕਤਰਾਈ। ਰਿਪਬਲਿਕਨ ਰਾਸ਼ਟਰੀ ਕਮੇਟੀ ਦੇ ਬੁਲਾਰੇ ਨੇ ਦੋਸ਼ ਲਗਾਇਆ ਕਿ ਅਮਰੀਕਾ ਨੂੰ ਅੰਦਰੋਂ ਹੀ ਨਸ਼ੇ ਦਾ ਜ਼ਹਿਰ ਦਿੱਤਾ ਜਾ ਰਿਹਾ ਹੈ। ਅਮਰੀਕਾ ਨੂੰ ਡਰੱਗ ਮੁਕਤ ਸਿਰਫ ਅਤੇ ਸਿਰਫ ਟਰੰਪ ਹੀ ਬਣਾ ਸਕਦਾ ਹੈ।

ਅਮਰੀਕੀ ਇਹ ਵੀ ਮੰਨਦੇ ਹਨ ਕਿ ਮੈਕਸਿਕੋ ਅਤੇ ਕੌਮਾਂਤਰੀ ਡਰੱਗ ਸਰਗਣਿਆਂ ਤੋਂ ਇਲਾਵਾ ਸਿੰਥੈਟਿਕ ਨਸ਼ਾ ਕੈਨੇਡਾ ਤੋਂ ਵੀ ਸਪਲਾਈ ਹੋ ਰਿਹਾ ਹੈ। ਅਮਰੀਕਾ ਅੰਦਰ ਨਸ਼ੀਲੇ ਪਦਾਰਥਾਂ ਨਾਲ ਮੌਤਾਂ ਪੂਰੇ ਦੇਸ਼ ਵਿਚ ਹੋ ਰਹੀਆਂ ਹਨ। ਰੈਂਡ ਕਾਰਪੋਰੇਸ਼ਨ ਰਿਪੋਰਟ ਅਨੁਸਾਰ 10 ਵਿੱਚੋਂ 4 ਡਰੱਗ ਓਵਰਡੋਜ਼ ਨਾਲ ਮਰ ਰਹੇ ਹਨ। ਫੈਂਟਾਨਾਈਲ ਦੀ 2 ਮਿਲੀਗ੍ਰਾਮ ਮਾਤਰਾ ਬਹੁਤ ਮਾਰੂ ਹੁੰਦੀ ਹੈ। ਹੈਰਾਨੀ ਹੈ ਕਿ ਹਰ ਗਲੀ ਮੁਹੱਲੇ ਵਿਚ ਸਿੰਥੈਟਿਕ ਗੋਲੀ ਦਾ ਰੇਟ ਬਦਲਦਾ ਹੈ। ਮੈਕਸਿਕੋ ਨਾਲ ਲਗਦੇ ਉਨ੍ਹਾਂ ਰਾਜਾਂ ਵਿਚ ਫੈਂਟਾਨਾਈਲ ਨਸ਼ੇ ਨਾਲ ਮਰਨ ਵਾਲਿਆਂ ਦੀ ਗਿਣਤੀ ਵੱਧ ਹੈ ਜੋ ਰਾਸ਼ਟਰਪਤੀ ਚੋਣਾਂ ਵੇਲੇ ਜਿੱਤ-ਹਾਰ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਐਰੀਜ਼ੋਨਾ ਇਸ ਦੀ ਮਿਸਾਲ ਹੈ। ਐਮਰਜੈਂਸੀ ਸੇਵਾਵਾਂ ਅਨੁਸਾਰ, ਰੋਜ਼ਾਨਾ ਦੋ ਫੋਨ ਓਵਰਡੋਜ਼ ਕੇਸਾਂ ਸਬੰਧੀ ਆਉਂਦੇ ਹਨ। ਫੀਨਿਕਸ ਸ਼ਹਿਰ ਦੇ ਪੂਰਬ ਵਿਚ 1,86,000 ਲੋਕ ਵਸਦੇ ਹਨ। ਇੱਥੋਂ ਪਿਛਲੇ ਸਾਲ 4-5 ਮਿਲੀਅਨ ਫੈਂਟਾਨਾਈਲ ਗੋਲੀਆਂ ਅਤੇ 140 ਪੌਂਡ ਪਾਊਡਰ ਮਿਲਿਆ ਜੋ ਸਿਨੋਲੀਆ ਦੇ ਨਸ਼ਾ ਸਰਗਣੇ ਨੇ ਸਪਲਾਈ ਕੀਤੇ ਸਨ। ਟੈਂਪੇ ਪੁਲੀਸ ਸਾਰਜੈਂਟ ਰੌਬ ਫਰੈਰੋ ਦਾ ਮੰਨਣਾ ਹੈ ਕਿ ਇਸ ਖੇਤਰ ਵਿਚ ਫੈਂਟਾਨਾਈਲ ਨਸ਼ੇ ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਕਰ ਕੇ ਫੈਲੇ। ਟਰੰਪ ਚੋਣਾਂ ਜਿੱਤਣ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ।

ਅਮਰੀਕਾ ਵਰਗੀ ਮਹਾਂ ਸ਼ਕਤੀ ਅੰਦਰ ਨਸ਼ੀਲੇ ਪਦਾਰਥਾਂ ਦੀ ਦਾਸਤਾਨ ਬਿਆਨ ਕਰਦੀ ਹੈ ਕਿ ਇਹ ਮਾਨਵਤਾ ਮਾਰੂ ਕਾਰੋਬਾਰ ਤਦੂੰਏ ਵਾਂਗ ਕਿਸ ਕਦਰ ਪੂਰੇ ਵਿਸ਼ਵ ਵਿਚ ਫੈਲਿਆ ਹੋਇਆ ਹੈ। ਇਸ ਦੇ ਭਿਆਨਕ ਵਾਰ ਦਾ ਸ਼ਿਕਾਰ ਵਿਸ਼ਵ ਭਰ ਦੀ ਨੌਜਵਾਨ ਪੀੜ੍ਹੀ ਹੈ ਅਤੇ ਇਸ ਲਈ ਪ੍ਰਮੁੱਖ ਤੌਰ 'ਤੇ ਦੋਸ਼ੀ ਸੱਤਾ ਤੇ ਧਨ-ਦੌਲਤ ਮੋਹ, ਅਸੀਮ ਸ਼ਕਤੀਆਂ, ਐਸ਼ੋ-ਇਸ਼ਰਤ ਵਾਲੀ ਰਾਜਨੀਤੀ ਹੈ। ਇਨ੍ਹਾਂ ਨੂੰ ਕੌਣ ਸਮਝਾਵੇ ਕਿ ਰਾਜਨੀਤੀ ਰਾਜਨੇਤਾਵਾਂ ਲਈ ਨਹੀਂ, ਨੌਜਵਾਨਾਂ ਦਾ ਭਵਿੱਖ ਸੰਵਾਰਨ ਲਈ ਹੋਣੀ ਚਾਹੀਦੀ ਹੈ।

ਲੇਖਕ : ਲਵਜੀਤ ਕੌਰ/ਧਰਮਿੰਦਰ ਸਿੰਘ




ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ (ਪੀਏਯੂ) ਦੇਸ਼ ਵਿੱਚ ਖੇਤੀਬਾੜੀ ਸਬੰਧੀ ਖੋਜ ਕਰ ਰਹੀਆਂ ਪ੍ਰਮੁੱਖ ਸੰਸਥਾਵਾਂ ਵਿੱਚੋਂ ਇੱਕ ਹੈ ਅਤੇ ਇਹ ਵੱਖ-ਵੱਖ ਖੇਤਰਾਂ ਵਿੱਚ ਆ ਰਹੀਆਂ ਤਬਦੀਲੀਆਂ ਨੂੰ ਮੁੱਖ ਰੱਖ ਕੇ ਆਪਣੇ ਖੋਜ ਪ੍ਰੋਗਰਾਮਾਂ ਨੂੰ ਨਵੀਂ ਸੇਧ ਦੇ ਰਹੀ ਹੈ। ਪੰਜਾਬ ਦੀ ਖੇਤੀ ਪੈਦਾਵਾਰ ਅਤੇ ਕਿਸਾਨਾਂ ਦੀ ਆਮਦਨ ਵਿੱਚ ਬਿਹਤਰੀ ਲਈ ਨਵੀਆਂ ਕਿਸਮਾਂ ਵਿਕਸਤ ਕਰਨ ਅਤੇ ਉਨ੍ਹਾਂ ਲਈ ਢੁੱਕਵੀਆਂ ਉਤਪਾਦਨ ਅਤੇ ਪੌਦ ਸੁਰੱਖਿਆ ਤਕਨੀਕਾਂ ਕੱਢਣ ਲਈ ਯੂਨੀਵਰਸਿਟੀ ਦੇ ਸਾਇੰਸਦਾਨਾਂ ਵਲੋਂ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਇਨ੍ਹਾਂ ਸਿਫਾਰਸ਼ਾਂ ਨੂੰ ਕਿਸਾਨਾਂ ਤੱਕ ਪਹੁੰਚਾਉਣ ਲਈ ਕਿਸਾਨ ਮੇਲਿਆਂ ਦੀ ਅਹਿਮ ਭੂਮਿਕਾ ਹੈ।

ਸਾਡੇ ਗੁਰੂਆਂ ਨੇ ਪਾਣੀ ਨੂੰ ਪਿਤਾ ਦਾ ਦਰਜਾ ਦਿੰਦੇ ਹੋਏ ਮਨੁੱਖ ਨੂੰ, ਇਸ ਦੀ ਮਹੱਤਤਾ ਬਾਰੇ ਚੰਗੀ ਤਰ੍ਹਾਂ ਸਮਝਾਇਆ ਹੈ। ਪਰ ਚਿੰਤਾ ਦੀ ਗੱਲ ਹੈ ਕਿ ਪੰਜਾਂ ਪਾਣੀਆਂ ਦੀ ਧਰਤੀ ਪੰਜਾਬ ਅਜੋਕੇ ਸਮੇਂ ਵਿੱਚ ਪਾਣੀ ਦੇ ਗੰਭੀਰ ਸੰਕਟ ਨਾਲ ਜੂਝ ਰਹੀ ਹੈ। ਇਸੇ ਵਿਸ਼ੇ ਨੂੰ ਧਿਆਨ ਵਿੱਚ ਰੱਖਦੇ ਹੋਏ, ਇਸ ਵਾਰ ਕਿਸਾਨ ਮੇਲੇ ਦਾ ਉਦੇਸ਼ 'ਕੁਦਰਤੀ ਸੋਮੇ ਬਚਾਓ, ਸਭ ਲਈ ਖੁਸ਼ਹਾਲੀ ਲਿਆਓ' ਰੱਖਿਆ ਗਿਆ।

ਪੀਏਯੂ ਵੀ ਵਾਤਾਵਰਨ ਅਤੇ ਕੁਦਰਤੀ ਸੋਮੇ ਬਚਾਉਣ ਲਈ ਕਿਸਾਨਾਂ ਨੂੰ ਲਗਾਤਾਰ ਜਾਗਰੂਕ ਕਰ ਰਹੀ ਹੈ। ਖੇਤੀ ਰਸਾਇਣਾਂ, ਖਾਦਾਂ ਅਤੇ ਪਾਣੀ ਦੀ ਬੇਲੋੜੀ ਵਰਤੋਂ ਕਰਨ ਨਾਲ, ਜਿੱਥੇ ਸਾਡਾ ਵਾਤਾਵਰਨ ਬੁਰੀ ਤਰ੍ਹਾਂ ਪ੍ਰਦੂਸ਼ਿਤ ਹੋ ਰਿਹਾ ਹੈ, ਉੱਥੇ ਹੀ ਸਾਡੇ ਖੇਤੀ ਖਰਚਿਆਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਝੋਨੇ ਅਤੇ ਹੋਰ ਫ਼ਸਲਾਂ ਦੀ ਸਿੰਜਾਈ ਲਈ ਵਧੇਰੇ ਪਾਣੀ ਵਰਤਣ ਕਾਰਨ, ਧਰਤੀ ਹੇਠਲੇ ਪਾਣੀ ਦਾ ਪੱਧਰ ਵਿੱਚ ਲਗਾਤਾਰ ਗਿਰਾਵਟ ਆ ਰਹੀ ਹੈ। ਜਲ ਸੋਮਿਆਂ ਦੇ ਇਸ ਤੋਂ ਹੋ ਰਹੇ ਨੁਕਸਾਨ ਨੂੰ ਰੋਕਣ ਲਈ ਪੀਏਯੂ ਨੇ ਲੋੜ ਮੁਤਾਬਿਕ ਕਈ ਤਕਨੀਕਾਂ ਵਿਕਸਿਤ ਕੀਤੀਆਂ ਹਨ। ਝੋਨੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਜਿਵੇਂ ਕਿ ਪੀਆਰ-126, ਪੀਆਰ-121, ਪੀਆਰ-124, ਪੀਆਰ-130, ਪੀਆਰ-131 ਕਾਸ਼ਤ ਕਰ ਕੇ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ। ਪੀਏਯੂ ਇਹ ਵੀ ਸਿਫ਼ਾਰਸ਼ ਕਰਦੀ ਹੈ ਕਿ ਝੋਨੇ ਦੀ ਫ਼ਸਲ ਵਿੱਚ ਪਾਣੀ ਜੀਰਨ ਤੋਂ ਦੋ ਦਿਨ ਬਾਅਦ ਪਾਣੀ ਲਗਾਉਣਾ ਚਾਹੀਦਾ ਹੈ। ਕਿਸਾਨਾਂ ਨੂੰ ਫ਼ਸਲਾਂ ਦੀ ਬਿਜਾਈ ਸਿਫਾਰਸ਼ ਸਮੇਂ ਅਨੁਸਾਰ ਹੀ ਕਰਨੀ ਚਾਹੀਦੀ ਹੈ। ਪੀਏਯੂ ਕਿਸਾਨਾਂ ਨੂੰ ਸਮੇਂ ਸਮੇਂ 'ਤੇ ਅਪੀਲ ਕਰਦੀ ਹੈ ਕਿ ਖੇਤੀ ਵਿੱਚ ਸਿੰਜਾਈ ਦੀਆਂ ਆਧੁਨਿਕ ਤਕਨੀਕਾਂ ਜਿਵੇਂ ਤੁਪਕਾ ਸਿੰਜਾਈ, ਫੁਹਾਰਾ ਸਿੰਜਾਈ ਆਦਿ ਦੀ ਵਰਤੋਂ ਕਰ ਕੇ ਬੇਸ਼ਕੀਮਤੀ ਜਲ ਸਰੋਤਾਂ ਦੀ ਬੱਚਤ ਕੀਤੀ ਜਾਵੇ। ਆਓ ਆਪਾਂ ਸਾਰੇ ਰਲ-ਮਿਲ ਕੇ ਕੁਦਰਤ ਦੀ ਇਸ ਅਜੀਜ਼ ਨਿਆਮਤ ਨੂੰ ਬਚਾਈਏ।

ਮਿੱਟੀ ਵਿੱਚ ਜੈਵਿਕ ਮਾਦੇ ਦੀ ਪੂਰਤੀ ਲਈ ਪਰਾਲੀ ਨੂੰ ਮਿੱਟੀ ਵਿੱਚ ਵਾਹੁਣ ਦੀ ਸਿਫ਼ਾਰਸ਼ ਵੀ ਕੀਤੀ ਗਈ ਹੈ ਤਾਂ ਜੋ ਮਿੱਟੀ ਦੇ ਭੌਤਿਕ ਤੇ ਰਸਾਇਣਕ ਗੁਣਾਂ ਨੂੰ ਪ੍ਰਫੁੱਲਤ ਕੀਤਾ ਜਾ ਸਕੇ। ਪਰ ਫ਼ਸਲ ਵਿੱਚ ਰਸਾਇਣਾਂ ਦੀ ਅੰਨ੍ਹੇਵਾਹ ਹੋ ਰਹੀ ਵਰਤੋਂ ਮਿੱਟੀ ਦੀ ਉਪਜਾਊ ਸ਼ਕਤੀ ਦੇ ਪ੍ਰਤੀਕੂਲ ਅਸਰ ਪਾ ਰਹੀ ਹੈ। ਮਿੱਟੀ ਵਿਚਲੇ ਤੱਤ ਪੌਦੇ ਦੇ ਸਰਵਪੱਖੀ ਵਿਕਾਸ ਲਈ ਲਾਹੇਵੰਦ ਤਾਂ ਹੁੰਦੇ ਹੀ ਹਨ, ਇਸ ਦੇ ਨਾਲ-ਨਾਲ ਮਿੱਟੀ ਗੰਡੋਇਆਂ ਦਾ ਰਹਿਣ ਬਸੇਰਾ ਵੀ ਹੁੰਦੀ ਹੈ। ਇਸੇ ਤਰ੍ਹਾਂ ਹੀ ਭੂਮੀ ਵਿਚਲੇ ਪੌਸ਼ਟਿਕ ਤੱਤਾਂ ਦੀ ਕਮੀ ਨੂੰ ਪੂਰਾ ਕਰਨ ਲਈ ਹਰੀ ਖਾਦ, ਫ਼ਸਲਾਂ ਦੀ ਰਹਿੰਦ-ਖੂੰਹਦ ਮਿੱਟੀ ਵਿੱਚ ਮਿਲਾਉਣ ਤੇ ਜੈਵਿਕ ਖਾਦਾਂ ਦੀ ਵਰਤੋਂ ਕਰਨ ਦੀ ਲੋੜ ਹੈ। ਖੇਤੀ ਮਸ਼ੀਨਾਂ ਜਿਵੇਂ ਸਰਫੇਸ ਸੀਡਰ, ਹੈਪੀ ਸੀਡਰ, ਸਮਾਰਟ ਸੀਡਰ, ਮਲਚਰ ਆਦਿ ਦੀ ਵਰਤੋਂ ਨਾਲ ਪਰਾਲੀ ਨੂੰ ਖੇਤਾਂ ਵਿੱਚ ਵਾਹ ਕੇ ਮਿੱਟੀ ਦੀ ਸਿਹਤ ਬਚਾਈ ਜਾ ਸਕਦੀ ਹੈ।

ਪੀਏਯੂ ਵਿੱਚ ਲੱਗਣ ਵਾਲੇ ਮੇਲਿਆਂ ਵਿੱਚ ਪਹੁੰਚ ਕੇ ਕਿਸਾਨ ਨਵੀਨਤਮ ਤਕਨੀਕਾਂ ਦੀਆਂ ਪ੍ਰਦਰਸ਼ਨੀਆਂ ਅਤੇ ਖੇਤੀ ਵਿਗਿਆਨੀਆਂ ਨਾਲ ਵਿਚਾਰ-ਵਟਾਂਦਰਾ ਕਰ ਸਕਦੇ ਹਨ। ਇਨ੍ਹਾਂ ਤਕਨੀਕਾਂ ਨੂੰ ਕਿਸਾਨ ਆਪਣੇ ਖੇਤਾਂ ਵਿੱਚ ਅਪਣਾ ਕੇ ਵਧੇਰੇ ਮੁਨਾਫ਼ਾ ਪ੍ਰਾਪਤ ਕਰ ਸਕਦੇ ਹਨ। ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਵੱਲੋਂ ਪਾਣੀ, ਖਾਦ ਅਤੇ ਰਸਾਇਣਾਂ ਦੀ ਸਹੀ ਵਰਤੋਂ ਸਬੰਧੀ ਸੁਝਾਅ ਅਤੇ ਤਕਨੀਕੀ ਨੁਕਤਿਆਂ ਨੂੰ ਸਮਝਣ, ਸਿੱਖਣ ਅਤੇ ਅਮਲ ਵਿੱਚ ਲਿਆਉਣ ਦੀ ਜ਼ਰੂਰਤ ਹੈ। ਕਿਸਾਨ ਮੇਲੇ ਦੇ ਮੌਕੇ ਯੂਨੀਵਰਸਿਟੀ ਦੇ ਵਿਹੜੇ ਆਏ ਕਿਸਾਨ ਅਤੇ ਬੀਬੀਆਂ ਦੀ ਸਹੂਲਤ ਦਾ ਪੂਰਾ-ਪੂਰਾ ਖ਼ਿਆਲ ਰੱਖਿਆ ਜਾਂਦਾ ਹੈ। ਇਸ ਲਈ ਕੈਰੋਂ ਕਿਸਾਨ ਘਰ ਵਿੱਚ ਗੱਠੜੀ ਘਰ ਦਾ ਪ੍ਰਬੰਧ ਕੀਤਾ ਜਾਂਦਾ ਹੈ। ਤੁਸੀਂ ਆਪਣਾ ਖਰੀਦਿਆ ਹੋਇਆ ਬੀਜ ਗੱਠੜੀ ਘਰ ਵਿੱਚ ਜਮ੍ਹਾਂ ਕਰਵਾ ਕੇ ਮੇਲੇ ਦਾ ਭਰਪੂਰ ਆਨੰਦ ਮਾਣ ਸਕਦੇ ਹੋ।

ਰਸਾਇਣਾਂ ਦੇ ਅੰਨ੍ਹੇਵਾਹ ਵਰਤੋਂ ਕਰਨ ਤੋਂ ਗੁਰੇਜ਼ ਕੀਤਾ ਜਾਵੇ ਅਤੇ ਸਰਵਪੱਖੀ ਪ੍ਰਬੰਧ ਦੀਆਂ ਬਹੁਮੁੱਲੀਆਂ ਤਕਨੀਕਾਂ ਅਪਣਾ ਕੇ ਖੇਤੀ ਖਰਚਿਆਂ ਨੂੰ ਘਟਾਇਆ ਜਾਵੇ। ਵਧਦੀ ਆਬਾਦੀ ਦੀਆਂ ਅਨਾਜ ਲੋੜਾਂ ਪੂਰੀਆਂ ਕਰਨ ਦੇ ਨਾਲ-ਨਾਲ ਆਉਣ ਵਾਲੀਆਂ ਪੀੜ੍ਹੀਆਂ ਲਈ ਸਿਹਤਮੰਦ ਜ਼ਮੀਨ, ਪੀਣ ਯੋਗ ਪਾਣੀ ਅਤੇ ਸਾਹ ਲੈਣ ਯੋਗ ਵਾਤਾਵਰਣ ਬਚਾ ਕੇ ਰੱਖਣਾ ਵੀ ਸਾਡੀ ਜ਼ਿੰਮੇਵਾਰੀ ਹੈ। ਇਸ ਦੇ ਵਿੱਚ ਹੀ ਪੰਜਾਬ ਦਾ, ਦੇਸ਼ ਦਾ ਅਤੇ ਸਮੁੱਚੇ ਸਮਾਜ ਦਾ ਭਲਾ ਹੈ।




ਵਿਗਿਆਨ ਹੋਵੇ ਜਾਂ ਫਿਲਾਸਫੀ, ਸੱਚਾਈ ਛੁਪਾਇਆਂ ਨਹੀਂ ਛੁਪਦੀ। ਜੋ ਸੱਚ ਹੈ, ਉਹ ਥਾਂ ਥਾਂ ਸਾਹਮਣੇ ਆ ਜਾਂਦਾ ਹੈ। ਜੋ ਕੁਝ ਗੁਰੂ ਸਾਹਿਬ ਨੇ ਲਿਖਿਆ, ਉੱਦਾਂ ਦੇ ਹੀ ਵਿਚਾਰ ਬਾਅਦ ਦੇ ਕਈ ਫਿਲਾਸਫਰਾਂ ਤੇ ਵਿਗਿਆਨੀਆਂ ਨੇ ਦਿੱਤੇ। ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਵਿਚੋਂ ਕਿਸੇ ਨੇ ਵੀ ਨਾ ਗੁਰੂ ਸਾਹਿਬ ਦੀ ਬਾਣੀ ਪੜ੍ਹੀ ਤੇ ਨਾ ਉਹ ਕਦੇ ਉਨ੍ਹਾਂ ਨੂੰ ਮਿਲੇ। ਅਜਿਹੇ ਚਿੰਤਕਾਂ ਵਿਚੋਂ ਇਕ ਕਾਰਲ ਮਾਰਕਸ ਵੀ ਹੈ। ਭਾਵੇਂ ਅਜੋਕੇ ਸਿੱਖ ਵਿਦਵਾਨ ਮਾਰਕਸ ਨੂੰ ਸਿੱਖੀ ਦਾ ਸਭ ਤੋਂ ਖਤਰਨਾਕ ਸ਼ੱਤਰੂ ਮੰਨਦੇ ਹੋਣ, ਪਰ ਫਿਲਾਸਫੀ ਦੇ ਇਤਿਹਾਸ ਨੂੰ ਦੇਖਿਆਂ ਪਤਾ ਚਲਦਾ ਹੈ ਕਿ ਗੁਰੂ ਸਾਹਿਬ ਦੇ ਵਿਚਾਰਾਂ ਨਾਲ ਸਭ ਤੋਂ ਵੱਧ ਨੇੜਤਾ ਉਸੇ ਦੀ ਸੀ। ਜੇ ਉਸ ਨੂੰ ਗੁਰੂ ਸਾਹਿਬ ਦਾ ਪਹਿਲਾ ਆਧੁਨਿਕ ਤੇ ਵਿਦੇਸ਼ੀ ਸਿੱਖ ਕਹਿ ਲਿਆ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ।

ਜੇ ਲੋੜੀਂਦੇ ਜਮਾ-ਘਟਾਉ ਕਰ ਕੇ ਇਕ ਵਿਸ਼ੇਸ਼ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਤਾਂ ਇਹ ਗੱਲ ਸਹੀ ਵੀ ਹੈ। ਉਂਜ ਗੱਲ ਇਹ ਵੀ ਸਹੀ ਹੈ ਕਿ ਅਜਿਹੀ ਸਮਾਨੰਤਰਤਾ ਨਾ ਅਜੋਕੇ ਸਿੱਖ ਵਿਦਵਾਨਾਂ ਨੂੰ ਤੇ ਨਾ ਅਖੌਤੀ ਮਾਰਕਸਵਾਦੀਆਂ ਨੂੰ ਹਜ਼ਮ ਹੋਵੇਗੀ। ਵੱਖ ਵੱਖ ਵਿਚਾਰਾਂ ਨੂੰ ਮੰਨਣ ਵਾਲੇ ਲੋਕ ਆਪਣੀਆਂ ਵਿਚਾਰਧਾਰਾਵਾਂ ਨੂੰ ਹਮੇਸ਼ਾ ਉੱਚੇ ਕਿਨਾਰਿਆਂ ਵਾਲੇ ਦਰਿਆਵਾਂ ਵਾਂਗ ਰੱਖਦੇ ਹਨ ਤਾਂ ਜੋ ਉਹ ਇਕ ਦੂਜੇ ਨਾਲ ਰਲ ਨਾ ਜਾਣ, ਚਾਹੇ ਉਨ੍ਹਾਂ ਦੇ ਸ੍ਰੋਤ, ਮੰਤਵ ਤੇ ਮੰਜ਼ਿਲ ਇਕ ਹੀ ਕਿਉਂ ਨਾ ਹੋਣ!

ਪਤਾ ਨਹੀਂ ਕਿਸ ਨੇ ਤੇ ਕਿਉਂ ਇਹ ਗੱਲ ਫੈਲਾਈ ਕਿ ਮਾਰਕਸ ਧਰਮ ਵਿਰੋਧੀ ਸੀ। ਜਿਸ ਨੇ ਇਹ ਫੈਲਾਈ ਉਸ ਨੇ ਨਾਲ ਇਹ ਵੀ ਜੋੜਿਆ ਕਿ ਉਹ ਨਿਰੋਲ ਪਦਾਰਥਵਾਦੀ ਸੀ, ਜਿਸ ਦਾ ਧਰਮ, ਫਿਲਾਸਫੀ, ਸਭਿਆਚਾਰ ਤੇ ਮਨੁੱਖੀ ਰਿਸ਼ਤਿਆਂ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਇਸ ਤੋਂ ਵੀ ਅੱਗੇ, ਸਿੱਖ ਵਿਦਵਾਨ ਕਹਿੰਦੇ ਹਨ ਕਿ ਕਾਰਲ ਮਾਰਕਸ ਨੇ ਧਰਮ ਨੂੰ ਅਫੀਮ ਕਹਿ ਕੇ ਨਿੰਦਿਆ ਹੈ। ਜਿਸ ਨੇ ਵੀ ਇਹ ਸੁਣੀ ਭਾਵ ਜੋ ਵੀ ਇਸ 'ਸੁਣਿਐ' ਦੇ ਜਾਲ ਵਿਚ ਪਿਆ, ਉਸ ਨੇ 'ਮੰਨੇ' ਭਾਵ ਮਨਨ ਦਾ ਸਹਾਰਾ ਲੈ ਕੇ ਇਸ ਗੱਲ ਦੀ ਪੜਤਾਲ ਨਾ ਕੀਤੀ ਤੇ ਨਾ ਹੀ ਇਸ ਦਾ ਵਿਸਲੇਸ਼ਣ ਕੀਤਾ। ਸਭ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਅਧਿਆਤਮਕ ਲੋਰ ਵਿਚ ਚਲਦੇ ਉਹੋ ਗੱਲ ਦੁਹਰਾਈ ਗਏ ਤੇ ਬਿਨਾ ਵਿਚਾਰੇ ਭੰਡੀ ਪ੍ਰਚਾਰ ਕਰਦੇ ਰਹੇ।

ਇਕੋ ਇਕ ਥਾਂ ਜਿੱਥੇ ਕਾਰਲ ਮਾਰਕਸ ਨੇ ਧਰਮ ਤੇ ਅਫੀਮ ਦਾ ਜ਼ਿਕਰ ਕੀਤਾ ਹੈ, ਉਹ ਹੈ ਉਸ ਦਾ 1843 ਦਾ ਲਿਖਿਆ ਲੇਖ ਧਰਮ ਵਿਸ਼ੇ ਵਿਚ ਸੰਨ 1841 ਦਾ ਪੀਐਚ. ਡੀ. ਸੀ ਅਤੇ ਇਹ ਇਸਾਈ ਧਰਮ 'ਤੇ ਨਹੀਂ ਸੀ। ਇਸ ਲਈ ਇਸ ਲੇਖ ਵਿਚ ਉਸ ਨੇ ਜੋ ਲਿਖਿਆ ਹੈ, ਉਹ ਪ੍ਰਮਾਣ-ਸਹਿਤ ਤੇ ਅਕਾਦਮਿਕ ਜ਼ਿੰਮੇਵਾਰੀ ਨਾਲ ਲਿਖਿਆ ਹੋਵੇਗਾ। ਅੱਜ ਇਹ ਲੇਖ ਮਾਰਕਸ ਤੇ ਏਂਜਲਸ ਦੀ ਪੁਸਤਕ ਜਰਮਨ ਵਿਚਾਰਧਾਰਾ ਦਾ ਹਿੱਸਾ ਹੈ। ਵਿਦਵਾਨਾਂ ਨੂੰ ਇਸ ਦੀ ਪੜਤਾਲ ਕਰਨੀ ਚਾਹੀਦੀ ਹੈ। ਇਸ ਵਿਚ ਮਾਰਕਸ ਨੇ ਹੀਗਲ ਦੇ ਹੱਕ ਦੇ ਸਿਧਾਂਤ ਦੀ ਆਲੋਚਨਾ ਕੀਤੀ ਹੈ। ਉਨ੍ਹੀਂ ਦਿਨੀਂ ਹੀਗਲ ਤੇ ਉਸ ਦੇ ਅਨੁਆਈ ਸਨਾਤਨ ਇਸਾਈ ਧਰਮ ਦੀ ਇਸ ਮਾਨਤਾ ਦੀ ਆਲੋਚਨਾ ਕਰਦੇ ਸਨ ਕਿ ਇਸ ਦੁਨਿਆਵੀ ਪ੍ਰਬੰਧ ਤੋ ਉੱਪਰ ਇਕ ਦੈਵੀ ਪ੍ਰਬੰਧ ਹੈ, ਜਿਸ ਅੱਗੇ ਹੁਕਮਰਾਨਾਂ ਸਮੇਤ ਇੱਥੋਂ ਦੇ ਸਭ ਜੀਵ ਜਵਾਬਦੇਹ ਹਨ। ਇਸ ਪ੍ਰਬੰਧ ਨੂੰ ਚਲਾਉਣ ਵਾਲਾ ਇਕ ਸਰਬ-ਸ਼ਕਤੀਮਾਨ ਰੱਬ ਹੈ, ਜੋ ਬਹੁਤ ਹੀ ਇਨਸਾਫ ਪਸੰਦ, ਹਮਦਰਦ ਤੇ ਦਇਆਵਾਨ ਹੈ। ਉਸੇ ਨੇ ਸੰਸਾਰ ਨੂੰ ਬਣਾਇਆ ਤੇ ਉਹੀ ਇਸ ਦੀ ਦੇਖ-ਰੇਖ ਕਰ ਰਿਹਾ ਹੈ। ਉਸ ਦੇ ਰਾਜ ਵਿਚ, ਜਿਸ ਨੂੰ ਇਸਾਈ ਮੱਤ ਵਿਚ 'ਸਿਟੀ ਆਫ ਗੌਡ' ਕਿਹਾ ਜਾਂਦਾ ਹੈ, ਸਭ ਲੋਕ ਸਮਾਨ ਹਨ। ਉੱਥੇ ਲੋਕਾਂ ਨੂੰ ਸੰਸਾਰ ਦੇ ਸਭ ਸੁੱਖ, ਵਸਤਾਂ ਤੇ ਸਮਾਜਕ ਨਿਆਂ ਉਪਲਭਦ ਹਨ। ਕਿਸੇ ਵੀ ਚੀਜ਼ ਦੀ ਘਾਟ ਨਹੀਂ ਤੇ ਪੂਰਨ ਖੁਸ਼ਹਾਲੀ ਹੈ; ਪਰ ਸੰਸਾਰ ਨੂੰ ਕਾਲ ਆਤਮਾ ਦੇ ਦਵੰਧਵਾਦੀ-ਵਿਕਾਸ ਦੀ ਪੈਦਾਇਸ਼ ਮੰਨਣ ਵਾਲੇ ਹੀਗਲ ਨੇ ਇਸਾਈ ਮੱਤ ਦੇ ਇਸ ਮਾਡਲ ਨੂੰ ਮਨਘੜਤ ਕਹਿ ਕੇ ਆਲੋਚਨਾ ਕੀਤੀ ਤੇ ਸਾਰੇ ਨਵ-ਹੀਗਲਵਾਦੀ ਪੈਨੇ ਹੋ ਕੇ ਇਸ ਦੇ ਖੰਡਨ ਵਿਚ ਲੱਗ ਗਏ। ਮਾਰਕਸ ਨੇ ਇਸ ਰੁਝਾਨ ਦੀ ਆਲੋਚਨਾ ਕੀਤੀ ਭਾਵ ਉਸ ਨੇ ਧਰਮ ਦੀ ਨਹੀਂ, ਸਗੋਂ ਧਰਮ ਦੇ ਆਲੋਚਕਾਂ ਦੀ ਆਲੋਚਨਾ ਕੀਤੀ!

ਉਸ ਨੇ ਕਿਹਾ ਧਾਰਮਿਕ ਸਿਧਾਂਤ ਜੋ ਵੀ ਹੋਵੇ ਇਸ ਵਿਚ ਇਨ੍ਹਾਂ ਨੂੰ ਮੰਨਣ ਵਾਲਿਆਂ ਦਾ ਕੋਈ ਕਸੂਰ ਨਹੀਂ। ਧਰਮ ਦੈਵੀ ਮਸਲਾ ਨਹੀਂ, ਵਿਅਕਤਿਗਤ ਮਸਲਾ ਵੀ ਨਹੀਂ, ਸਗੋਂ ਦੁਨਿਆਵੀ ਮਸਲਾ ਹੈ। ਜੇ ਸਮਾਜ ਵਿਚ ਰਹਿੰਦੇ ਮਨੁੱਖਾਂ ਦੀਆਂ ਲੋੜਾਂ ਸਮਾਜ ਵਿਚ ਪੂਰੀਆਂ ਨਹੀਂ ਹੋਣਗੀਆਂ, ਜੇ ਉਨ੍ਹਾਂ ਨੂੰ ਭੁੱਖ-ਮਰੀ, ਗਰੀਬੀ, ਲਾਚਾਰੀ ਤੇ ਸਮਾਜਕ ਅਨਿਆਂ ਵਿਚੋਂ ਗੁਜਰਨਾ ਪਵੇਗਾ ਤਾਂ ਉਹ ਦੁਖੀ ਹੋ ਕੇ ਆਪਣੀ ਸੋਚ ਵਿਚ ਇਕ ਅਜਿਹੀ ਦੁਨੀਆਂ ਦਾ ਤਸੱਵਰ ਤਾਂ ਕਰਨਗੇ ਹੀ, ਜਿੱਥੇ ਉਨ੍ਹਾਂ ਦੇ ਸੁਪਨਿਆਂ ਦੀ ਦੁਨੀਆਂ ਵਸਦੀ ਹੋਵੇ। ਉਨ੍ਹਾਂ ਨੂੰ ਅਜਿਹੀ ਭਰਪੂਰ ਅਨੰਦ ਵਾਲੀ ਵਿਵਸਥਾ ਦੀ ਕਲਪਨਾ ਕਰਨ ਤੋਂ ਕੌਣ ਰੋਕ ਸਕਦਾ ਹੈ, ਜਿੱਥੇ ਉਹ ਸਭ ਕੁਝ ਹੋਵੇ, ਜੋ ਉਨ੍ਹਾਂ ਨੂੰ ਇਸ ਦੁਨੀਆਂ ਵਿਚ ਨਹੀਂ ਮਿਲਦਾ। ਉਸ ਨੇ ਕਿਹਾ ਕਿ ਇਸ ਦੁਨੀਆਂ ਦਾ ਉਲਟਾ ਸਤਿ ਹੀ ਧਰਮ ਦੀ ਦੁਨੀਆਂ ਦਾ ਅਸਲ ਸਤਿ ਹੈ। ਧਰਮ ਤਾਂ ਇਸ ਸਮਾਜ ਤੋਂ ਸਤੇ ਹੋਏ; ਉਪਰਾਮ ਹੋਏ ਮਨੁੱਖ




ਦੀ ਅੰਦਰੂਨੀ ਹਾਅ ਭਾਵ ਹੂਕ ਹੈ। ਇਹ ਤਾਂ ਉਹ ਅਫੀਮ ਦੀ ਗੋਲੀ ਹੈ ਭਾਵ ਧਲਾਸੇ ਦੀ ਉਹ ਘੁੱਟ ਹੈ, ਜਿਸ ਨੂੰ ਭਰ ਕੇ ਉਹ ਇਸ ਸਮਾਜ ਦੀਆਂ ਦੁਸ਼ਵਾਰੀਆਂ ਝੱਲਣ ਦੀ ਸਮਰੱਥਾ ਹਾਸਲ ਕਰਦਾ ਹੈ। ਇਹ ਉਸ ਲਾਚਾਰ ਮਨੁੱਖ ਦੀ ਮਜ਼ਬੂਰੀ ਹੈ, ਜੋ ਇਸ ਅਸਲੀ ਸੰਸਾਰ ਵਿਚ ਬੇਵਸੀ ਦਾ ਸ਼ਿਕਾਰ ਹੈ। ਜਿਸ ਮਾਂ ਦੇ ਬੱਚੇ ਇਸ ਸੰਸਾਰ ਵਿਚ ਭੁੱਖੇ ਸੌਂਦੇ ਹੋਣ, ਉਹ ਸੱਚੇ ਪਾਤਸ਼ਾਹ ਦੀ ਸੱਚੀ ਦੁਨੀਆਂ ਵਿਚ ਉਨ੍ਹਾਂ ਲਈ ਪਕਵਾਨਾਂ ਦੇ ਅੰਬਾਰ ਚਿਤਵਦੀ ਹੈ ਤੇ ਇਸੇ ਆਸ ਵਿਚ ਦਿਲ ਨੂੰ ਧਰਵਾਸਾ ਦਿੰਦੀ ਹੈ। ਇਸ ਵਿਚ ਮਾਰਕਸ ਨੇ ਧਰਮ ਉਤਪਤੀ ਦਾ ਕਾਰਨ ਦੱਸਿਆ ਹੈ, ਇਸ ਦੀ ਨਿੰਦਾ ਨਹੀਂ ਕੀਤੀ।

ਉਹ ਲਿਖਦਾ ਹੈ ਕਿ ਧਰਮ ਦੀ ਆਲੋਚਨਾ ਕਰਨਾ ਫਜ਼ੂਲ ਹੈ। ਧਰਮ ਤਾਂ ਸਮਾਜ ਦੇ ਯਥਾਰਥ ਦਾ ਉਲਟਿਆ ਪ੍ਰਛਾਵਾਂ ਹੈ। ਇਸ ਦੀ ਆਲੋਚਨਾ ਕਰਨ ਦੀ ਥਾਂ ਉਸ ਸਮਾਜ ਦੀ ਆਲੋਚਨਾ ਕਰਨੀ ਬਣਦੀ ਹੈ, ਜਿਸ ਦੀਆਂ ਮਾੜੀਆਂ ਵਿਵਸਥਾਵਾਂ ਦੇ ਲੱਛਣ ਵਜੋਂ ਧਰਮ ਪੈਦਾ ਹੋਇਆ ਹੈ। ਪੁਰਾਣੇ ਸਮਿਆਂ ਵਿਚ ਬੇ-ਔਲਾਦ ਜੋੜੇ ਸੰਤਾਨ ਪ੍ਰਾਪਤੀ ਲਈ ਰੱਬ ਕੋਲ ਅਰਦਾਸ ਕਰਨ ਲਈ ਸ਼ਿਵਦੁਆਲੇ ਜਾਂਦੇ ਸਨ, ਅੱਜ ਬਾਂਝਪਣ ਦਾ ਇਲਾਜ ਉਪਲਭਦ ਹੋਣ ਨਾਲ ਹੁਣ ਉਹ ਉੱਥੇ ਨਹੀਂ ਜਾਂਦੇ, ਸਗੋਂ ਡਾਕਟਰ ਕੋਲ ਹਸਪਤਾਲ ਜਾਂਦੇ ਹਨ। ਇਹ ਮਿਸਾਲ ਉਸ ਦੇ ਨੁਕਤੇ ਨੂੰ ਸਪਸ਼ਟ ਕਰਦੀ ਹੈ। ਮਾਰਕਸ ਵਾਂਗ ਗੁਰੂ ਸਾਹਿਬ ਵੀ ਪ੍ਰਚਲਿਤ ਧਰਮਾਂ ਦੀ ਆਲੋਚਨਾ ਕਰਦੇ ਸਨ। ਉਹ ਉਨ੍ਹਾਂ ਨੂੰ ਝੂਠ ਦਾ ਪੁਲੰਦਾ ਦੱਸਦੇ ਸਨ ਤੇ ਸਚਿਆਰਾ ਬਣਨ ਲਈ ਪ੍ਰਕਿਰਤੀ ਦੇ ਨਿਜ਼ਾਮ ਦਾ ਅਧਿਐਨ ਕਰਨ ਦੀ ਸਲਾਹ ਦਿੰਦੇ ਸਨ। ਉਨ੍ਹਾਂ ਨੇ ਵੀ ਸਿੱਟਿਆਂ ਨੂੰ ਸਾਹਮਣੇ ਰੱਖ ਕੇ ਉਪਯੁਕਤ ਕਰਮ ਕਰਨ 'ਤੇ ਜੋਰ ਦਿੱਤਾ। ਉਹ ਵੀ ਕੁਦਰਤ ਦੇ ਨਿਯਮਾਂ ਨੂੰ ਅਪਨਾ ਕੇ ਨਰੋਏ ਸਮਾਜ ਦੀ ਸਿਰਜਣਾ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ ਵੀ ਪ੍ਰਚਲਿਤ ਸਮਾਜ ਦੇ ਬਹੁਤੇ ਪੱਖਾਂ ਦੀ ਆਲੋਚਨਾ ਕੀਤੀ ਅਤੇ ਸਮਾਨਤਾ, ਸੁਤੰਤਰਤਾ, ਇਨਸਾਫ ਤੇ ਮਨੁੱਖੀ ਭਾਈਚਾਰੇ ਵਾਲੇ ਸਮਾਜ ਦੇ ਹੱਕ ਵਿਚ ਨਿੱਤਰੇ। ਇੱਥੇ ਵੀ ਉਪਰੋਕਤ ਦੋਵੇਂ ਵਿਚਾਰਧਾਰਾਵਾਂ ਦੇ ਟਕਰਾਅ ਦੀ ਕੋਈ ਗੱਲ ਨਹੀਂ ਮਿਲਦੀ। ਸਗੋਂ ਦੋਹਾਂ ਦੇ ਵਿਚਾਰ ਸਮਾਨੰਤਰੀ ਦਿਸ਼ਾਵਾਂ ਵਿਚ ਚਲਦੇ ਨਜ਼ਰ ਆਏ।

**ਲੇਖਕ : ਡਾ. ਗੋਬਿੰਦਰ ਸਿੰਘ ਸਮਰਾਓ, ਫੋਨ:** 408-634-2310

ਉੱਚੇ ਸੁੱਚੇ ਕਿਰਦਾਰ ਤੇ ਮੌਲਿਕ ਪ੍ਰਤਿਭਾ ਵਾਲੇ ਗੁਰੂ ਸਾਹਿਬ ਨਾਲ ਕਿਸੇ ਦਾ ਵੀ ਟਾਕਰਾ ਕਰਨਾ ਉੱਚਿਤ ਨਹੀਂ ਅਤੇ ਨਾ ਹੀ ਇਹ ਇੱਥੇ ਕੀਤਾ ਜਾ ਰਿਹਾ ਹੈ। ਫਿਰ ਵੀ ਉਨ੍ਹਾਂ ਦੇ ਦਾਰਸ਼ਨਿਕ ਵਿਅਕਤੀਤਵ ਦੇ ਇੱਕੇ ਦੁੱਕੇ ਮੁੜੰਗੇ ਅੰਸ਼ਿਕ ਰੂਪ ਵਿਚ ਕਿਸੇ ਹੋਰ ਨਾਲ ਵੀ ਮਿਲ ਸਕਦੇ ਹਨ। ਸਦੀਆਂ ਤੇ ਮੀਲਾਂ ਦਾ ਫਾਸਲਾ ਹੋਣ ਦੇ ਬਾਵਜੂਦ ਗੁਰੂ ਨਾਨਕ ਤੇ ਕਾਰਲ ਮਾਰਕਸ ਦੇ ਕਈ ਸਰੋਕਾਰ ਇਕੋ ਜਿਹੇ ਸਨ। ਦੋਵੇਂ ਬਹੁ-ਪੱਖੀ ਸ਼ਖਸੀਅਤਾਂ ਦੇ ਮਾਲਕ ਸਨ ਤੇ ਦੋਹਾਂ ਨੂੰ ਗਿਆਨ, ਵਿਗਿਆਨ ਤੇ ਮਨੁੱਖਤਾ ਦੀ ਭਲਾਈ ਦੀ ਲਗਨ ਸੀ। ਗੁਰੂ ਸਾਹਿਬ ਦੀ ਵਡਿਆਈ ਇਹ ਹੈ ਕਿ ਉਨ੍ਹਾਂ ਨੇ ਮੱਧ ਕਾਲ ਦੇ ਹਨੇਰੇ ਸਮਿਆਂ ਵਿਚ ਸਰਬ-ਵਿਆਪੀ ਵਿਗਿਆਨਕ ਸੋਚ ਦੀ ਮਸ਼ਾਲ ਜਲਾਈ, ਜਦੋਂ ਨੇੜੇ ਤੇੜੇ ਗਿਆਨ ਦਾ ਕੋਈ ਚਿਰਾਗ ਨਹੀਂ ਸੀ ਬਲਦਾ। ਉਨ੍ਹਾਂ ਦੀ ਸੋਚ ਉਨ੍ਹਾਂ ਦੇ ਆਪਣੇ ਡੂੰਘੇ ਅਨੁਭਵ ਅਤੇ ਵਿਸ਼ਲੇਸ਼ਣ ਦਾ ਨਤੀਜਾ ਸੀ। ਉਨ੍ਹਾਂ ਦਾ ਉੱਦਮ ਅਲੌਕਿਕ ਤੇ ਬੇਮਿਸਾਲ ਸੀ।

ਇਸ ਦੇ ਉਲਟ ਕਾਰਲ ਮਾਰਕਸ ਉਸ ਵੇਲੇ ਆਇਆ, ਜਦੋਂ ਗੁਰੂ ਸਾਹਿਬ ਦੇ ਪੂਰਨਿਆਂ ਵਰਗੇ ਨਰੋਏ ਸੋਚ 'ਤੇ ਚੱਲੇ ਪੱਛਮੀ ਜਗਤ ਵਿਚ ਵਿਗਿਆਨ, ਇੰਡਸਟਰੀ, ਫਿਲਾਸਫੀ ਤੇ ਅਰਥ-ਸਾਸ਼ਤਰ ਦੇ ਬੂਟਿਆਂ ਨੂੰ ਗਿਆਨ ਦਾ ਬੂਰ ਪੈਣ ਲੱਗ ਪਿਆ ਸੀ। ਉਸ ਨੇ ਆਪਣੀ ਵਿਚਾਰਧਾਰਾ ਇਸ ਗਿਆਨ ਨੂੰ ਆਧਾਰ ਬਣਾ ਕੇ ਖੜ੍ਹੀ ਕੀਤੀ। ਗੁਰੂ ਸਾਹਿਬ ਪਹਿਲ-ਕਦਮੀ ਦੇ ਧਨੀ ਤੇ ਵਿਗਿਆਨਕ ਸੱਚ ਦੀ ਸੇਧ ਦੇਣ ਵਾਲੇ ਸਨ। ਮਾਰਕਸ ਸੇਧ ਲੈਣ ਵਾਲਾ ਸੀ ਤੇ ਉਸ ਵੇਲੇ ਪੈਦਾ ਹੋਇਆ, ਜਦੋਂ ਜਮਾਨਾ ਸੱਚ ਦੀ ਸੇਧੇ ਪੈਣ ਵੱਲ ਚੱਲ ਪਿਆ ਸੀ। ਗੁਰੂ ਸਾਹਿਬ ਬਚਪਨ ਤੋਂ ਹੀ ਸੋਚਦੇ ਰਹੇ ਕਿ ਬ੍ਰਹਿਮੰਡ ਦਾ ਆਧਾਰ ਇਕੋ ਪਰਮ-ਸਤਿ ਹੈ, ਜਿਸ ਤੋਂ ਵੱਖ ਵੱਖ ਕਿਸਮ ਦੇ ਰੰਗਾਂ, ਨਾਂਵਾਂ ਵਾਲੀ ਮਾਯਾ ਭਾਵ ਪਦਾਰਥੀ ਉਪਜ ਜਨਮੀ ਹੈ। ਉਨ੍ਹਾਂ ਅਨੁਸਾਰ ਮਨੁੱਖ ਦਾ ਸਭ ਤੋਂ ਵੱਡਾ ਉਦੇਸ਼ ਪਰਮ-ਸਤਿ ਦੀ ਖੋਜ ਹੈ, ਜੋ 'ਹੁਕਮ' ਭਾਵ ਕੁਦਰਤ ਦੇ ਨਿਯਮਾਂ ਦੇ ਅਧਿਐਨ ਰਾਹੀਂ ਹੀ ਪੂਰਾ ਕੀਤਾ ਜਾ ਸਕਦਾ ਹੈ। ਉਨ੍ਹਾਂ ਅਨੁਸਾਰ ਇਸ ਰਾਹ ਚੱਲਿਆਂ ਹੀ ਮਨੁੱਖਤਾ ਦਾ ਕਲਿਆਣ ਹੋ ਸਕਦਾ ਹੈ ਤੇ ਇਸੇ ਰਾਹੀਂ ਸਮਾਜਕ ਇੰਜੀਨੀਅਰਿੰਗ ਕਰ ਕੇ ਚੰਗੇ ਸਮਾਜ ਦੀ ਬੁਨਿਆਦ ਰੱਖੀ ਜਾ ਸਕਦੀ ਹੈ। ਮਾਰਕਸ ਪਹਿਲੀ ਉਮਰੇ ਹੀ ਉਸ ਪਰਮ-ਸਤਿ ਦੀ ਖੋਜ ਵਿਚ ਡੈਮੌਕਰੈਟਸ ਤੇ ਐਪੀਕਿਊਰਸ ਦੇ ਐਟਮੀ ਸਿਧਾਂਤਾਂ ਦਾ ਅਧਿਐਨ ਕਰਦਾ ਰਿਹਾ ਤੇ ਇਹੀ ਉਸ ਦੇ ਪੀਐਚ. ਡੀ. ਥੀਸਿਸ ਦਾ ਵਿਸ਼ਾ ਸੀ।

ਗੁਰੂ ਨਾਨਕ ਕੁਦਰਤ ਦੀ ਭੌਤਿਕਤਾ ਦੀ ਖੋਜ 'ਤੇ ਜੋਰ ਦਿੰਦੇ ਰਹੇ, ਮਾਰਕਸ ਨੇ ਇਤਿਹਾਸਕ ਭੌਤਿਕਵਾਦ ਦੇ ਤਿੰਨ ਨਿਯਮ ਖੋਜ ਕੇ ਉਨ੍ਹਾਂ ਦੇ ਚਰਨਾਂ 'ਤੇ ਰੱਖ ਦਿੱਤੇ। ਗੁਰੂ ਸਾਹਿਬ ਸਮਾਜ ਦੇ ਸਭ ਤੋਂ ਹੇਠਲੇ ਵਰਗ ਨਾਲ ਖੜ੍ਹਦੇ ਸਨ ਤੇ ਆਪਣੀ ਬਾਣੀ ਵਿਚ ਇਸ ਸੋਚ ਦਾ ਜ਼ਿਹਾਰ ਕਰਦੇ ਸਨ। ਮਾਰਕਸ ਨੇ ਆਪਣੀ ਵਿਚਾਰਧਾਰਾ ਨੂੰ ਸਮਾਜ ਦੇ ਸਭ ਤੋਂ ਨਿਚਲੇ ਵਰਗ ਭਾਵ ਮਜ਼ਦੂਰ ਜਮਾਤ ਦੇ ਸੰਸਾਰ ਨੁਕਤਾ-ਨਜ਼ਰ ਵਜੋਂ ਪੇਸ਼ ਕੀਤਾ। ਉਹ ਸਾਰੀ ਉਮਰ ਗਰੀਬਾਂ ਲਤਾੜਿਆਂ ਦੀ ਭਲਾਈ ਲਈ ਲੜਦਾ ਰਿਹਾ। ਉਸ ਨੇ ਆਪਣੇ ਸਮੇਂ ਦੇ ਸਭ ਵਿਗਿਆਨਾਂ ਦਾ ਸਿਧਾਂਤਕ ਸੰਕਲਨ ਕਰ ਕੇ ਵਿਗਿਆਨਕ ਸਮਾਜਵਾਦ ਦਾ ਸੰਸਾਰਕ ਦ੍ਰਿਸ਼ਟੀਕੋਣ ਦਿੱਤਾ, ਜੋ ਸਮਾਜ ਦੀ ਗਾਰ ਵਿਚ ਰਹਿਣ ਵਾਲੀ ਕਾਮਾ-ਜਮਾਤ ਦੇ ਹਿੱਤਾਂ ਦੀ ਤਰਜਮਾਨੀ ਕਰਦਾ ਸੀ। ਉਸ ਅਨੁਸਾਰ ਜਰਵਾਣਿਆਂ ਦੇ ਧੱਕੇ ਦਾ ਪਤਨ ਹੋ ਕੇ, ਨਿਤਾਣਿਆਂ ਨੂੰ ਤਾਣ ਤੇ ਨਿਓਟਿਆਂ ਨੂੰ ਓਟ ਵਾਲੇ ਸਮਾਜ ਦਾ ਆਉਣਾ ਇਕ ਫੋਕੀ ਉਮੀਦ ਨਹੀਂ, ਕੁਦਰਤੀ ਮਜਬੂਰੀ ਹੈ। ਗੁਰੂ ਸਾਹਿਬ ਵਾਂਗ ਹੀ ਉਹ ਵਿਗਿਆਨਕ ਸੋਚ ਦਾ ਮੁੱਦਈ ਤੇ ਪਰਪੱਕ ਆਸ਼ਾਵਾਦੀ ਸੀ। ਉਨ੍ਹਾਂ ਵਾਂਗ ਹੀ ਉਹ ਆਪਣੇ ਸਮਕਾਲੀਆਂ ਨੂੰ ਇਹ ਢੰਗ ਅਪਨਾਉਣ 'ਤੇ ਜੋਰ ਦਿੰਦਾ ਸੀ। ਟਕਰਾਓ ਦੋਹਾਂ ਦਾ ਇੱਥੇ ਵੀ ਨਹੀਂ।

ਗੁਰੂ ਸਾਹਿਬ ਨੇ ਆਪਣੇ ਸਮੇਂ ਦੇ ਅਧਿਆਤਮਕ ਅਲੰਬਰਦਾਰਾਂ ਨੂੰ ਸਹੀ ਸੋਚ ਸਿਖਾਉਣ ਦਾ ਵਿਚਾਰਧਾਰਾਤਮਕ ਬੀੜਾ ਚੁੱਕਿਆ, ਕਾਰਲ ਮਾਰਕਸ ਨੇ ਯੂਰਪ ਦੇ ਬੂਰਜੁਆ ਬੁੱਧੀਜੀਵੀਆਂ ਨੂੰ ਇਕ ਇਕ ਕਰਕੇ ਪ੍ਰਗਤੀਵਾਦੀ ਰਾਹ ਦਿਖਾਇਆ। ਦੋਵੇਂ ਕਟਾਕਸ਼, ਪੜਚੋਲ ਤੇ ਦਲੀਲ ਦੀ ਵਿਧੀ ਦਾ ਇਸਤੇਮਾਲ ਕਰਦੇ ਸਨ। ਦੋਵੇਂ ਇਮਾਨਦਾਰ, ਤਿਆਗਮੂਰਤ, ਹਮਦਰਦ ਤੇ ਕਿਸੇ ਉੱਚੇ ਉਦੇਸ਼ ਨੂੰ ਪ੍ਰਣਾਏ ਹੋਏ ਸਨ। ਗੁਰੂ ਨਾਨਕ ਨੇ ਆਪਣੇ ਵੀਹ ਰੁਪਇਆਂ ਨਾਲ ਭੁੱਖੇ ਸਾਧੂਆਂ ਨੂੰ ਪ੍ਰਸ਼ਾਦੇ ਛਕਾਏ, ਮਾਰਕਸ ਨੇ ਆਪਣੀ ਅਚਾਨਕ ਮਿਲੀ ਵਿਰਾਸਤੀ ਪੂੰਜੀ ਨੂੰ ਟੋਕਰੀ ਵਿਚ ਪਾ ਕੇ ਮਿਲਣ ਆਉਣ ਵਾਲੇ ਮਜ਼ਦੂਰਾਂ ਦੇ ਵਰਤਣ ਲਈ ਡਰਾਇੰਗਰੂਮ ਦੇ ਟੇਬਲ 'ਤੇ ਰੱਖ ਦਿੱਤਾ। ਗੁਰੂ ਸਾਹਿਬ ਸਾਰੀ ਉਮਰ ਦੇਸ਼-ਵਿਦੇਸ਼ ਵਿਚ ਉਦਾਸੀਆਂ ਕਰਦੇ ਰਹੇ, ਮਾਰਕਸ ਉਮਰ-ਭਰ ਜਲਾਵਤਨ ਰਿਹਾ। ਗੁਰੂ ਸਾਹਿਬ ਨੇ ਮਰਦਾਨੇ ਨਾਲ ਉਮਰ ਭਰ ਦੀ ਸੰਗਤ ਨਿਬਾਹੀ, ਕਾਰਲ ਮਾਰਕਸ ਦੀ ਫ੍ਰੈਡਰਿਕ ਏਂਜਲਸ ਨਾਲ ਦੋਸਤੀ ਨੂੰ ਯਾਦਗਾਰੀ ਮੰਨਿਆ ਜਾਂਦਾ ਹੈ। ਦੋਵੇਂ ਹੀ ਪੱਕੇ ਗ੍ਰਹਿਸਥੀ ਸਨ। ਗੁਰੂ ਚੇਲੇ ਵਰਗੀਆਂ ਸਮਾਨਤਾਵਾਂ ਮਿਲਿਆਂ, ਪਰ ਟਕਰਾਓ ਇੱਥੇ ਵੀ ਕੋਈ ਨਾ ਮਿਲਿਆ।

ਹੈਰਾਨੀ ਦੀ ਗੱਲ ਇਹ ਕਿ ਅਖੌਤੀ ਟਕਰਾਓ ਦੀ ਥਾਂ ਇਕ ਹੋਰ ਅਦੁੱਤੀ ਸਾਂਝ ਮਿਲੀ, ਜਿਸ ਨੂੰ ਅਜੋਕੇ ਸਿੱਖ ਵਿਦਵਾਨ ਕਦੇ ਵੀ ਨਾ ਸਮਝ ਸਕੇ। ਗੁਰੂ ਸਾਹਿਬ ਨੇ ਕਿਰਤ ਕਰੋ ਦਾ ਸੰਦੇਸ਼ ਦਿੱਤਾ, ਮਾਰਕਸ ਨੇ ਕਿਰਤ ਉਤੇ ਆਧਾਰਤ ਲੇਬਰ ਸਿਧਾਂਤ ਦਿੱਤਾ। ਇਸ ਅਨੁਸਾਰ ਸੰਸਾਰ ਦੀਆਂ ਸਭ ਵਸਤਾਂ ਮਨੁੱਖੀ ਕਰਮ ਭਾਵ ਮਿਹਨਤ ਦਾ ਸਿੱਟਾ ਹਨ। ਉਸ ਨੇ ਆਪਣੀ ਸੰਸਾਰ ਪ੍ਰਸਿੱਧ ਪੁਸਤਕ ਦਾਸ ਕੈਪੀਟਲ (ਧਅਸ ਛਅਪਟਿਅਲ) ਨੂੰ ਸੁਰੂ ਹੀ ਇੱਥੋਂ ਕੀਤਾ, ਦੁਨੀਆਂ ਦੀਆਂ ਸਭ ਵਸਤਾਂ ਮਨੁੱਖੀ ਕਿਰਤ ਦਾ ਸੰਚਿਤ ਰੂਪ ਹਨ।' ਅਰਥਾਤ ਦੁਆਲੇ ਦੀਆਂ ਸਭ ਚੀਜ਼ਾਂ ਮਨੁੱਖੀ ਮਿਹਨਤ ਦੇ ਮੁਜੱਸਮੇ ਹਨ, ਜਿਨ੍ਹਾਂ ਵਿਚ ਮਨੁੱਖਤਾ ਦੀ ਮੁਸ਼ੱਕਤ ਸਿੱਕੇ-ਬੰਦ ਹੈ। ਉਸ ਨੇ ਖੋਜ ਰਾਹੀਂ ਸਾਬਤ ਕੀਤਾ ਕਿ ਕਿਸੇ ਚੀਜ਼ ਨੂੰ ਪੈਦਾ ਕਰਨ ਵਿਚ ਸਿਰਫ ਤੇ ਸਿਰਫ ਮਨੁੱਖੀ ਮਿਹਨਤ ਖਪਤ ਹੁੰਦੀ ਹੈ, ਇਸ ਲਈ ਮਿਹਨਤ ਦੇ ਫਲ ਉੱਤੇ ਕੇਵਲ ਮਿਹਨਤਕਸ਼ਾਂ ਭਾਵ ਭਾਈ ਲਾਲੋਆਂ ਦਾ ਹੱਕ ਹੈ। ਉਸ ਨੇ ਸਨਾਤਨੀ ਅਰਥ-ਸ਼ਾਸ਼ਤਰੀਆਂ ਦੀਆਂ ਉਨ੍ਹਾਂ ਥਿਊਰੀਆਂ ਨੂੰ ਗਲਤ ਸਾਬਤ ਕੀਤਾ, ਜਿਨ੍ਹਾਂ ਅਨੁਸਾਰ ਜਮੀਨ, ਸ਼ਰਮਾਇਆ ਤੇ ਪ੍ਰਬੰਧ ਨੂੰ ਉਤਪਾਦਨ ਦੇ ਮੁੱਖ ਤੱਤ ਮੰਨ ਕੇ ਮੁਨਾਫੇ ਉੱਤੇ ਸ਼ਰਮਾਏਦਾਰਾਂ ਭਾਵ ਮਲਕ ਭਾਗੋਆਂ ਦਾ ਹੱਕ ਦੱਸਿਆ ਜਾਂਦਾ ਸੀ ਤੇ ਮਿਹਨਤਕਸ਼ਾਂ ਭਾਵ ਲਾਲੋਆਂ ਨੂੰ ਸਿਰਫ ਮਜ਼ਦੂਰੀ ਦੇ ਹੱਕਦਾਰ ਸਮਝਿਆ ਜਾਂਦਾ ਸੀ। ਟਕਰਾਓ ਕੇਹਾ, ਇਸ ਅਨੁਸਾਰ ਤਾਂ ਕਾਰਲ ਮਾਰਕਸ ਨੂੰ ਗੁਰੂ ਸਾਹਿਬ ਦਾ 'ਬੰਦਾ ਬਹਾਦਰ' ਕਿਹਾ ਜਾਣਾ ਚਾਹੀਦਾ ਹੈ।

ਇਹੀ ਨਹੀਂ, ਜਿਵੇਂ ਗੁਰੂ ਨਾਨਕ ਨੇ ਆਪਣੀ ਆਖਰੀ ਲਿਖਤ ਜਪੁਜੀ ਲਿਖ ਕੇ ਆਪਣੀ ਸਮੁੱਚੀ ਬਾਣੀ ਨੂੰ ਵਿਚਾਰਨ ਦੇ ਬੁਨਿਆਦੀ ਨਿਯਮ ਦੱਸੇ। ਇਨ੍ਹਾਂ ਨਿਯਮਾਂ ਨੂੰ ਬਹੁਤੇ ਸਿੱਖ ਵਿਦਵਾਨਾਂ ਨੇ ਸਮਝਿਆ ਨਹੀਂ ਤੇ ਜਿਨ੍ਹਾਂ ਨੇ ਸਮਝਿਆ, ਉਨ੍ਹਾਂ ਨੇ ਗੌਲਿਆ ਨਹੀਂ। ਉਸੇ ਤਰ੍ਹਾਂ ਕਾਰਲ ਮਾਰਕਸ ਨੇ ਢਲਦੀ ਉਮਰੇ ਆਪਣੀ ਆਖਰੀ ਰਚਨਾ ਗੋਥਾ ਪ੍ਰੋਗਰਾਮ ਦੀ ਆਲੋਚਨਾ ਲਿਖੀ, ਜਿਸ ਵਿਚ ਉਸ ਨੇ ਆਪਣੀ ਵਿਚਾਰਧਾਰਾ ਬਾਰੇ ਯਾਦਗਾਰੀ ਨੁਕਤੇ ਸਮਝਾਏ। ਇਸ ਪੁਸਤਕ ਨੂੰ ਉਸ ਦੇ ਬਹੁਤੇ ਅਨੁਆਈਆਂ ਨੇ ਪੜ੍ਹਿਆ ਨਹੀਂ, ਜਿਨ੍ਹਾਂ ਨੇ ਪੜ੍ਹਿਆ, ਉਹ ਅਣਗੌਲਿਆ ਕਰਨ ਲੱਗ ਪਏ। ਟਕਰਾਓ ਦੀ ਤਾਂ ਇਹ ਗੱਲ ਵੀ ਨਹੀਂ, ਫਿਰ ਟਕਰਾਓ ਹੈ ਕਿਥੇ?

# ਸਿੱਖ ਰਾਜ ਕਿਵੇਂ ਬਣਿਆ?

ਲੇਖਕ : ਗਿ: ਸੋਹਨ ਸਿੰਘ 'ਸੀਤਲ'

ਕਿਸ਼ਤ - 51

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ




### ਗੁਰਬਖ਼ਸ਼ ਸਿੰਘ ਦੀ ਸ਼ਹੀਦੀ

ਜਹਾਨ ਖ਼ਾਂ ਆਪ ਫ਼ੌਜਾਂ ਲੈ ਕੇ ਅੰਮ੍ਰਿਤਸਰ 'ਤੇ ਚੜ ਆਇਆ। ਉਸ ਵੇਲੇ ਓਥੇ ਬਾਬਾਗੁਰਬਖ਼ਸ਼ ਸਿੰਘ ਹਰਿਮੰਦਰ ਸਾਹਿਬ ਦੀ ਰਾਖੀ ਕਰ ਰਿਹਾ ਸੀ। ਉਹ ਪਿੰਡ 'ਲੀਲ' ਤਸੀਲ ਕਸੂਰ ਦਾ ਸੀ। ਉਹਨੇ ਭਾਈ ਮੰਨੀ ਸਿੰਘ ਜੀ ਤੋਂ ਅੰਮ੍ਰਿਤ ਛਕਿਆ ਸੀ।ਉਹ ਬੜਾ ਭਜਨੀਕ-ਸੰਤ ਰੂਪ-ਨਿਹੰਗ ਸਿੰਘ ਸੀ। ਉਹ ਹਰ ਵੇਲੇ ਨੀਲੇ ਬਸਤਰ ਪਹਿਨਿਆ ਕਰਦਾ ਸੀ। ਬਾਕੀ ਸਿੰਘ ਤਾਂ ਜੰਗਲਾਂ ਨੂੰ ਨੱਸ ਗਏ, ਪਰ ਬਾਬਾ ਗੁਰਬਖ਼ਸ਼ ਸਿੰਘ ਆਪਣੇ ਗਿਣਤੀ ਦੇ ਸਾਥੀਆਂ ਸਣੇ-ਸ਼ਹੀਦੀ

ਗਾਂਨੇ ਸਜਾ ਕੇ-ਅਕਾਲ ਤਖਤ 'ਤੇ ਡਟਿਆ ਰਿਹਾ। ਜਹਾਨ ਖ਼ਾਂ ਨੇ ਹਮਲਾ ਕੀਤਾ, ਤਾਂ ਬਾਬਾ ਗੁਰਬਖ਼ਸ਼ ਸਿੰਘ ਤੇ ਉਹਦੇ ਸਾਥੀ ਸੂਰਮਿਆਂ ਵਾਂਗ ਲੜ ਕੇ ਸ਼ਹੀਦ ਹੋਏ। ਉਹਨਾਂ ਦਾ ਸ਼ਹੀਦ ਗੰਜ ਸ੍ਰੀ ਅਕਾਲ ਤਖ਼ਤ ਦੇ ਪਿਛਲੇ ਪਾਸੇ ਹੈ

ਜਹਾਨ ਖ਼ਾਂ ਨੇ ਅੰਮ੍ਰਿਤਸਰ ਬੇਅਦਬੀ ਕੀਤੀ

ਜਹਾਨ ਖਾਂ ਨੇ ਅੰਮ੍ਰਿਤਸਰ ਉੱਤੇ ਕਬਜ਼ਾ ਕਰ ਲਿਆ।ਉਹਨੇ ਓਥੋਂ ਦੇ ਗੁਰਦੁਆਰੇ ਢਾਹ ਦਿੱਤੇ ਤੇ ਸਰੋਵਰ ਪੂਰ ਦਿੱਤਾ। ਸਿੱਖਾਂ ਦਾ ਬਣਾਇਆ ਕਿਲਾ ਰਾਮਗੜ ਢਾਹ ਦਿੱਤਾ ਗਿਆ। ਉਹਦੇ ਵਿਚਲੇ ਕੁਛ ਸਿੱਖ ਸ਼ਹੀਦ ਕਰ ਦਿੱਤੇ ਗਏ। ਅੰਮ੍ਰਿਤਸਰ ਦੀ ਵਸੋਂ ਬੁਰੀ ਤਰਾਂ ਲੁੱਟੀ ਤੇ ਉਸ ਉੱਤੇ-ਨਾ ਕਹੇ ਜਾਣ ਵਾਲੇ-ਜ਼ੁਲਮ ਕੀਤੇ।

ਉਸ ਵੇਲੇ ਸ਼ਹੀਦਾਂ ਦੀ ਮਿਸਲ ਦਮਦਮਾ ਸਾਹਿਬ ਤਲਵੰਡੀ (ਮਾਲਵੇ ਵਿਚ) ਬਾਬਾ ਦੀਪ ਸਿੰਘ ਦੀਤਲਵੰਡੀ ਤੋਂ ਤਿਆਰੀ ਬੈਠੀ ਸੀ। ਮਿਸਲ ਦਾ ਜੱਥੇਦਾਰ ਬਾਬਾ ਦੀਪ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਉਤਾਰਾ ਕਰ ਰਿਹਾ ਸੀ। ਹਰਿਮੰਦਰ ਸਾਹਿਬ ਦੀ ਬੇਅਦਬੀ ਦੀ ਖ਼ਬਰ ਸੁਣੀ, ਤਾਂ ਉਸ ਸੰਤ ਸਿਪਾਹੀ ਨੇ ਕਲਮ ਰਖ ਦਿੱਤੀ ਤੇ ਤਲਵਾਰ ਫੜ ਲਈ। ਦਮਦਮਾ ਸਾਹਿਬ ਦੀ ਸੇਵਾ ਆਪਣੇ ਭਤੀਜੇ ਸੱਦਾ ਸਿੰਘ ਨੂੰ ਸੌਂਪ ਕੇ ਬਾਬਾ ਦੀਪ ਸਿੰਘ ਆਪਣਾ ਜੱਥਾ ਲੈ ਕੇ ਅੰਮ੍ਰਿਤਸਰ ਨੂੰ ਤੁਰ ਪਿਆ। ਪਿੰਡ ਜੱਗਾ, ਬਾਹਮਣੀ ਵਾਲਾ, ਨੇਹੀਆਂ ਵਾਲਾ, ਬਿੱਜੂਕੇ, ਗੁਰੂ ਚੌਂਤਰਾ, ਫੂਲ, ਮਰਾਜ, ਦਰਾਜ, ਭੁੱਚੋ, ਗੋਬਿੰਦਪੁਰਾ, ਕੋਟ, ਲੱਖੀ ਜੰਗਲ ਵਿਚ ਦੀ ਹੁੰਦਾ ਹੋਇਆ ਜੱਥਾ ਫ਼ੀਰੋਜ਼ਪੁਰ, ਖੇਮ ਕਰਨ ਰਾਹੀਂ ਤਰਨ ਤਾਰਨ ਆ ਬੈਠਾ। ਏਥੋਂ ਤਕ ਆਉਂਦਿਆਂ ਸਿੰਘਾਂ ਦੀ ਗਿਣਤੀ ਪੰਜ ਹਜ਼ਾਰ ਹੋ ਗਈ। ਏਥੇ ਇਲਾਕੇ ਦੇ ਪਿੰਡਾਂ ਵਿਚ ਖ਼ਬਰ ਖਿੱਲਰ ਗਈ, ਕਿ ਬਾਬਾ ਦੀਪ ਸਿੰਘ ਜੀ ਅੰਮ੍ਰਿਤਸਰ ਸ਼ਹੀਦ ਹੋਣ ਵਾਸਤੇ ਜਾ ਰਹੇ ਹਨ। ਇਹ ਸੁਣ ਕੇ ਸਿੰਘ ਲੱਗੇ ਤਰਨ ਤਾਰਨ ਕੱਠੇ ਹੋਣ। ਲੜਾਈ ਵਾਲੇ ਦਿਨ ਤਕ ਸਾਰੇ ਸਿੰਘਾਂ ਦੀ ਗਿਣਤੀ ਦਸ ਹਜ਼ਾਰ ਤਕ ਅਪੜ ਗਈ।

### ਜਹਾਨ ਖ਼ਾ ਦੀ ਫ਼ੌਜ

ਅਗੇ ਜਹਾਨ ਖਾਂ ਨੇ ਗੋਲਵੜ ਮੋਰਚੇ ਆ ਮੱਲੇ। ਆਪਣੀ ਮਦਦ ਵਾਸਤੇ ਉਹਨੇ ਇਲਾਕੇ ਦੇ ਸਭ ਹਾਕਮ ਬੁਲਾ ਲਏ। ਲਾਹੌਰ ਵਿਚ ਰਹਿਣ ਵਾਲੇ ਹਰ ਅਸਵਾਰ ਨੂੰ ਲੜਾਈ ਵਿਚ ਜਾਣ ਦਾ ਹੁਕਮ ਦਿੱਤਾ ਗਿਆ। ਜਹਾਨ ਖਾਂ ਦੇ ਨਾਲ ਹਾਜੀ ਅੱਤੇ ਖ਼ਾਂ, ਕਾਸਮ ਖ਼ਾਂ ਪੱਟੀ ਵਾਲਾ, ਮੀਰ ਨਿਅਮਤੁੱਲਾ, ਸੱਯਦ ਸਾਬਰਅਲੀ, ਅਮੀਰ ਜਾਨਖ਼ਾਨ ਪੰਜ ਹਜ਼ਾਰੀ, ਅਯੂਬ ਖ਼ਾਂ, ਅਮਾਨ ਖ਼ਾਂ, ਯਾਕੂਬ ਖਾਂ, ਜ਼ਬਰਦਸਤ ਖ਼ਾਂ, ਰੁਸਤਮ ਖ਼ਾਂ ਆਦਿ ਅਫ਼ਸਰ ਸਨ।

### ਗੋਲਵੜ ਦੀ ਲੜਾਈ

11 ਨਵੰਬਰ, 1757 ਈ। ਨੂੰ ਹੋਈ। ਸਿੰਘਾਂ ਨੇ ਤਰਨ ਤਾਰਨੋਂ ਉਠ ਕੇਜਹਾਨ ਦੀਖ਼ਾਂ ਉੱਤੇ ਹਮਲਾ ਕੀਤਾ। ਪਹਿਲੇ ਹੱਲੇ ਵਿਚ ਹੀ ਮੁਸਲਮ ਫ਼ੌਜ ਪਿਛਾਂਹ ਨੂੰ ਨੱਸ ਉਠੀ। ਜਹਾਨ ਖ਼ਾਂ ਨੇ ਆਪਣੀ ਫ਼ੌਜ ਨੂੰ ਨੱਸਣ ਤੋਂ ਰੋਕਣ ਵਾਸਤੇ ਤਲਵਾਰ ਨਾਲ ਆਪਣੇ ਹੀ ਕੁਛ ਸਿਪਾਹੀ ਵਟੜ ਕੀਤੇ। ਇਸ ਤਰਾਂ ਦੋਹੀਂ ਪਾਸੀਂ ਮੌਤ ਵੇਖ ਕੇ ਮੁਸਲਮ ਫ਼ੌਜ ਮਾਰੀਦੀ ਲੜਨ ਲੱਗੀ। ਉਹ ਸਿੰਘਾਂ ਦੇ ਅਥਾਹ ਜੋਸ਼ ਅੱਗੇ ਖਲੋ ਨਾ ਸਕੀ। ਅਖ਼ੀਰ ਲੜਦੇ ਲੜਾਉਂਦੇ ਮੁਸਲਮ ਜਰਨੈਲ ਪਿਛਲੇ ਪੈਰੀਂ ਅੰਮ੍ਰਿਤਸਰ ਨੂੰ ਹਟਣ ਲਗੇ। ਦੋਵੇਂ ਦਲ ਲੜਦੇ ਲੜਦੇ ਰਾਮ ਸਰ (ਅੰਮ੍ਰਿਤਸਰ) ਕੋਲ ਜਾਂ ਅਪੜੇ। ਏਥੇ ਬੜਾ ਘਮਸਾਣ ਦਾ ਯੁੱਧ ਹੋਇਆ। ਅਮਾਨ ਖ਼ਾਂ ਤੇ ਬਾਬਾ ਦੀਪ ਸਿੰਘ ਆਮੋ-ਸਾਮਣੇ ਆ ਭਿੜੇ। ਸਾਂਝੇ ਵਾਰ ਨਾਲ ਦੋਹਾਂ ਬਹਾਦਰਾਂ ਦੇ ਸਿਰ ਲਹਿ ਗਏ। ਗਿ, ਗਿਆਨ ਸਿੰਘ ਜੀ ਪੰਥ ਪ੍ਰਕਾਸ਼ (ਪੰਨਾ ੭੯੫) ਵਿਚ ਲਿਖਦੇ ਹਨ, ਕਿ ਇਹ ਘਟਨਾ ਪਿੰਡ ਚਾਟੀ ਵਿੰਡ ਕੋਲ ਹੋਈ। ਕੋਲੋਂ ਇਕ ਸਿੰਘ ਨੇ ਬੋਲੀ ਮਾਰੀ, ਕਿ ਬਾਬਾ ਜੀ = ਆਪ ਨੇ ਤਾਂ ਅੰਮ੍ਰਿਤਸਰ ਪਹੁੰਚ ਕੇ ਸੀਸ ਭੇਟ ਕਰਨ ਦਾ ਬਚਨ ਕੀਤਾ ਸੀ। ਪਰ ਹੁਣ ਰਾਹੇ ਆਸਣ ਜਮਾ ਬਹਿਣ ਲੱਗੇ ਇਹ ਸੁਣ ਕੇ ਬਾਬਾ ਦੀਪ ਸਿੰਘ ਨੇ ਖੱਬੇ ਹੱਥ 'ਤੇ ਸਿਰ ਧਰ ਲਿਆ ਤੇ ਲੜਦੇ ਹੋਏ ਰਾਮਸਰ ਕੋਲ ਜਾ ਅਪੜੇ। ਸਿੰਘਾਂ ਨੇ ਕਿਹਾ ਧੰਨ ਬਾਬਾ ਦੀਪ ਸਿੰਘ' ਜਿਸ ਦਾ ਧੜ ਲੜਦਾ ਅੰਮ੍ਰਿਤਸਰ ਆ ਪੁੱਜਾ ਹੈ। ਇਹ ਵਾਕ ਸੁਣ ਕੇ ਬਾਬਾ ਜੀ ਨੇ ਓਥੇ ਹੀ ਸਿਰ ਧਰ ਦਿੱਤਾਫ਼ ਬਾਕੀ ਇਤਿਹਾਸਾਂ ਵਿਚ ਲਿਖਿਆ ਹੈ, ਕਿ ਬਾਬਾ ਜੀ ਸ਼ਹੀਦ ਹੀ ਗੁ। ਰਾਮਸਰ ਕੋਲ ਹੋਏ। ਓਥੇ ਅੱਜ ਤੱਕ ਸ਼ਹੀਦ ਗੰਜ ਹੈ। ਬਾਬਾ ਦੀਪ ਸਿੰਘ ਦੇ ਸ਼ਹੀਦ ਹੋਣ 'ਤੇ ਵੀ ਲੜਾਈ ਮੁੱਕੀ ਨਹੀਂ।ਸਿੰਘ ਸ਼ੇਰਾਂ ਵਾਂਗ ਹੱਲੇ ਕਰਦੇ ਤੇ ਲਹੂ ਦੀ ਹੋਲੀ ਖੇਡਦੇ ਅੱਗੇ ਵਧਦੇ ਗਏ। ਗੁਰੂ ਕੇ ਬਾਗ, ਅੰਮ੍ਰਿਤ ਸਰੋਵਰ ਦੀਆਂ ਪਰਕਰਮਾਂ ਤੇ ਅਕਾਲ ਤਖ਼ਤ ਦੇ ਪਿਛਲੇ ਪਾਸੇ ਤਕ ਬੜਾ ਲਹੂ ਡੋਲਵਾਂ ਘਮਸਾਣ ਹੋਇਆ। ਵੈਰੀ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਛੱਡ ਕੇ ਪਿਛੇ ਹਟ ਗਿਆ। ਰਾਤ ਪਈ ਲੜਾਈ ਬੰਦ ਹੋਈ। ਦੋਹਾਂ ਧਿਰਾਂ ਦੇ ਹਜ਼ਾਰਾਂ ਸਿਪਾਹੀ ਤੇ ਕੋਈ ਨਾਮਵਰ ਸਰਦਾਰ ਮਾਰੇ ਗਏ। ਸ। ਦਿਆਲ ਸਿੰਘ ਦੇ ਹੱਥੋਂ ਅਮੀਰ ਜਾਨ ਖ਼ਾਨ ਮਾਰਿਆ ਗਿਆ। ਬਾਬਾ ਦੀਪ ਸਿੰਘ ਦੇ ਹੱਥੋਂ ਯਾਕੂਬ ਖ਼ਾਂ, ਮੀਰ ਨਿਅਮਤੁੱਲਾ ਤੇ ਅਮਾਨ ਖ਼ਾਂ ਮਾਰੇ ਗਏ। ਸੱਯਦ ਸਾਬਰ ਅਲੀ ਤੇ ਸ: ਹੀਰਾ ਸਿੰਘ ਆਪਸ ਵਿਚ ਲੜ ਕੇ ਸ਼ਹੀਦ ਹੋਏ। ਸ। ਬਲਵੰਤ ਸਿੰਘ ਨੇ ਜ਼ਬਰਦਸਤ ਖ਼ਾਂ ਨੂੰ ਚੱਕਰ ਨਾਲ ਮਾਰਿਆ। ਫਿਰ ਰੁਸਤਮ ਖ਼ਾਂ ਤੇ ਬਲਵੰਤ ਸਿੰਘ ਸਾਂਝੇ ਵਾਰ ਨਾਲ ਸ਼ਹੀਦ ਹੋਏ। ਜਿੱਥੇ-ਜਿੱਥੇ ਕੋਈ ਸਿੰਘ ਸ਼ਹੀਦ ਹੋਇਆ, ਓਥੇ-ਓਥੇ ਉਸ ਦਾ ਸ਼ਹੀਦ ਗੰਜ ਬਣਿਆ ਹੋਇਆ ਹੈ। ਸ। ਨੋਧ ਸਿੰਘ ਪਿੰਡ ਚੱਬੇ ਕੋਲ ਸ਼ਹੀਦ ਹੋਇਆ, ਜਿਸ ਦਾ ਸ਼ਹੀਦ ਗੰਜ ਪੱਕੀ ਸੜਕ ਦੇ ਵਿਚ ਬਣਿਆ ਹੋਇਆ ਹੈ। ਹਰੀ ਸਿੰਘ ਤੇ ਬੀਰ ਸਿੰਘ ਸੰਗਰਾਣੇ ਕੋਲ ਸ਼ਹੀਦ ਹੋਏ। ਮਤਾਬ ਸਿੰਘ ਗਿੱਲ ਬਾਬਾ ਦੀਪ ਸਿੰਘ ਕੋਲ ਚਾਟੀ ਵਿੰਡ ਦੇ ਦਰਵਾਜ਼ੇ ਅੱਗੇ ਸ਼ਹੀਦ ਹੋਇਆ। ਧਰਮ ਸਿੰਘ ਬਬੇਕਸਰ ਕੋਲ ਸ਼ਹੀਦ ਹੋਇਆਫ਼ ਕੌਰ ਸਿੰਘ, ਮੰਨਾ ਸਿੰਘ, ਬਸੰਤ ਸਿੰਘ (ਸੰਤ ਸਿੰਘ) ਤੇ ਬੀਰ ਸਿੰਘ ਮੰਗਨੀ ਰਾਮ ਦੇ ਅਖਾੜੇ ਕੋਲ ਸ਼ਹੀਦ ਹੋਏ। ਹੀਰਾ ਸਿੰਘ, ਗੰਡਾ ਸਿੰਘ, ਨਿਹਾਲ ਸਿੰਘ, ਲਹਿਣਾ ਸਿੰਘ, ਗੋਪਾਲ ਸਿੰਘ, ਰਣ ਸਿੰਘ, ਭਾਗ ਸਿੰਘ, ਸੱਜਣ ਸਿੰਘ, ਅਘੜ ਸਿੰਘ, ਬਹਾਦਰ ਸਿੰਘ ਗੁਰੂ ਕੇ ਬਾਗ ਵਿਚ ਸ਼ਹੀਦ ਹੋਏ। ਕੁਛ ਸਿੰਘ ਪਰਕਰਮਾ ਵਿਚ ਤੇ ਕੁਛ ਅਕਾਲ ਤਖ਼ਤ ਦੇ ਪਿਛਲੇ ਪਾਸੇ ਸ਼ਹੀਦ ਹੋਏ। ਰਾਤ ਦੁਰਾਨੀ ਆਪਣੇ ਡੇਰੇ ਵਿਚ ਨਵੀਂ ਫ਼ੌਜ ਦੀ ਉਡੀਕ ਵਿਚ ਰਹੇ। ਸਿੰਘਾਂ ਨੇ ਆਪਣੇ ਸ਼ਹੀਦਾਂ ਦਾ ਸੰਸਕਾਰ ਕੀਤਾ ਤੇ ਦਿਨ ਚੜਨ ਤੋਂ ਪਹਿਲਾਂ ਜੰਗਲ ਨੂੰ ਚਲੇ ਗਏ। ਦੁਰਾਨੀਆਂ ਨੇ ਆ ਕੇ ਫੇਰ ਕਬਜ਼ਾ ਕਰ ਲਿਆ।

☛ ਬਾਕੀ ਅਗਲੇ ਅੰਕ ਵਿੱਚ

# ਜੇਕਰ ਪੁਰਾਤਨ ਸਿੱਖ ਸੀਮਤ ਸਾਧਨਾਂ ਦੇ ਬਾਵਜੂਦ ਕੌਮੀ ਏਕਤਾ ਕਰਕੇ ਸਿੱਖ ਰਾਜ ਸਥਾਪਤ ਕਰ ਸਕਦੇ ਹਨ, ਫਿਰ ਅੱਜ ਦੇ ਯੁੱਗ ਵਿੱਚ ਕੌਮੀ ਏਕਤਾ ਕਿਉਂ ਨਹੀ ?

ਲੇਖਕ : ਬਘੇਲ ਸਿੰਘ ਧਾਲੀਵਾਲ
ਸੰਪਰਕ : 99142-58142

ਕੋਈ ਸਮਾਂ ਸੀ ਜਦੋਂ ਖਾਲਸਾ ਪੰਥ ਛੋਟੇ ਛੋਟੇ ਜਥਿਆਂ ਦੇ ਰੂਪ ਵਿੱਚ ਪਰਿਵਾਰਾਂ ਸਮੇਤ ਜੰਗਲਾਂ ਵਿੱਚ ਲੁਕ ਛੁਪ ਕੇ ਤੇ ਦਿਨ ਰਾਤ ਘੋੜਿਆਂ ਦੀਆਂ ਕਾਠੀਆਂ ਤੇ ਹੀ ਸਮਾਂ ਗੁਜਾਰਦਾ ਸੀ। ਫਿਰ ਵੀ ਖਾਲਸੇ ਨੇ ਵੱਡੇ ਵੱਡੇ ਧਾੜਵੀਆਂ ਨੂੰ ਆਪਣੀ ਹੋਂਦ ਦਾ ਬੜੀ ਸ਼ਿੱਦਤ ਨਾਲ ਅਹਿਸਾਸ ਕਰਵਾਇਆ। ਅਫਗਾਨ ਤੋਂ ਚੜਕੇ ਮਾਰੋ ਮਾਰ ਕਰਦੀਆਂ ਆਉਂਦੀਆਂ ਅਬਦਾਲੀ, ਦੁਰਾਨੀ ਦੀਆਂ ਫੌਜਾਂ ਜਦੋਂ ਹਿੰਦੁਸਤਾਨ ਨੂੰ ਲੁੱਟ ਪੁੱਟ ਕੇ ਵਾਪਸ ਮੁੜਦੀਆਂ ਤਾਂ ਉਹਨਾਂ ਨੂੰ ਰਸਤੇ ਵਿੱਚ ਖਾਲਸੇ ਦੇ ਹਮਲਿਆਂ ਦਾ ਟਾਕਰਾ ਨਾ ਕਰ ਸਕਦੇ ਹੋਏ ਮਾਲ, ਅਸਬਾਬ ਛੱਡ ਕੇ ਭੱਜਣ ਲਈ ਮਜਬੂਰ ਹੋਣਾ ਪੈਂਦਾ ਸੀ। ਗੁਰੂ ਗੋਬਿੰਦ ਸਿੰਘ ਵੱਲੋਂ ਬਖਸ਼ੀ ਸਰਦਾਰੀ ਨੂੰ ਕਾਇਮ ਰੱਖਣ ਲਈ ਖਾਲਸੇ ਦੇ ਵਖਰੇ ਵੱਖਰੇ ਜਥਿਆਂ ਨੇ ਆਪਣੇ ਆਪਣੇ ਜਥੇਦਾਰਾਂ ਦੀ ਅਗਵਾਈ ਵਿੱਚ ਆਪਣੇ ਆਪਣੇ ਖੇਤਰ ਵਿੱਚ ਅਧਿਕਾਰ ਜਮਾ ਲਏ ਤੇ ਮਿਸਲਾਂ ਦੇ ਰੂਪ ਵਿੱਚ ਆਪਣੀਆਂ ਰਿਆਸਤਾਂ ਸਥਾਪਤ ਕਰ ਲਈਆਂ। ਦਰਜਨਾਂ ਮਿਸਲਾਂ ਵਿੱਚ ਵੰਡਿਆ ਖਾਲਸਾ ਪੰਥ ਸ੍ਰੀ ਅਕਾਲ ਤਖਤ ਸਹਿਬ ਦੀ ਅਗਵਾਈ ਵਿੱਚ ਇਕੱਠਾ ਹੋ ਕੇ ਕੌਮ ਦੀ ਭਲਾਈ ਲਈ ਗੁਰਮਤੇ ਪਾਸ ਕਰਦਾ ਤੇ ਉਹਨਾਂ ਗੁਰਮਤਿਆਂ ਤੇ ਪਹਿਰਾ ਵੀ ਦਿੰਦਾ ਰਿਹਾ ਹੈ। ਇਹੋ ਕਾਰਨ ਸੀ ਕਿ ਉਸ ਮੌਕੇ ਦਾ ਖਾਲਸਾ ਪੰਥ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿੱਚ ਆਪਣਾ ਵਿਸ਼ਾਲ ਸਿੱਖ ਰਾਜ ਸਥਾਪਤ ਕਰਨ ਵਿੱਚ ਕਾਮਯਾਬੀ ਹਾਸਲ ਕਰ ਗਿਆ ਸੀ। ਅਜਿਹਾ ਹਲੇਮੀ ਸਿੱਖ ਰਾਜ, ਜਿਸ ਦੇ ਪੰਜਾਹ ਸਾਲਾਂ ਦੇ ਕਾਰਜਕਾਲ ਦੌਰਾਨ ਕਿਸੇ ਇੱਕ ਵੀ ਵਿਅਕਤੀ ਨੂੰ ਮੌਤ ਦੀ ਸਜ਼ਾ ਨਹੀਂ ਸੀ ਦਿੱਤੀ ਗਈ। ਇੱਕ ਅਜਿਹੀ ਬਹਾਦਰ ਕੌਮ ਦਾ ਖਾਲਸਾ ਰਾਜ ਜਿਸ ਨੇ ਦੁਨੀਆਂ ਨੂੰ ਲੁੱਟਣ ਪੁੱਟਣ ਵਾਲੇ ਤੇ ਅਜੇਤੂ ਪਠਾਣਾਂ ਦੇ ਕਾਬਲ ਕੰਧਾਰ ਤੱਕ ਦੇ ਇਲਾਕੇ ਤੋਂ ਲੈ ਕੇ ਕਸ਼ਮੀਰ, ਲਦਾਖ ਤੱਕ ਨੂੰ ਆਪਣੇ ਰਾਜ ਭਾਗ ਵਿੱਚ ਸ਼ਾਮਲ ਕਰਕੇ ਆਪਣੀ ਬਹਾਦਰੀ ਦਾ ਲੋਹਾ ਮਨਵਾਇਆ ਸੀ। ਕਹਿੰਦੇ ਹਨ ਕਿ ਇੱਕ ਵਾਰੀ ਜਦੋਂ ਸ੍ਰੀ ਅਕਾਲ ਤਖਤ ਸਹਿਬ ਦੇ ਤਤਕਾਲੀ ਜਥੇਦਾਰ ਸਿੰਘ ਸਹਿਬ ਬਾਬਾ ਫੂਲਾ ਸਿੰਘ ਅਕਾਲੀ ਨੇ ਕਿਸੇ ਅਵੱਗਿਆ ਬਦਲੇ ਮਹਾਰਾਜਾ ਰਣਜੀਤ ਸਿੰਘ ਨੂੰ ਸ੍ਰੀ ਅਕਾਲ ਤਖਤ ਸਹਿਬ ਤੇ ਤਲਬ ਕਰਨ ਦਾ ਹੁਕਮ ਕੀਤਾ ਸੀ। ਜਿੰਨੀ ਦੇਰ ਸਿੰਘ ਸਾਹਿਬ ਵੱਲੋਂ ਲਾਈ ਸਜ਼ਾ ਮਹਾਰਾਜਾ ਤਖਤ ਸਹਿਬ ਤੇ ਪੇਸ਼ ਹੋ ਕੇ



ਆਪਣੀ ਭੁੱਲ ਬਖਸ਼ਾ ਕੇ ਸਜਾ ਨਹੀ ਭੁਗਤ ਲੈਂਦਾ ਓਨੀ ਦੇਰ ਸਿੱਖ ਪੰਥ ਨੂੰ ਉਹਦੇ ਨਾਲ ਫਤਿਹ ਦੀ ਸਾਂਝ ਪਾਉਂਣ ਤੋਂ ਵੀ ਵਰਜਿਆ ਗਿਆ ਸੀ। ਇਸ ਦੌਰਾਨ ਜਦੋਂ ਮਹਾਰਾਜੇ ਦਾ ਸੇਵਾਦਾਰ ਸਵੇਰੇ ਮਹਾਰਾਜੇ ਦੇ ਕਮਰੇ ਵਿੱਚ ਗਿਆ ਤਾਂ ਉਹਨੇ ਦੁਨਿਆਵੀ ਤਖਤ ਦੇ ਸ਼ਕਤੀਸ਼ਾਲੀ ਮਹਾਰਾਜੇ ਨੂੰ ਵੀ ਫਤਿਹ ਨਹੀ ਸੀ ਬੁਲਾਈ, ਪੁੱਛਣ ਤੇ ਦੱਸਿਆ ਗਿਆ ਸੀ ਕਿ ਅਜਿਹਾ ਨਾ ਕਰਨ ਦੇ ਹੁਕਮ ਰੂਹਾਨੀਅਤ ਦੇ ਉੱਚੇ ਤਖਤ ਸ੍ਰੀ ਅਕਾਲ ਤਖਤ ਸਹਿਬ ਤੋਂ ਆਏ ਹਨ, ਜਿਸ ਤੇ ਮਹਾਰਾਜਾ ਸਾਹਿਬ ਨੇ ਸੇਵਾਦਾਰ ਨੂੰ ਸਜਾ ਦੇਣ ਦੀ ਬਜਾਇ ਆਪ ਆਪਣੀ ਗਲਤੀ ਦੀ ਤਖਤ ਸਹਿਬ ਤੇ ਪੇਸ਼ ਹੋ ਕੇ ਸਜ਼ਾ ਲਗਵਾਈ ਸੀ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੌਮ ਵਿੱਚ ਗਿਰਾਵਟ ਕਿਵੇਂ ਆਈ, ਕਿੱਥੋਂ ਆਈ ਤੇ ਕਿਉਂ ਆਈ ? ਨਿੱਜੀ ਖੁਦਗਰਜੀਆਂ ਨੇ ਸਿੱਖ ਦੀ ਅਣਖ ਗੈਰਤ ਨੂੰ ਕਿਉਂ ਜਕੜ ਲਿਆ ਹੈ ? ਜੇਕਰ ਸਾਡੇ ਅਠਾਰਵੀਂ ਸਦੀ ਦੇ ਸਿੱਖ ਪੁਰਖੇ ਜੰਗਲਾਂ ਵਿੱਚ ਰਹਿਣ ਸਮੇ ਤੇ ਵੱਖ ਵੱਖ ਮਿਸਲਾਂ ਵਿੱਚ ਵੰਡੇ ਹੋਣ ਦੇ ਬਾਵਜੂਦ ਸੀਮਤ ਸਾਧਨਾਂ ਨਾਲ ਵੀ ਇੱਕ ਝੰਡੇ ਨਿਸ਼ਾਨ ਸਾਹਿਬ ਥੱਲੇ ਇਕੱਠੇ ਹੋ ਕੇ ਵਿਸਾਲ ਖਾਲਸਾ ਰਾਜ ਸਥਾਪਤ ਕਰ ਸਕਦੇ ਹਨ ਤਾਂ ਫਿਰ ਹੁਣ ਜਦੋਂ ਸਿਖ ਦੁਨੀਆਂ ਦੇ ਹਰ ਕੋਨੇ ਵਿੱਚ ਵਸਦੇ ਹੀ ਨਹੀ ਸਥਾਪਤ ਹੋ ਚੁੱਕੇ ਹਨ ਫਿਰ ਹੁਣ ਇੱਕੀਵੀਂ ਸਦੀ ਵਿੱਚ ਅਜਿਹਾ ਕਿਉਂ ਨਹੀ ਹੋ ਸਕਦਾ? ਇਹਨਾਂ ਸਾਰੇ ਸਵਾਲਾਂ ਦੇ ਠੋਸ ਜਵਾਬ ਅਤੇ ਹੱਲ ਕਿਸ ਤਰ੍ਹਾਂ ਹੋ ਸਕਦੇ ਹਨ ? ਸ੍ਰੀ ਗੁਰੂ ਗ੍ਰੰਥ ਸਹਿਬ ਨੂੰ ਵਿਸਵ ਗ੍ਰੰਥ ਅਤੇ ਸਿੱਖ ਕੌਮ ਨੂੰ ਵਿਸਵ ਦਾ ਧਰਮ ਬਨਾਉਂਣਾ ਹੈ ਜਾਂ ਫਿਰ ਆਉਂਣ ਵਾਲੇ ਪੰਜਾਹ ਸਾਲਾਂ ਤੱਕ ਕੌਮ ਦੀ ਪਛਾਣ ਹੀ ਗਵਾਉਣੀ ਹੈ ਇਹ ਫੈਸਲਾ ਕਿਸੇ ਹੋਰ ਨੇ ਨਹੀ ਬਲਕਿ ਖੁਦ ਸਿੱਖ ਕੌਮ ਨੇ ਕਰਨਾ ਹੈ। ਸੂਬੇ ਦੇ ਸ਼ਾਸ਼ਕ ਰਹੇ ਸਿੱਖ ਕੌਮ ਦੇ ਮੌਜੂਦਾ ਆਗੂ ਪਦਾਰਥਵਾਦ ਦੀ ਤੇਜ ਹਨੇਰੀ ਵਿੱਚ ਵਹਿ ਕੇ ਆਪਣਾ ਸੰਤੁਲਿਨ ਖੋ ਬੈਠੇ ਹਨ। ਉਨ੍ਹਾਂ ਨੇ ਰਾਜ ਭਾਗ ਦੀ ਸਲਾਮਤੀ ਖਾਤਰ ਖਾਲਸਾ ਪੰਥ ਤੇ ਨਹੀਂ ਬਲਕਿ ਉਹਨਾਂ ਪੰਥ ਵਿਰੋਧੀ ਤਾਕਤਾਂ ਤੇ ਟੇਕ ਰੱਖੀ, ਜਿੰਨਾਂ ਨੇ ਆਉਣ ਵਾਲੇ ਪੰਜਾਹ ਸਾਲਾਂ ਵਿੱਚ ਸਿੱਖ ਕੌਮ ਦੀ ਪਛਾਣ ਖਤਮ ਕਰਨ ਦਾ ਟੀਚਾ ਮਿਥ ਰੱਖਿਆ ਹੈ ।

ਇਹੋ ਕਾਰਨ ਹੈ ਕਿ ਸਿੱਖ ਆਗੂ ਦਿਨੋਂ ਦਿਨ ਉਨ੍ਹਾਂ ਵੱਲੋਂ ਬੁਣੇ ਜਾਲ ਵਿੱਚ ਬੁਰੀ ਤਰ੍ਹਾਂ ਉਲਝਦੇ ਜਾ ਰਹੇ ਹਨ ਤੇ ਕੌਮ ਨੂੰ ਘੁੱਪ ਹਨੇਰਗਰਦੀ ਵੱਲ ਧਕੇਲਣ ਦਾ ਗੁਨਾਹ ਕਰ ਰਹੇ ਹਨ। ਵੱਖ ਵੱਖ ਸਿੱਖ ਸੰਸਥਾਵਾਂ,ਸਿੱਖ ਜਥੇਵੰਦੀਆਂ ਸੰਤ ਸਮਾਜ ਆਪੋ ਆਪਣੀ ਡੁਗਡੁਗੀ ਵਜਾਉਣ ਵਿੱਚ ਮਸਰੂਫ ਹਨ। ਪੰਥਕ ਏਕਤਾ ਦੀ ਦੁਹਾਈ ਵੀ ਦਿੱਤੀ ਜਾ ਰਹੀ ਹੈ, ਗਾਹੇ ਬ ਗਾਹੇ ਪੁਰਾਤਨ ਸਿੱਖ ਰਵਾਇਤਾਂ ਨੂੰ ਮੁੜ ਸੁਰਜੀਤ ਕਰਨ ਦਾ ਹੋਕਾ ਵੀ ਦਿੱਤਾ ਜਾ ਰਿਹਾ ਹੈ ਤਾਂ ਸਰਬਤ ਖਾਲਸਾ ਵਰਗੇ ਇਕੱਠ ਕਰਕੇ ਖਾਲਸੇ ਦੀ ਚੜ੍ਹਦੀਕਲਾ ਦੇ ਪ੍ਰੋਗਰਾਮ ਉਲੀਕੇ ਵੀ ਜਾਂਦੇ ਰਹੇ ਹਨ, ਪਰ ਅਸਲ ਸਚਾਈ ਇਹ ਹੈ ਕਿ ਸਾਰੀਆਂ ਹੀ ਪੰਥਕ ਧਿਰਾਂ ਆਪਣੀ ਹਾਉਮੈਂ ਤਿਆਗਣ ਤੋਂ ਅਸਮਰਥ ਹਨ। ਇਨ੍ਹਾਂ ਵਿੱਚੋਂ ਕੁੱਝ ਸਿਰਫ ਨਾਂਅ ਦੀਆਂ ਹੀ ਜਥੇਬੰਦੀਆਂ ਹਨ, ਉਨ੍ਹਾਂ ਦਾ ਕੋਈ ਖਾਸ ਲੋਕ ਅਧਾਰ ਵੀ ਨਹੀ ਹੈ, ਪਰ ਉਹ ਇਸ ਪੰਥਕ ਏਕਤਾ ਦੇ ਰਾਹ ਵਿੱਚ ਵੱਧ ਰੁਕਾਵਟਾਂ ਖੜੀਆਂ ਕਰਦੀਆਂ ਹਨ। ਇਨ੍ਹਾਂ ਡੂੰਘੀਆਂ ਸਾਜਿਸ਼ਾਂ ਨੂੰ ਸਮਝਣਾ ਪਵੇਗਾ। ਹਰ ਇੱਕ ਓਸ ਸਚਾਈ ਨੂੰ ਸਿਰ ਮੱਥੇ ਪ੍ਰਵਾਨ ਕਰਨਾ ਹੋਵੇਗਾ ਜੋ ਸਾਹਮਣੇ ਵਾਪਰ ਰਹੀ ਹੈ। ਕੁਝ ਕੁ ਪੰਥਕ ਧਿਰਾਂ ਇਕੱਠੇ ਹੋ ਕੇ ਚੱਲਣ ਦੇ ਐਲਾਨ ਵੀ ਕਰ ਰਹੀਆਂ ਹਨ, ਪਰ ਅਫਸੋਸ ! ਕਿ ਸਮੁੱਚੀ ਏਕਤਾ ਲਈ ਅੱਗੇ ਵਧਣ ਦੀ ਬਜਾਇ ਇਸ ਤੋਂ ਅੱਗੇ ਕਦਮਾਂ ਦਾ ਜਾਣਾ ਰੁਕ ਗਿਆ ਹੈ।

ਜਦੋਂ ਸਿੱਖ ਕੌਮ ਦੀ ਜਵਾਨੀ ਆਪਣੇ ਘਰ ਅਨੰਦਪੁਰ ਵੱਲ ਪਰਤਣ ਲਈ ਉੱਠ ਤੁਰਦੀ ਹੈ ਤਾਂ ਅਜਿਹਾ ਬਿਰਤਾਂਤ ਸਿਰਜਿਆ ਜਾ ਰਿਹਾ ਹੈ, ਜਿਸ ਨਾਲ ਸਿੱਖ ਕੌਮ ਆਪਸੀ ਪਾਟੋਧਾੜ ਦਾ ਮੁੜ ਤੋਂ ਸ਼ਿਕਾਰ ਹੋ ਰਹੀ ਹੈ। ਜੇਕਰ ਸਿੱਖ ਪੰਥ ਦੇ ਖਿਲਾਫ ਭਾਰਤ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਬੇਸੱਕ ਕਾਂਗਰਸ ਹੋਵੇ, ਬੀ ਜੇ ਪੀ, ਕਾਮਰੇਡ ਜਾਂ ਭਾਰਤ ਦੇ ਪੰਜਾਹ ਤੋਂ ਵੱਧ ਕੱਟੜਵਾਦੀ ਸੰਗਠਨਾਂ ਅਤੇ ਏਜੰਸੀਆਂ ਦਾ ਕੇਂਦਰ ਨਾਗਪੁਰ ਹੋਵੇ, ਸਿੱਖਾਂ ਦੀ ਵੱਖਰੀ ਹੋਂਦ ਨੂੰ ਖਤਮ ਕਰਨ ਲਈ ਇੱਕ ਮੱਤ ਹੋ ਸਕਦੀਆਂ ਹਨ ਫਿਰ ਸਿੱਖ ਜਥੇਬੰਦੀਆਂ ਨੂੰ ਵੀ ਇਹ ਸਮਝ ਲੈਣਾ ਚਾਹੀਂਦਾ ਹੈ ਕਿ ।ਇਹ ਵਕਤ ਵਖਰਾ ਵੱਖਰਾ ਰਾਗ ਅਲਾਪਣ ਦਾ ਨਹੀ ਹੈ। ਅੱਜ ਕੌਮ ਨੂੰ ਇਸ ਮੰਝਧਾਰ ਚੋਂ ਕੱਢਣ ਦਾ ਇੱਕੋ ਇੱਕ ਹੱਲ ਹੈ ਕੌਮੀ ਏਕਤਾ। ਸਮੁੱਚੀ ਕੌਮ ਇਹ ਮਹਿਸੂਸ ਕਰਦੀ ਹੈ ਕਿ ਇੱਕ ਕੇਸਰੀ ਨਿਸ਼ਾਨ ਥੱਲੇ ਇਕੱਠੇ ਹੋਣ ਤੋਂ ਬਗੈਰ ਕੌਮ ਦੀ ਡਗਮਗਾਉਂਦੀ ਬੇੜੀ ਨੂੰ ਕਿਨਾਰੇ ਲਾਉਂਣਾ ਬੇਹੱਦ ਮੁਸਕਲ ਹੈ। ਸੋ ਲੋੜ ਹੈ ਦੁਸ਼ਮਣ ਦੇ ਨਾਪਾਕ ਮਨਸੂਬਿਆਂ ਨੂੰ ਸਮਝਦੇ ਹੋਏ ਸਮਾਂ ਰਹਿੰਦੇ ਗੁਰੂ ਦੀ ਮੰਨ ਕੇ ਗ੍ਰੰਥ ਅਤੇ ਪੰਥ ਦੇ ਸੱਚੇ ਪਹਿਰੇਦਾਰ ਬਣਨ ਦੀ ਅਰਦਾਸ ਇੱਕ ਜੁੱਟਤਾ ਨਾਲ ਕਰੀਏ।



# ਉੱਭਰਦੇ ਦਲਿਤ ਅੰਦੋਲਨਾਂ ਦਾ ਆਧਾਰ ਅਤੇ ਸੰਘਰਸ਼

ਲੇਖਕ : ਹਰਪ੍ਰੀਤ ਕੌਰ
ਸੰਪਰਕ: 94786-13328

ਸੰਗਰੂਰ ਜ਼ਿਲ੍ਹੇ ਦੀ ਸੁਨਾਮ ਤਹਿਸੀਲ ਵਿੱਚ ਪੈਂਦੇ ਪਿੰਡ ਬਖ਼ਸ਼ੀਪੁਰਾ ਵਿੱਚ ਮਗਨਰੇਗਾ ਤਹਿਤ ਕੰਮ ਕਰਦੇ ਦਲਿਤ ਮਜ਼ਦੂਰਾਂ ਦੀ ਹਾਦਸਾ ਹੋਣ ਨਾਲ ਮੌਤ ਤੋਂ ਬਾਅਦ ਉਨ੍ਹਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਲਈ ਚੱਲ ਰਹੇ ਸੰਘਰਸ਼ ਨੇ ਭਾਰਤੀ ਅਤੇ ਪੰਜਾਬੀ ਸਮਾਜ ਲਈ ਬਹੁਤ ਸਾਰੇ ਸਵਾਲ ਖੜ੍ਹੇ ਕਰ ਦਿੱਤੇ ਹਨ। ਪਿਛਲੇ ਇਕ ਦਹਾਕੇ ਤੋਂ ਦੇਸ਼ ਵਿੱਚ ਦਲਿਤ ਮਜ਼ਦੂਰਾਂ ਦੇ ਅੰਦੋਲਨ ਆਪਣੀ ਪਛਾਣ ਅਤੇ ਮੁਕਤੀ ਲਈ ਚੱਲ ਰਹੇ ਹਨ ਪਰ ਉਨ੍ਹਾਂ ਦੇ ਇਸ ਅੰਦੋਲਨ ਨੂੰ ਸਿਰਫ ਵੋਟ ਰਾਜਨੀਤੀ ਦੇ ਪੱਖ ਤੋਂ ਦੇਖਿਆ ਵਿਚਾਰਿਆ ਗਿਆ ਹੈ, ਅੰਦੋਲਨ ਦੇ ਹੋਰ ਪੱਖ ਜਿਨ੍ਹਾਂ ਨੇ ਦਲਿਤਾਂ ਨੂੰ ਮੁਕਤੀ ਦਿਵਾਉਣੀ ਹੈ, ਅਣਗੌਲੇ ਹੀ ਰਹਿ ਗਏ ਹਨ।

ਭਾਰਤੀ ਸਮਾਜ ਵਿੱਚ ਦਲਿਤ ਸਭ ਤੋਂ ਦਰੜਿਆ, ਲਤਾੜਿਆ ਅਤੇ ਆਪਣੇ ਮੌਲਿਕ ਅਧਿਕਾਰਾਂ ਤੋਂ ਪੂਰੀ ਤਰ੍ਹਾਂ ਵਾਂਝਾ ਕੀਤਾ ਹੋਇਆ ਮਨੁੱਖ ਹੈ। ਉਸ ਦੀਆਂ ਰੋਟੀ, ਕੱਪੜਾ ਤੇ ਮਕਾਨ ਵਰਗੀਆਂ ਨਿਤ ਦਿਨ ਦੀਆਂ ਜ਼ਰੂਰੀ ਲੋੜਾਂ ਦੀ ਪੂਰਤੀ ਅਜੇ ਤੱਕ ਸਾਡੇ ਦੇਸ਼ ਦੀਆਂ ਸਰਕਾਰਾਂ ਨਹੀਂ ਕਰ ਸਕੀਆਂ। ਦੇਸ਼ ਵਿੱਚ ਬਹੁਤ ਸਾਰੇ ਅਜਿਹੇ ਮਸਲੇ ਉੱਠਦੇ ਹਨ ਜਿਨ੍ਹਾਂ ਦਾ ਸਿੱਧੇ ਰੂਪ ਵਿੱਚ ਦਲਿਤ ਅੰਦੋਲਨ ਨਾਲ ਸਰੋਕਾਰ ਹੁੰਦਾ ਹੈ ਪਰ ਕੁਝ ਦਿਨਾਂ ਦੇ ਸੰਘਰਸ਼ ਤੋਂ ਬਾਅਦ ਸੰਘਰਸ਼ ਆਪਣੇ ਆਪ ਖ਼ਤਮ ਹੋ ਜਾਂਦਾ ਹੈ।

ਲਗਭਗ ਇਕ ਦਹਾਕੇ ਤੋਂ ਸੰਗਰੂਰ ਜ਼ਿਲ੍ਹੇ ਦੇ ਪਿੰਡਾਂ ਵਿੱਚ ਦਲਿਤ ਮਜ਼ਦੂਰ ਆਪਣੀਆਂ ਮੰਗਾਂ ਨੂੰ ਲੈ ਕੇ ਲਗਾਤਾਰ ਸੰਘਰਸ਼ ਕਰ ਰਹੇ ਹਨ ਅਤੇ ਚਰਚਾ ਵਿੱਚ ਵੀ ਹਨ। ਉਨ੍ਹਾਂ ਨੇ ਆਪਣੇ ਸੰਘਰਸ਼ ਨਾਲ ਪਿੰਡਾਂ ਵਿੱਚ ਸਰਕਾਰੀ ਤੌਰ ’ਤੇ ਪੰਚਾਇਤੀ ਜ਼ਮੀਨ ਵਿੱਚੋਂ ਮਿਲਣ ਵਾਲੇ ਤੀਜੇ ਹਿੱਸੇ ’ਤੇ ਆਪਣਾ ਪੱਕਾ ਹੱਕ ਜਮਾ ਲਿਆ ਹੈ। ਇਸੇ ਸੰਘਰਸ਼ ਦੌਰਾਨ ਦਲਿਤ ਬਜ਼ੁਰਗ ਔਰਤ ਗੁਰਦੇਵ ਕੌਰ ਦੀ ਮੌਤ ਹੋਈ ਅਤੇ ਬਾਲਦ ਕਲਾਂ, ਝਨੇੜੀ, ਜਲੂਰ ਤੇ ਮੀਮਸਾ ਵਰਗੇ ਦਰਜਨਾਂ ਪਿੰਡਾਂ ਦੇ ਦਲਿਤ ਮਜ਼ਦੂਰ ਸੰਘਰਸ਼ ਦੌਰਾਨ ਤਸ਼ੱਦਦ ਦਾ ਸ਼ਿਕਾਰ ਹੋਏ ਹਨ। ਇਸ ਤੋਂ ਇਲਾਵਾ ਦੋ ਹੋਰ ਸੰਘਰਸ਼ ਸੰਗਰੂਰ ਜ਼ਿਲ੍ਹੇ ਵਿੱਚ ਬਹੁਤ ਤਿੱਖੇ ਰੂਪ ਵਿੱਚ ਉਭਰ ਕੇ ਸਾਹਮਣੇ ਆਏ ਜਿਨ੍ਹਾਂ ਵਿੱਚੋਂ ਇੱਕ ਲਹਿਰਾਗਾਗਾ ਇਲਾਕੇ ਦੇ ਪਿੰਡ ਚੰਗਾਲੀਵਾਲਾ ਦੇ ਦਲਿਤ ਮਜ਼ਦੂਰ ਦੀ ਕੁੱਟਮਾਰ ਦਾ ਮਾਮਲਾ ਹੈ ਅਤੇ ਦੂਸਰਾ ਸੰਗਰੂਰ ਜ਼ਿਲ੍ਹੇ ਦੇ ਪਿੰਡ ਘਰਾਚੋਂ ਦੇ ਦਲਿਤ ਮੁੰਡਿਆਂ ਨਾਲ ਕੀਤੀ ਕੁੱਟਮਾਰ; ਹੁਣ ਸੁਨਾਮ ਦੇ ਨੇੜੇ ਪਿੰਡ ਬਖਸ਼ੀਪੁਰਾ ਦਾ ਮਾਮਲਾ ਸਾਹਮਣੇ ਆਇਆ ਹੈ। ਜਦੋਂ ਵੀ ਕੋਈ ਦਲਿਤ ਸੰਘਰਸ਼ ਉਭਰਦਾ ਹੈ ਤਾਂ ਦਲਿਤਾਂ ਦੀਆਂ ਕੁਝ ਕੁ ਮੰਗਾਂ ਮੰਨਣ ਤੋਂ ਬਾਅਦ ਸੰਘਰਸ਼ ਸਮਾਪਤ ਕਰ ਜਾਂ ਕਰਵਾ ਦਿੱਤਾ ਜਾਂਦਾ ਹੈ। ਦੇਸ਼ ਦੇ ਵੱਖ-ਵੱਖ ਖੇਤਰਾਂ ਵਿੱਚ ਦਲਿਤਾਂ ਦੇ ਸੰਘਰਸ਼ ਕਿਉਂ ਉਭਰ ਰਹੇ ਹਨ ਅਤੇ ਦੇਸ਼ ਦੀਆਂ ਸਰਕਾਰਾਂ ਉਨਾਂ ਦਾ ਪੱਕਾ ਹੱਲ ਕਿਉਂ ਨਹੀਂ ਕਰ ਰਹੀਆਂ? ਸਰਕਾਰਾਂ ਵੱਲੋਂ ਦਲਿਤਾਂ ਨਾਲ ਇਸ ਤਰ੍ਹਾਂ ਕੀਤੇ ਜਾਂਦੇ ਵਿਤਕਰੇ ਦੇ ਕਾਰਨਾਂ ਦੇ ਪਿਛੋਕੜ ਬਾਰੇ ਚਰਚਾ ਕਰਨਾ ਵੀ ਅਹਿਮ ਹੈ।

ਦਲਿਤ ਭਾਰਤੀ ਸਮਾਜਿਕ ਪ੍ਰਬੰਧ ਵਿੱਚ ਸਦੀਆਂ ਤੋਂ ਦਬਾਈਆਂ ਅਤੇ ਲਤਾੜੀਆਂ ਗਈਆਂ ਧਿਰਾਂ ਵਿੱਚ ਆਉਂਦੇ ਹਨ ਜਿਨ੍ਹਾਂ ਦਾ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਧਾਰਮਿਕ ਖੇਤਰਾਂ ਵਿੱਚ ਪਛੜੇ ਹੋਣ ਦਾ ਕਾਰਨ ਜਾਤੀਗਤ ਤੌਰ ’ਤੇ ਦਬਾਇਆ ਜਾਣਾ ਅਤੇ ਸ਼ੋਸ਼ਣ ਕਰਨਾ ਹੈ। ਦਲਿਤਾਂ ਦੀ ਛੋਹ, ਭਾਗੀਦਾਰੀ ਅਤੇ ਜੀਵਨ ਨੂੰ ਅਪਵਿੱਤਰ ਅਸਮਾਜਿਕ ਮੰਨਿਆ ਜਾਂਦਾ ਰਿਹਾ ਹੈ। ਇਸ ਸਾਰੇ ਦਲਿਤ ਵਿਰੋਧੀ ਪ੍ਰਬੰਧ ਪਿੱਛੇ ਹਿੰਦੂ ਧਰਮ ਜਾਂ ਹਿੰਦੂ ਸਮਾਜ ਦੀਆਂ ਸਦੀਆਂ ਪੁਰਾਣਾ ਹਿੰਦੂ ਵੇਦਾਂ ਤੇ ਗ੍ਰੰਥਾਂ ਆਧਾਰਿਤ ਸਮਾਜਿਕ ਪ੍ਰਬੰਧ ਕੰਮ ਕਰਦਾ ਹੈ। ਸਮਾਜ ਵਿੱਚ ਜਾਤੀਗਤ ਵੰਡ ਨੂੰ ਪੱਕੇ ਕਰਨ ਅਤੇ ਉਸ ਨੂੰ ਭਾਰਤੀ ਮਨੁੱਖ ਦੀ ਮਾਨਸਿਕਤਾ ਵਿੱਚ ਸਮਾਉਣ ਲਈ ਧਰਮ ਦਾ ਵਿਸ਼ੇਸ਼ ਰੋਲ ਰਿਹਾ ਹੈ। ਜਾਤੀ ਨੂੰ ਧਰਮ ਨਾਲ ਜੋੜ ਕੇ ਵਿਅਕਤੀਗਤ ਜੀਵਨ ਅਤੇ ਸਮੂਹ ਦਾ ਭਵਿੱਖ ਧਰਮ ਸ਼ਾਸਤਰਾਂ ਦੁਆਰਾ ਨਿਸ਼ਚਿਤ ਅਤੇ ਇੱਕ ਦਾਇਰੇ ਵਿੱਚ ਨਿਰਧਾਰਿਤ ਕਰ ਦਿੱਤਾ ਗਿਆ ਸੀ ਜੋ ਸਦੀਆਂ ਤੋਂ ਲੈ ਕੇ ਹੁਣ ਤੱਕ ਲਗਾਤਾਰ ਜਾਰੀ ਹੈ।

ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਜਾਤੀਗਤ ਵਿਤਕਰੇ ਦਾ ਬਹੁ-ਪਰਤੀ ਰੂਪ ਹੈ। ਉਨ੍ਹਾਂ ਵਿੱਚ ਜਾਤੀ ਵਿਤਕਰੇ ਦਾ ਦਰਦ ਆਰਥਿਕ ਤੰਗੀਆਂ, ਆਰਥਿਕ ਸ਼ੋਸ਼ਣ, ਘਰੋਗੀ ਕੰਗਾਲੀ, ਪ੍ਰਤੀਕੂਲ ਹਾਲਾਤ ਦੀਆਂ ਘੁੰਮਣ ਘੇਰੀਆਂ, ਸਰਬਜਨਕ ਥਾਵਾਂ ਉੱਪਰ ਪਾਬੰਦੀ, ਛੂਤ-ਛਾਤ, ਸਮਾਜਿਕ ਤੇ ਮਾਨਸਿਕ ਤਸ਼ੱਦਦ, ਅੰਧ-ਵਿਸ਼ਵਾਸ, ਅਨਪੜ੍ਹਤਾ, ਔਰਤਾਂ ਦੀ ਦੁਰਦਸ਼ਾ, ਗੰਦੀਆਂ ਰਹਿਣ ਸਹਿਣ ਵਾਲੀਆਂ ਥਾਵਾਂ ਤੇ ਬਿਮਾਰੀਆਂ ਨਾਲ ਹੋਣ ਵਾਲੀਆਂ ਮੌਤਾਂ, ਮੁਢਲੀਆਂ ਲੋੜਾਂ ਦੀ ਪੂਰਤੀ ਨਾ ਹੋਣਾ ਆਦਿ ਹਨ। ਪੰਜਾਬ ਨੂੰ ਛੱਡ ਕੇ ਵੱਖ-ਵਖ ਭਾਰਤ ਦੇ ਰਾਜਾਂ ਵਿੱਚ ਦਲਿਤ ਮਨੁੱਖ ਦਾ ਸਵਰਨ ਜਾਤੀਆਂ ਨਾਲ ਜਾਤੀਗਤ ਟਕਰਾ ਸਿੱਧੇ ਰੂਪ ਵਿੱਚ ਨਜ਼ਰ ਆਉਂਦਾ ਹੈ; ਇਹ ਟਕਰਾ ਪੰਜਾਬ ਵਿੱਚ ਅਸਿੱਧੇ ਰੂਪ ਵਿੱਚ ਹੈ। ਪੰਜਾਬ ਵਿੱਚ ਜਾਤੀ ਵੰਡ ਤਾਂ ਮੌਜੂਦ ਹੈ ਪਰ ਜਾਤੀ ਟਕਰਾਓ ਜਾਂ ਤਣਾਅ ਸਮੇਂ ਕੁਝ ਲੋਕ ਉੱਚ ਜਾਤੀ ਵਿੱਚ ਹੋਣ ਦੇ ਬਾਵਜੂਦ ਦਲਿਤਾਂ ਨਾਲ ਹਮਦਰਦੀ ਅਤੇ ਆਪਣੀ ਜਾਤੀ ਦੇ ਵਿਰੁੱਧ ਖੜ੍ਹਦੇ ਹਨ।

ਭਾਰਤ ਦੇ ਦਲਿਤਾਂ ਦੀ ਚੇਤਨਾ ਜਾਂ ਪ੍ਰੇਰਨਾ ਦਾ ਸਰੋਤ ਬੁੱਧ, ਚਾਰਵਾਕ, ਭਗਤੀ ਲਹਿਰ, ਭਗਤੀ ਸਹਿਤ, ਪ੍ਰਗਤੀਵਾਦੀ ਸਾਹਿਤ ਜਾਂ ਮਾਰਕਸਵਾਦੀ ਸਹਿਤ, ਸਮਾਜਿਕ ਜਾਂ ਰਾਜਨੀਤਕ ਲਹਿਰਾਂ ਅਤੇ ਵਿਚਾਰ ਮੁਢਲੇ ਰੂਪ ਵਿੱਚ ਪ੍ਰਭਾਵਿਤ ਕਰਦੇ ਜਾਂ ਪ੍ਰੇਰਨਾ ਦਿੰਦੇ ਹਨ ਪਰ ਦਲਿਤਾਂ ਦੀ ਮੂਲ ਪ੍ਰੇਰਨਾ ਦਾ ਆਧਾਰ ਡਾ. ਭੀਮ ਰਾਓ ਅੰਬੇਡਕਰ ਦਾ ਜੀਵਨ ਸੰਘਰਸ਼ ਅਤੇ ਵਿਚਾਰ ਹੀ ਹਨ ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਉਨ੍ਹਾਂ ਨੇ ਆਪਣੀ ਚੇਤਨਾ ਨੂੰ ਤਿੱਖਾ ਕੀਤਾ ਹੈ। ਪੰਜਾਬ ਵਿੱਚ ਜਾਤੀ ਵਿਵਸਥਾ ਅਤੇ ਗਰੀਬੀ ਦਾ ਉਹ ਕਰੂਰ ਰੂਪ ਨਹੀਂ ਹੈ ਜੋ ਭਾਰਤ ਦੇ ਹੋਰਨਾਂ ਪ੍ਰਦੇਸ਼ਾਂ ਵਿੱਚ ਹੈ। ਇਸ ਦਾ ਕਾਰਨ ਪੰਜਾਬ ਦੀ ਜ਼ਰਖੇਜ਼ ਭੂਮੀ ਖੇਤਰ ਅਤੇ ਸਿੱਖ ਧਰਮ ਵਰਗੇ ਕ੍ਰਾਂਤੀਕਾਰੀ ਧਰਮ ਦੇ ਪਸਾਰ ਨਾਲ ਹੈ।

ਵਰਤਮਾਨ ਸਮੇਂ ਵਿੱਚ ਵੀ ਜਾਤ ਦੀ ਰਾਜਨੀਤੀ ਅਤੇ ਅਧੀਨ ਰਾਜਨੀਤਕ ਸਰਗਰਮੀਆਂ ਵਿੱਚ ਦਲਿਤ ਜਾਤੀਆਂ ਨੂੰ ਵੋਟ ਦੇ ਨਾਂ ਤੇ ਭਰਮਾਇਆ ਜਾਂਦਾ ਹੈ ਅਤੇ ਆਪਸ ਵਿੱਚ ਲੜਾਇਆ ਜਾਂਦਾ ਹੈ। ਪੰਜਾਬ ਵਿੱਚ ਤਾਂ ਜਾਤ ਦੀ ਰਾਜਨੀਤੀ ਦਾ ਸ਼ਿਕਾਰ ਗੁਰਦੁਆਰਿਆਂ ਉੱਪਰ ਸਮਾਜ ਦੀ ਸਾਧਨਾਂ ਵਾਲੀ ਸ੍ਰੇਣੀ ਨੇ ਕਬਜ਼ਾ ਕਰ ਕੇ ਦਲਿਤ ਧਿਰਾਂ ਨੂੰ ਵੱਖਰੇ ਗੁਰਦੁਆਰੇ ਉਸਾਰਨ ਲਈ ਮਜਬੂਰ ਕੀਤਾ ਜਾਂ ਉਨਾਂ ਨੂੰ ਡੇਰਿਆਂ ਦੀ ਪਨਾਹ ਲੈਣ ਲਈ ਮਜਬੂਰ ਹੋਣਾ ਪਿਆ।

ਦੇਸ਼ ਦੇ ਕਿਸੇ ਵੀ ਹਿੱਸੇ ਵਿੱਚ ਗ਼ਲਤ ਦਲਿਤਾਂ ਵੱਲੋਂ ਚੱਲ ਰਹੇ ਆਰਥਿਕ ਬਰਾਬਰੀ ਦੀ ਸੰਘਰਸ਼ਾਂ ਨੂੰ ਸਿਰਫ ਮੁਆਵਜ਼ੇ ਤੱਕ ਸੀਮਤ ਕਰਨਾ ਕਾਫੀ ਹੱਦ ਤੱਕ ਘਟਾ ਕੇ ਦੇਖਣ ਦੇ ਬਰਾਬਰ ਹੈ। ਦਲਿਤਾਂ ਦੀ ਮੁਕਤੀ ਸਿਰਫ ਇਸ ਗੱਲ ਵਿੱਚ ਹੈ ਕਿ ਸਰਕਾਰਾਂ ਸੁਹਿਰਦ ਰੂਪ ਵਿੱਚ ਉਨ੍ਹਾਂ ਦਲਿਤਾਂ ਨੂੰ ਆਰਥਿਕ ਰਾਜਨੀਤਕ ਧਾਰਮਿਕ ਅਤੇ ਸੱਭਿਆਚਾਰਕ ਤੌਰ ’ਤੇ ਬਰਾਬਰੀ ਦੇਣ ਦੇ ਗੰਭੀਰ ਯਤਨ ਕਰਨ ਜੇ ਸਰਕਾਰਾਂ ਦੇ ਯਤਨ ਇਸ ਦਿਸ਼ਾ ਵਿੱਚ ਨਹੀਂ ਹੋਣਗੇ ਤਾਂ ਕਿਤੇ ਨਾ ਕਿਤੇ ਦਲਿਤਾਂ ਨਾਲ ਜਾਤੀਗਤ ਤੌਰ ’ਤੇ ਵਿਤਕਰਾ ਭੇਦਭਾਵ ਹੁੰਦਾ ਰਹੇਗਾ।

---

# ਧਰਤੀ ਹੇਠਲੇ ਪਾਣੀ ਤੇ ਕੁਦਰਤੀ ਪਾਣੀ ਨੂੰ ਬਰਬਾਦ ਹੋਣ ਤੋਂ ਰੋਕਣਾ ਜ਼ਰੂਰੀ



ਸਿਰਜਣਹਾਰ ਨੇ ਦੁਨੀਆ ਨੂੰ ਬੜੇ ਸੋਹਣੇ ਤਰੀਕੇ ਨਾਲ ਸਿਰਜਿਆ ਹੈ। ਵੱਖ-ਵੱਖ ਖਿੱਤਿਆਂ ਲਈ ਵੱਖ-ਵੱਖ ਧਰਤੀਆਂ, ਮੌਸਮਾਂ, ਰੁੱਤਾਂ, ਫ਼ਸਲਾਂ ਲਈ ਅਨੁਕੂਲ ਵਾਤਾਵਰਨ ਦਿੱਤਾ ਹੈ। ਜੇ ਕਿਧਰੇ ਉੱਚੇ-ਉੱਚੇ ਪਹਾੜ ਹਨ ਤਾਂ ਦੂਜੇ ਪਾਸੇ ਸਮੁੰਦਰ ਸੁੰਦਰਤਾ ਦਾ ਹਿੱਸਾ ਬਣਦੇ ਹਨ। ਕਿਧਰੇ ਮੈਦਾਨੀ ਖੇਤਰ ਹਨ ਤਾਂ ਦੂਜੇ ਪਾਸੇ ਉੱਚੇ ਲੰਮੇ ਟਿੱਬੇ ਰੇਗਿਸਤਾਨ ਦੇ ਰੂਪ ਵਿਚ ਕੁਦਰਤ ਦੀ ਸੁੰਦਰਤਾ ਦਾ ਇਜ਼ਹਾਰ ਕਰਦੇ ਹਨ, ਕਿਧਰੇ ਦਰਿਆ ਵਗਦੇ ਹਨ ਤਾਂ ਕਿਧਰੇ ਬਾਰਿਸ਼ਾਂ ਦੇ ਇਕੱਤਰ ਹੋਏ ਪਾਣੀ ਨਾਲ ਲੰਮੇ-ਚੌੜੇ ਤਲਾਬ ਵੇਖਣ ਨੂੰ ਮਿਲਦੇ ਹਨ। ਵੱਖੋ-ਵੱਖ ਖਿੱਤਿਆਂ ਦੇ ਲੋਕਾਂ ਲਈ ਉਥੋਂ ਦੀ ਲੋੜ ਮੁਤਾਬਿਕ ਖਾਣ-ਪੀਣ ਦੀਆਂ ਵਸਤਾਂ ਅਤੇ ਫਲਾਂ ਦੀ ਪੈਦਾਵਾਰ ਦਾ ਪ੍ਰਬੰਧ, ਵੱਖੋ-ਵੱਖ ਧਰਤੀਆਂ ਦੀਆਂ ਲੋੜਾਂ ਮੁਤਾਬਿਕ ਨਦੀਆਂ, ਦਰਿਆਵਾਂ, ਝੀਲਾਂ ਜਾਂ ਬਾਰਿਸ਼ਾਂ ਦੇ ਰੂਪ ਵਿਚ ਰਹਿਣ ਸਹਿਣ ਲਈ ਲੋੜੀਂਦੇ ਪਾਣੀ ਦਾ ਪ੍ਰਬੰਧ ਕੀਤਾ ਹੈ।ਜੇਕਰ ਪੰਜਾਬ, ਹਰਿਆਣਾ ਦੀ ਗੱਲ ਕੀਤੀ ਜਾਵੇ ਤਾਂ ਇਨ੍ਹਾਂ ਰਾਜਾਂ ਵਿਚ ਉਸ ਵਕਤ ਦੇ ਜ਼ਿਲ੍ਹੇ ਫ਼ਿਰੋਜ਼ਪੁਰ, ਬਠਿੰਡਾ, ਹਿਸਾਰ ਤੇ ਹਰਿਆਣਾ ਪੰਜਾਬ ਦੇ ਹੋਰਨਾਂ ਹਿੱਸਿਆਂ ਵਿਚ ਤਕਰੀਬਨ ਉੱਚੀਆਂ ਨੀਵੀਆਂ ਰੇਤਲੀਆਂ ਟਿੱਬਿਆਂ ਵਾਲੀਆਂ ਜ਼ਮੀਨਾਂ ਸਨ। ਇਨ੍ਹਾਂ ਜ਼ਮੀਨਾਂ ਵਿਚ ਉਸ ਸਮੇਂ ਦੀਆਂ ਰਵਾਇਤੀ ਫ਼ਸਲਾਂ ਛੋਲੇ, ਜੌਂ, ਸਰ੍ਹੋਂ, ਤੋਰੀਆ ਆਦਿ ਬੀਜੀਆਂ ਜਾਂਦੀਆਂ ਸਨ, ਜੋ ਬਹੁਤ ਘੱਟ ਮਾਤਰਾ ਵਿਚ ਪਾਣੀ ਲੈਂਦੀਆਂ ਸਨ। ਬਹੁਤੀਆਂ ਫ਼ਸਲਾਂ ਬਾਰਿਸ਼ਾਂ ਨਾਲ ਵੀ ਪਲ ਜਾਂਦੀਆਂ ਸਨ ਤੇ ਨਹਿਰੀ ਪਾਣੀ ਦੀ ਵਰਤੋਂ ਬਹੁਤ ਘੱਟ ਕਰਨੀ ਪੈਂਦੀ ਸੀ। ਜਿਥੇ ਇਨ੍ਹਾਂ ਫ਼ਸਲਾਂ ਨੂੰ ਘੱਟ ਪਾਣੀ ਦੀ ਜ਼ਰੂਰਤ ਹੁੰਦੀ ਸੀ, ਉਥੇ ਮਜ਼ਦੂਰੀ ਤੇ ਹੋਰ ਸਮੱਗਰੀਆਂ ਭਾਵ ਸਪਰੇਅ, ਖਾਦਾਂ ਤੇ ਵੀ ਖ਼ਰਚੇ ਨਹੀਂ ਸਨ ਹੁੰਦੇ। ਇਨ੍ਹਾਂ ਰਵਾਇਤੀ ਫ਼ਸਲਾਂ ਨਾਲ ਉਨ੍ਹਾਂ ਸਮਿਆਂ ਵਿਚ ਲੋਕਾਂ ਨੂੰ ਘਰਾਂ ਵਿਚ ਪਸ਼ੂ ਰੱਖਣ ਦਾ ਰਿਵਾਜ ਹੁੰਦਾ ਸੀ, ਭਾਵ ਦੁੱਧ, ਘਿਓ ਲਈ ਮੱਝਾਂ ਗਾਂਵਾਂ ਤੇ ਖੇਤੀ ਦੇ ਕੰਮਾਂ ਲਈ ਬਲਦ ਤੇ ਊਠ ਰੱਖੇ ਜਾਂਦੇ ਸਨ। ਘਰਾਂ ਵਿਚ ਖਾਣ-ਪੀਣ ਵਾਲੀਆਂ ਬਹੁਤੀਆਂ ਗਰਜ਼ਾਂ ਇਨ੍ਹਾਂ ਫ਼ਸਲਾਂ ਤੋਂ ਹੀ ਪੂਰੀਆਂ ਹੋ ਜਾਂਦੀਆਂ ਸਨ ਤੇ ਉਸ ਵਕਤ ਲੋਕ ਕਿਸੇ ਵੀ ਲਾਲਚ ਨੂੰ ਤਿਆਗ ਕੇ ਵੱਧ ਫ਼ਸਲਾਂ ਲੈਣ ਲਈ ਸਪਰੇਅ ਤੇ ਰਸਾਇਣਕ ਖਾਂਦਾਂ ਆਪਣੇ ਖੇਤਾਂ ਵਿਚ ਪਾਉਣ ਤੋਂ ਗੁਰੇਜ਼ ਕਰਦੇ ਸਨ। ਘਰਾਂ ਵਿਚ ਪਸ਼ੂਆਂ ਦੇ ਗੋਹੇ ਤੇ ਮਲ ਮੂਤਰ ਨੂੰ ਖੇਤਾਂ ਵਿਚ ਪਾਇਆ ਜਾਂਦਾ ਸੀ।

ਪਿਛਲੇ ਕੁਝ ਸਾਲਾਂ ਦੌਰਾਨ ਇਸ ਇਲਾਕੇ ਦੇ ਕਿਸਾਨਾਂ ਨੇ ਵੱਧ ਝਾੜ ਤੇ ਵੱਧ ਮੁਨਾਫ਼ੇ ਲੈਣ ਲਈ ਕੁਦਰਤ ਨਾਲ ਜੋ ਖਿਲਵਾੜ ਕੀਤਾ, ਉਸ ਦੇ ਮਾੜੇ ਨਤੀਜੇ ਲੋਕ ਹੁਣ ਭੁਗਤ ਰਹੇ ਹਨ ਤੇ ਆਉਣ ਵਾਲੀ ਪੀੜ੍ਹੀ ਉਸ ਭਿਆਨਕ ਦੌਰ ਵਿਚ ਬੁਰੀ ਤਰ੍ਹਾਂ ਫਸ ਜਾਵੇਗੀ। ਲੋਕਾਂ ਨੇ ਕੁਦਰਤ ਵਲੋਂ ਦਿੱਤੇ ਟਿੱਬੇ ਤੇ ਨੀਵੀਆਂ ਥਾਵਾਂ ਨੂੰ ਪੱਧਰਾ ਕਰਕੇ ਨਹਿਰੀ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਕਰਨੀ ਸ਼ੁਰੂ ਕੀਤੀ ਤੇ ਕੁਝ ਅਜਿਹੀਆਂ ਫ਼ਸਲਾਂ ਬੀਜਣੀਆਂ ਸ਼ੁਰੂ ਕਰ ਦਿੱਤੀਆਂ ਜਿਸ ਦਾ ਇਸ ਧਰਤੀ ਨਾਲ ਕੋਈ ਸੁਮੇਲ ਨਹੀਂ ਹੈ। ਝੋਨੇ ਵਰਗੀਆਂ ਫ਼ਸਲਾਂ ਜੋ ਰਵਾਇਤੀ ਫ਼ਸਲਾਂ ਨਹੀਂ ਸਨ, ਨੂੰ ਬੀਜ ਕੇ ਲੋਕਾਂ ਨੇ ਨਹਿਰੀ ਪਾਣੀ ਨੂੰ ਬੁਰੀ ਤਰ੍ਹਾਂ ਬਰਬਾਦ ਕੀਤਾ ਤੇ ਪਾਣੀ ਦੀ ਘਾਟ ਨੂੰ ਪੂਰਾ ਕਰਨ ਲਈ ਧੜਾਧੜ ਬੋਰ ਲਾ ਕੇ ਧਰਤੀ ਹੇਠਲੇ ਪਾਣੀ ਦੀ ਅੰਨ੍ਹੀ ਵਰਤੋਂ ਕਰਨ ਨਾਲ ਅੱਜ ਖ਼ਾਸ ਕਰਕੇ ਪੰਜਾਬ ਵਿਚ ਪਾਣੀ ਤੇ ਬਿਜਲੀ ਦੀ ਭਾਰੀ ਕਮੀ ਪੈਦਾ ਹੋ ਗਈ ਹੈ।ਉਪਰੋਕਤ ਸਥਿਤੀਆਂ ਦੇ ਕਾਰਨ ਮੌਸਮ ਵਿਚ ਭਾਰੀ ਤਬਦੀਲੀ ਆ ਗਈ ਹੈ ਜਿਸ ਕਰਕੇ ਕਈ ਨਵੀਆਂ ਬਿਮਾਰੀਆਂ ਦੀ ਲਪੇਟ ਵਿਚ ਲੋਕ ਆ ਗਏ ਹਨ। ਕਿਸਾਨਾਂ ਨੂੰ ਆਪਣੀਆਂ ਫ਼ਸਲਾਂ ਨੂੰ ਪਾਲਣ ਲਈ ਬਾਰਿਸ਼ਾਂ 'ਤੇ ਨਿਰਭਰ ਹੋਣਾ ਪੈ ਰਿਹਾ ਹੈ ਤੇ ਪਿਛਲੇ ਕੁਝ ਸਮੇਂ ਤੋਂ ਔਸਤ ਮੁਤਾਬਿਕ ਬਾਰਿਸ਼ਾਂ ਦਾ ਘੱਟ ਪੈਣਾ ਵੀ ਲੋਕਾਂ ਵਲੋਂ ਅੰਨ੍ਹੇਵਾਹ ਦਰੱਖਤਾਂ ਦੀ ਪੁਟਾਈ ਤੇ ਖਾਦਾਂ ਤੇ ਸਪਰੇਆਂ ਕਰਕੇ ਵਧਾਏ ਪ੍ਰਦੂਸ਼ਣ ਨੂੰ ਮੰਨਿਆ ਜਾ ਸਕਦਾ ਹੈ। ਦੂਜੇ ਪਾਸੇ ਵਾਤਾਵਰਨ ਦਾ ਸੰਤੁਲਨ ਵਿਗੜਨ ਨਾਲ ਪਿਛਲੇ ਸਮੇਂ ਤੋਂ ਕੁਝ ਪ੍ਰਦੇਸ਼ਾਂ ਵਿਚ ਹੜ੍ਹਾਂ ਤੇ ਤੂਫ਼ਾਨਾਂ ਦੇ ਸਿਲਸਿਲੇ ਵਿਚ ਵਾਧਾ ਕੀਤਾ ਹੈ। ਇਹ ਸਭ ਮਨੁੱਖ ਵਲੋਂ ਅਪਣਾਏ ਅਖੌਤੀ ਤਰੱਕੀ ਦੇ ਦੁਰਪ੍ਰਭਾਵਾਂ ਦਾ ਹੀ ਪ੍ਰਤੀਕਰਮ ਹੈ। ਪਿਛਲੇ ਸਾਲਾਂ ਤੋਂ ਧਰਤੀ ਹੇਠਲੇ ਪਾਣੀ ਦੀ ਅੰਨ੍ਹੇਵਾਹ ਕੀਤੀ ਵਰਤੋਂ ਨੇ ਅੱਜ ਜੋ ਹਾਲਾਤ ਪੈਦਾ ਕੀਤੇ ਹਨ, ਉਸ ਤੋਂ ਹਰ ਮਨੁੱਖ ਭਲੀਭਾਂਤ ਜਾਣੂ ਹੈ। ਜੇਕਰ ਧਰਤੀ ਹੇਠਲੇ ਪਾਣੀ ਤੇ ਕੁਦਰਤੀ ਪਾਣੀ ਨੂੰ ਬਰਬਾਦ ਹੋਣ ਤੋਂ ਨਾ ਰੋਕਿਆ ਗਿਆ ਤਾਂ ਪੰਜਾਬ ਬੜੀ ਜਲਦੀ ਬਰਬਾਦੀ ਵੱਲ ਵਧ ਸਕਦਾ ਹੈ।

ਲੇਖਕ : ਗੁਰਚਰਨ ਸਿੰਘ ਨੂਰਪੁਰ
ਸੰਪਰਕ: 98550-51099




ਦਸੰਬਰ ਅਤੇ ਜਨਵਰੀ ਮਹੀਨਿਆਂ ਵਿੱਚ ਲੋਕਾਂ ਨੂੰ ਮਰਗਾਂ ਦੇ ਭੋਗ ਦੇ ਸੱਦੇ ਇੱਕ ਦਮ ਵੱਧ ਆਉਣ ਲੱਗਦੇ ਹਨ। ਪੰਜਾਬ ਵਿੱਚ ਇਨ੍ਹਾਂ ਮਹੀਨਿਆਂ ਦੌਰਾਨ ਹਾਰਟ ਅਟੈਕ, ਬਰੇਨ ਸਟਰੋਕ ਅਤੇ ਛਾਤੀ ਦੇ ਰੋਗਾਂ ਨਾਲ ਦੂਜੇ ਮਹੀਨਿਆਂ ਦੇ ਮੁਕਾਬਲੇ ਵੱਧ ਮੌਤਾਂ ਹੁੰਦੀਆਂ ਹਨ। ਇਹਦਾ ਕਾਰਨ ਜਾਣ ਕੇ ਤੁਸੀਂ ਹੈਰਾਨ ਹੋ ਜਾਓਗੇ। ਚੰਗੀ ਮਾੜੀ ਹਵਾ ਦਾ ਸਬੰਧ ਸਾਡੇ ਸਾਹ ਲੈਣ ਨਾਲ ਹੈ ਅਤੇ ਹੁਣ ਤੱਕ ਬਹੁਤ ਸਾਰੇ ਲੋਕ ਇਹੀ ਸਮਝਦੇ ਆਏ ਹਨ ਕਿ ਪ੍ਰਦੂਸ਼ਤ ਧੂੰਏਂ ਵਾਲੀ ਹਵਾ ਨਾਲ ਐਲਰਜੀ, ਜ਼ੁਕਾਮ ਤੇ ਛਾਤੀ ਦੇ ਰੋਗ ਹੋ ਸਕਦੇ, ਇਸ ਤੋਂ ਵੱਧ ਕੁਝ ਨਹੀਂ ਅਤੇ ਇਹਨਾਂ ਸਭ ਦਾ ਐਂਟੀਐਲਰਜਿਕ ਦਵਾਈਆਂ ਨਾਲ ਇਲਾਜ ਕੀਤਾ ਜਾ ਸਕਦਾ ਹੈ। ਬੰਦਾ ਠੀਕ ਹੋ ਜਾਂਦਾ ਹੈ ਅਤੇ ਗੱਲ ਖ਼ਤਮ ਪਰ ਨਵੀਂ ਖੋਜ ਵਿੱਚ ਇਹ ਗੱਲ ਸਾਹਮਣੇ ਆਈ ਕਿ ਹਵਾ ਦੇ ਪ੍ਰਦੂਸ਼ਣ ਨਾਲ ਹਾਰਟ ਅਟੈਕ ਹੋਣ ਦਾ ਖ਼ਤਰਾ ਕਿਤੇ ਵੱਧ ਹੁੰਦਾ ਹੈ। ਇਹ ਖ਼ਤਰਾ ਉਹਨਾਂ ਲੋਕਾਂ ਲਈ ਹੋਰ ਜ਼ਿਆਦਾ ਹੁੰਦਾ ਹੈ ਜਿਹਨਾਂ ਨੂੰ ਪਹਿਲਾਂ ਦਿਲ ਦੀਆਂ ਬਿਮਾਰੀਆਂ ਦੇ ਲੱਛਣ ਹੁੰਦੇ ਹਨ; ਜਿਵੇਂ ਥੋੜ੍ਹਾ ਤੁਰਨ ਨਾਲ ਹੀ ਸਾਹ ਚੜ੍ਹਨਾ, ਛਾਤੀ ਵਿੱਚ ਦਰਦ ਮਹਿਸੂਸ ਹੋਣਾ, ਤੁਰਨ ਵੇਲੇ ਦਿਲ ਦੀ ਧੜਕਣ ਵਧ ਜਾਣੀ ਜਾਂ ਉੱਠਦਿਆਂ ਬੈਠਦਿਆਂ ਸਾਹ ਚੜ੍ਹਨਾ ਆਦਿ।

ਜਰਨਲ ਆਫ ਅਮਰੀਕਨ ਕਾਲਜ ਆਫ ਕਾਰਡੀਓਲਾਜੀ (ਜੀਏਸੀਸੀ) ਦੇ ਅਧਿਐਨ ਵਿੱਚ ਇਹ ਗੱਲ ਸਾਹਮਣੇ ਆਈ ਕਿ ਪਾਰਟੀਕੁਲੇਟ ਮੈਟਰ (ਪੀਐੱਮ) 2.5 ਮਾਈਕ੍ਰੋਮੀਟਰ ਤੇ ਪੀਐੱਮ 10 ਮਾਈਕ੍ਰੋਮੀਟਰ ਕਣਾਂ ਵਿੱਚ ਸਾਹ ਲੈਣ ਨਾਲ ਨਾਨਆਬਸਟ੍ਰਕਟਿਵ ਕੋਰੋਨਰੀ ਆਰਟਰੀ ਡਿਜ਼ੀਜ਼ (ਐੱਨਓਸੀਏਡੀ) ਹੁੰਦੀ ਹੈ। ਪ੍ਰਦੂਸ਼ਤ ਹਵਾ ਦੇ ਕਣ ਜਦੋਂ ਸਾਹ ਰਾਹੀਂ ਫੇਫੜਿਆਂ ਅਤੇ ਖ਼ੂਨ ਵਿੱਚ ਮਿਲਦੇ ਹਨ ਤਾਂ ਦਿਲ ਦੇ ਰੋਗਾਂ ਖਾਸ ਕਰ ਕੇ ਹਾਰਟ ਅਟੈਕ ਦਾ ਖ਼ਤਰਾ ਵਧ ਜਾਂਦਾ ਹੈ। ਇਟਲੀ ਦੀ ਕੈਥੋਲਿਕ ਯੂਨੀਵਰਸਿਟੀ ਆਫ ਦਿ ਸੇਕਰਡ ਹਾਰਟ ਨਾਲ ਜੁੜੇ ਖੋਜੀਆਂ ਅਤੇ ਵਿਦਿਆਰਥੀਆਂ ਨੇ ਅਧਿਐਨ ਵਿੱਚ ਮਾਯੋਕਾਰਡੀਅਲ ਇਸਕੀਮੀਆ ਅਤੇ ਐੱਨਓਸੀਏਡੀ ਦੇ ਮਰੀਜ਼ਾਂ ਦੀ ਕੋਰੋਨਰੀ ਐਂਜਿਓਗ੍ਰਾਫੀ ਅਤੇ ਇੰਟ੍ਰਾਕੋਰੋਨਰੀ ਪ੍ਰੋਵੋਕੇਸ਼ਨ ਟੈਸਟ ਦੇ ਅਧਿਐਨ ਵਿੱਚ 287 ਮਰੀਜ਼ ਸ਼ਾਮਿਲ ਕੀਤੇ। ਖੋਜ ਕਰਤਾਵਾਂ ਨੂੰ ਲੱਭਿਆ ਕਿ ਪੀਐੱਮ 2.5 ਮਾਈਕ੍ਰੋਮੀਟਰ ਅਤੇ ਪੀਐੱਮ 10 ਮਾਈਕ੍ਰੋਮੀਟਰ ਮਾਯੋਕਾਰਡੀਅਲ ਇਸਕੀਮੀਆ ਅਤੇ ਐੱਨਏਸੀਏਡੀ ਮਰੀਜ਼ਾਂ ਦੇ ਕੋਰੋਨਰੀ ਵੈਸੋਮੋਟਰ ਵਿੱਚ ਗੜਬੜੀ ਲਈ ਜ਼ਿੰਮੇਵਾਰ ਹੈ।

ਸੌਖੇ ਅਰਥਾਂ ਵਿੱਚ ਪੀਐੱਮ 2.5 ਤੇ ਪੀਐੱਮ 10, ਪ੍ਰਦੂਸ਼ਣ ਦੇ ਉਹ ਬਰੀਕ ਕਣ ਹੁੰਦੇ ਹਨ ਜੋ ਹਵਾ ਵਿੱਚ ਲੰਮੇ ਸਮੇਂ ਤੱਕ ਲਟਕਦੇ ਰਹਿ ਸਕਦੇ ਹਨ। ਇਹ ਸਾਡੇ ਸਿਰ ਦੇ ਵਾਲਾਂ ਤੋਂ 100 ਗੁਣਾ ਜ਼ਿਆਦਾ ਬਰੀਕ ਹੁੰਦੇ ਹਨ। ਇਹ ਆਸਾਨੀ ਨਾਲ ਸਾਹ ਨਲੀ ਅਤੇ ਫੇਫੜਿਆਂ ਵਿਚੋਂ ਹੁੰਦੇ ਹੋਏ ਖ਼ੂਨ ਤੇ ਦਿਲ ਤੱਕ ਪਹੁੰਚ ਜਾਂਦੇ ਹਨ ਅਤੇ ਦਿਲ ਦੇ ਕੰਮ ਕਰਨ ਦੀ ਪ੍ਰਕਿਰਿਆ ਤੇ ਖ਼ੂਨ ਦੀ ਗੁਣਵਤਾ ਨੂੰ ਪ੍ਰਭਾਵਿਤ ਕਰ ਕੇ ਸਾਡੇ ਸਰੀਰ ਵਿੱਚ ਭਿਆਨਕ ਬਿਮਾਰੀਆਂ ਪੈਦਾ ਕਰ ਸਕਦੇ ਹਨ।

ਹਰ ਸਾਲ ਨਵੰਬਰ ਮਹੀਨੇ ਜਦੋਂ ਗਰਮੀ ਦੀ ਤਪਸ਼ ਤੋਂ ਰਾਹਤ ਮਹਿਸੂਸ ਹੋਣ ਲੱਗਦੀ ਹੈ ਤਾਂ ਹਵਾ ਵਿੱਚ ਸਿੱਲ੍ਹ ਵਧ ਜਾਂਦੀ ਹੈ। ਮੌਸਮ ਠੰਢਾ ਹੋਣ ਕਰ ਕੇ ਧੂੜ, ਮਿੱਟੀ ਤੇ ਪ੍ਰਦੂਸ਼ਣ ਦੇ ਕਣ ਉੱਚੇ ਨਹੀਂ ਉੱਡਦੇ, ਇਹ ਧਰਤੀ ਦੇ ਨੇੜੇ ਰਹਿਣ ਲੱਗਦੇ ਹਨ। ਇਹਨਾਂ ਦਿਨਾਂ ਦੌਰਾਨ ਫੈਕਟਰੀਆਂ, ਮੋਟਰ ਕਾਰਾਂ ਦਾ ਧੂੰਆਂ ਧਰਤੀ ਨੇੜੇ ਰਹਿਣ ਕਰ ਕੇ ਧਰਤੀ ਨੂੰ ਧੂੰਏਂ ਦੀ ਪਰਤ ਜਿਹੀ ਚੜ੍ਹੀ ਨਜ਼ਰ ਪੈਣ ਲੱਗਦੀ ਹੈ। ਇਹਨਾਂ ਹੀ ਦਿਨਾਂ ਦੌਰਾਨ ਪੰਜਾਬ ਵਿੱਚ ਪਰਾਲੀ ਨੂੰ ਅੱਗ ਲਾਈ ਜਾਂਦੀ ਹੈ ਜਿਸ ਨਾਲ ਇਹ ਪਰਤ ਹੋਰ ਸੰਘਣੀ ਹੋਣ ਲੱਗਦੀ ਹੈ। ਇਹਨੀਂ ਦਿਨੀਂ ਦੀਵਾਲੀ ਦਾ ਤਿਉਹਾਰ ਤੇ ਕੁਝ ਹੋਰ ਸਮਾਗਮ ਹੁੰਦੇ ਹਨ। ਇਸ ਸਭ ਕੁਝ ਨਾਲ ਸਾਡੇ ਆਲੇ ਦੁਆਲੇ ਪੀਐੱਮ 2.5 ਅਤੇ ਪੀਐੱਮ 10 ਕਣਾਂ ਵਾਲੇ ਧੂੰਏਂ ਦੀ ਇੰਨੀ ਸੰਘਣੀ ਪਰਤ ਬਣ ਜਾਂਦੀ ਹੈ ਕਿ ਸਾਹ ਲੈਣਾ ਵੀ ਔਖਾ ਹੋ ਜਾਂਦਾ ਹੈ। ਬੱਚਿਆਂ ਤੋਂ ਬਜ਼ੁਰਗਾਂ ਤੱਕ ਇਹ ਜ਼ਹਿਰੀਲੇ ਧੂੰਆਂ ਆਪਣੇ ਅੰਦਰ ਖਿਚਦੇ ਹਾਂ। ਜਿਹੜੇ ਲੋਕਾਂ ਨੂੰ ਪਹਿਲਾਂ ਸਾਹ, ਦਿਲ ਜਾਂ ਛਾਤੀ ਦੀ ਥੋੜ੍ਹੀ ਬਹੁਤ ਤਕਲੀਫ ਹੁੰਦੀ ਹੈ, ਉਹਨਾਂ ਲੋਕਾਂ ਲਈ ਇਹ ਦਿਨ ਬੜੇ ਮੁਸ਼ਕਿਲ ਹੁੰਦੇ ਹਨ। ਪ੍ਰਦੂਸ਼ਣ ਦਾ ਇਹ ਸਿਖਰ ਦਸਬੰਰ ਅਤੇ ਜਨਵਰੀ ਦੌਰਾਨ ਮਨੁੱਖੀ ਸਰੀਰ ’ਤੇ ਅਸਰ ਦਿਖਾਉਂਦਾ ਹੈ। ਜਿਹਨਾਂ ਲੋਕਾਂ ਦੀ ਰੋਗ ਨਾਲ ਲੜਨ ਵਾਲੀ ਪ੍ਰਣਾਲੀ ਕਮਜ਼ੋਰ ਹੁੰਦੀ ਹੈ ਅਤੇ ਦਿਲ ਦੀਆਂ ਮਾੜੀਆਂ ਮੋਟੀਆਂ ਬਿਮਾਰੀਆਂ ਪਹਿਲਾਂ ਹੀ ਹੁੰਦੀਆਂ ਹਨ, ਉਹ ਵੱਡੀ ਤਾਦਾਦ ਵਿੱਚ ਦਿਲ ਦੇ ਰੋਗਾਂ ਦੇ ਸ਼ਿਕਾਰ ਹੋ ਜਾਂਦੇ ਹਨ। ਫਲਸਰੂਪ ਪੰਜਾਬ ਦੇ ਹਰ ਪਿੰਡ ਵਿੱਚ ਮੌਤਾਂ ਦਾ ਸਿਲਸਿਲਾ ਵਧ ਜਾਂਦਾ ਹੈ। ਇਉਂ ਅਸੀਂ ਆਪਣੇ ਆਲੇ ਦੁਆਲੇ ਬਣੇ ਪ੍ਰਦੂਸ਼ਤ ਗੈਸ ਚੈਂਬਰ ਵਿਚ ਸਾਹ ਲੈਂਦੇ ਹਾਂ ਅਤੇ ਰੋਗਾਂ ਦੀ ਮਾਰ ਦਾ ਖਤਰਾ ਵਧ ਜਾਂਦਾ ਹੈ।

ਪੂਰੀ ਦੁਨੀਆ ਵਿੱਚ ਹੀ ਮਨੁੱਖ ਦਾ ਰਹਿਣ ਸਹਿਣ ਅਤੇ ਖਾਣ ਪੀਣ ਅਜਿਹਾ ਹੋ ਗਿਆ ਹੈ ਕਿ ਹਾਰਟ ਅਟੈਕ ਅਤੇ ਬਰੇਨ ਸਟਰੋਕ ਵਰਗੀਆਂ ਬਿਮਾਰੀਆਂ ਨਾਲ ਵੱਡੀ ਗਿਣਤੀ ਲੋਕ ਪ੍ਰਭਾਵਿਤ ਹੋਣ ਲੱਗੇ ਹਨ। ਤਕਨੀਕੀ ਵਿਕਾਸ ਦੇ ਵੇਗ ਨੇ ਮਨੁੱਖ ਦੀ ਰਫ਼ਤਾਰ ਤੇਜ਼ ਕਰ ਦਿੱਤੀ ਹੈ ਅਤੇ ਇਹ ਹਰ ਦਿਨ ਹੋਰ ਤੇਜ਼ ਹੋ ਰਹੀ ਹੈ। ਜ਼ਿੰਦਗੀ ਦੀ ਬਹੁਤੀ ਨੱਠ-ਭੱਜ ਨੇ ਮਨੁੱਖ ਨੂੰ ਸਹਿਜ ਨਹੀਂ ਰਹਿਣ ਦਿੱਤਾ। ਇਹ ਸਭ ਕੁਝ ਮਨੁੱਖ ਦੇ ਵਿਹਾਰ ਵਿੱਚ ਵੀ ਆ ਗਿਆ ਹੈ। ਸਬਰ, ਸੰਤੋਖ, ਸਹਿਜ ਤੇ ਟਿਕਾਅ ਜਿਵੇਂ ਬੀਤੇ ਦੀ ਬਾਤ ਬਣ ਗਏ ਹਨ। ਆਪਣੀ ਸਿਹਤ ਨਾਲ ਵੀ ਮਨੁੱਖ ਦਾ ਵਿਹਾਰ ਸੁਖਾਵਾਂ ਨਹੀਂ। ਬਹੁਤਿਆਂ ਦੀ ਤਰਜੀਹ ਚੰਗੀ ਖ਼ੁਰਾਕ ਨਹੀਂ ਬਲਕਿ ਸੁਆਦ ਬਣ ਗਿਆ ਹੈ। ਬਹੁਗਿਣਤੀ ਲੋਕ ਇਸ ਬਾਰੇ ਖ਼ਬਰਦਾਰ ਨਹੀਂ ਹਨ। ਇਸੇ ਲਈ ਹਰ ਦਿਨਾਂ ਬਿਮਾਰੀਆਂ ਵਧ ਰਹੀਆਂ ਹਨ। ਸਰੀਰਕ ਤੇ ਮਾਨਸਿਕ ਵਿਗਾੜ ਵਧ ਰਹੇ ਹਨ। ਸਾਡੇ ਵਿਹਾਰ ਨੇ ਜਿੱਥੇ ਸਾਡੇ ਮਨ ਤੇ ਸਰੀਰ ਨੂੰ ਪ੍ਰਭਾਵਿਤ ਕੀਤਾ ਹੈ ਉੱਥੇ ਇਸ ਨਾਲ ਅਸੀਂ ਆਪਣੇ ਆਲੇ ਦੁਆਲੇ ਕੁਦਰਤ ਦੇ ਪਸਾਰੇ ਵਿੱਚ ਵੀ ਆਪਣੇ ਅਤੇ ਹੋਰ ਜੀਅ-ਜੰਤ ਲਈ ਮੁਸ਼ਕਿਲਾਂ ਖੜ੍ਹੀਆਂ ਕਰ ਲਈਆਂ ਹਨ। ਮਨੁੱਖ ਦੇ ਹਾਬੜੇਪਨ ਨੇ ਆਪਣੇ ਆਲੇ ਦੁਆਲੇ ਬਿਮਾਰੀਆਂ ਤੇ ਦੁਸ਼ਵਾਰੀਆਂ ਦਾ ਬਿਰਤਾਂਤ ਸਿਰਜ ਲਿਆ ਹੈ।

ਸਾਡੀ ਖੁਰਾਕ ਤੰਦਰੁਸਤ ਨਹੀਂ ਰਹੀ, ਸਾਡੇ ਵਾਤਾਵਰਨ ਦੀ ਤੰਦਰੁਸਤੀ ਨੂੰ ਵੀ ਗ੍ਰਹਿਣ ਲੱਗ ਗਿਆ ਹੈ। ਇਸ ਸੰਕਟ ਦੇ ਮਾੜੇ ਪ੍ਰਭਾਵ ਮਨੁੱਖ ਸਮੇਤ ਸਭ ਜੀਵ ਜਾਤੀਆਂ ’ਤੇ ਦਿਸਣ ਲੱਗ ਪਏ ਹਨ। ਪੰਛੀਆਂ ਦੀਆਂ ਬਹੁਤ ਸਾਰੀਆਂ ਪ੍ਰਜਾਤੀਆਂ ਲੋਪ ਹੋ ਗਈਆਂ ਹਨ। ਗਿਰਝਾਂ, ਚਿੜੀਆਂ, ਪਹਾੜੀ ਕਾਂ, ਕਿੱਲੀਠੋਕੇ ਆਦਿ ਬਹੁਤ ਸਾਰੀਆਂ ਨਸਲਾਂ ਜਾਂ ਤਾਂ ਲੋਪ ਹੋ ਗਈਆਂ ਜਾਂ ਲੋਪ ਹੋਣ ਕੰਢੇ ਹਨ। ਵਿਚਾਰਨ ਵਾਲੀ ਗੱਲ ਇਹ ਹੈ ਕਿ ਜੇਕਰ ਇਸ ਵਾਤਾਵਰਨ ਵਿੱਚ ਪੰਛੀਆਂ ਦੀਆਂ ਕੁਝ ਨਸਲਾਂ ਲੋਪ ਹੁੰਦੀਆਂ ਹਨ ਤਾਂ ਇਸ ਦਾ ਸਿੱਧਾ ਭਾਵ ਇਹ ਹੈ ਕਿ ਇੱਥੇ ਜੀਵਾਂ ਦੇ ਵਿਗਸਣ ਮੌਲਣ ਲਈ ਢੁੱਕਵਾਂ ਵਾਤਾਵਰਨ ਅਤੇ ਸਾਜ਼ਗਾਰ ਮਾਹੌਲ ਨਹੀਂ ਹੈ। ਇਸ ਮਾਹੌਲ ਦਾ ਸਿੱਧਾ ਪ੍ਰਭਾਵ ਮਨੁੱਖ ਦੀ ਜ਼ਿੰਦਗੀ ’ਤੇ ਵੀ ਪੈਂਦਾ ਹੈ। ਇਸ ਲਈ ਜੇ ਕੋਈ ਇੱਕ ਜੀਵ ਜੰਤੂ ਵੀ ਲੋਪ ਹੁੰਦਾ ਹੈ ਤਾਂ ਇਸ ਨੂੰ ਸਮੁੱਚੇ ਜੀਵਨ ਲਈ ਖ਼ਤਰੇ ਦੀ ਘੰਟੀ ਸਮਝਣਾ ਚਾਹੀਦਾ ਹੈ। ਇਸ ਸਭ ਕੁਝ ਲਈ ਉਹ ਮਾਹੌਲ ਤੇ ਸੰਕਟ ਜ਼ਿੰਮੇਵਾਰ ਹੈ ਜੋ ਅਸੀਂ ਪਿਛਲੇ ਕੁਝ ਦਹਾਕਿਆਂ ਤੋਂ ਪੰਜਾਬ ਦੀ ਧਰਤੀ ’ਤੇ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ।

ਅਸੀਂ ਸਰਬੱਤ ਦਾ ਭਲਾ ਚਾਹੁਣ ਅਤੇ ਮੰਗਣ ਵਾਲੇ ਲੋਕ ਹਾਂ ਪਰ ਅੱਜ ਅਸੀਂ ਦਿਖਾਵੇ ਲਈ ਧਰਮ ਕਰਮ ਦੇ ਨਾਮ ’ਤੇ ਅਡੰਬਰ ਰਚਦੇ ਹਾਂ ਅਤੇ ਜੀਵਨ ਨਾਲ ਜੁੜੇ ਸਰੋਕਾਰਾਂ ਤੋਂ ਦੂਰ ਹੋ ਜਾਂਦੇ ਹਾਂ। ਲੋਕਾਂ ਨੂੰ ਇਸ ਬਾਰੇ ਸੁਚੇਤ ਹੋਣਾ ਚਾਹੀਦਾ ਹੈ। ਆਪਣੇ ਆਲੇ ਦੁਆਲੇ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਕਰ ਕੇ ਅਸੀਂ ਪੰਜਾਬ ਦੇ ਪਾਣੀ ਅਤੇ ਮਿੱਟੀ ਨੂੰ ਸ਼ੁੱਧ ਕਰ ਸਕਦੇ ਹਾਂ। ਇਸ ਲਈ ਕਿਤੋਂ ਨਾ ਕਿਤੋਂ ਸ਼ੁਰੂਆਤ ਕਰਨੀ ਪਵੇਗੀ। ਅੱਜ ਜੇ ਪੰਜਾਬ ਵਿੱਚ ਬਿਮਾਰੀਆਂ ਤੇ ਦੁਸ਼ਵਾਰੀਆਂ ਦੀ ਭਰਮਾਰ ਹੈ ਤਾਂ ਸੋਚਣ ਦੀ ਲੋੜ ਹੈ ਕਿ ਜਿਹੜੀਆਂ ਤਰਜੀਹਾਂ ’ਤੇ ਅਸੀਂ ਚੱਲ ਰਹੇ ਹਾਂ, ਇਹਨਾਂ ਨੂੰ ਬਦਲਣਾ ਪਵੇਗਾ। ਪੰਜਾਬ ਦੀ ਧਰਤੀ ਉੱਤੇ ਸਾਲ ਵਿੱਚ ਛੇ ਰੁੱਤਾਂ- ਗਰਮੀ, ਸਰਦੀ, ਪਤਝੜ, ਬਸੰਤ, ਵਰਖਾ, ਬਹਾਰ ਆਉਂਦੀਆਂ ਹਨ। ਹਰ ਦੋ ਮਹੀਨੇ ਬਾਅਦ ਰੁੱਤ ਬਦਲਦੀ ਹੈ। ਦੁਨੀਆ ਵਿੱਚ ਕੋਈ ਟਾਵਾਂ ਖਿੱਤਾ ਹੋਵੇਗਾ ਜਿੱਥੇ ਅਜਿਹਾ ਮੌਸਮ ਹੈ। ਧਰਤੀ ਪੁਕਾਰ ਰਹੀ ਹੈ ਕਿ ਕੁਦਰਤੀ ਦਾਤਾਂ ਨੂੰ ਸੰਭਾਲੋ, ਵੱਧ ਤੋਂ ਵੱਧ ਰੁੱਖ ਲਾਓ, ਅੱਗ ਦੇ ਲਾਂਬੂ ਲਾ ਕੇ ਧਰਤੀ ਨਾ ਲੂਹੋ ਅਤੇ ਪਾਣੀਆਂ ਦਾ ਸਤਿਕਾਰ ਕਰੋ। ਇਹ ਦਾਤਾਂ ਅਨਮੋਲ ਹਨ, ਇਹਨਾਂ ਦੀ ਕਦਰ ਕਰੋ।

---

# ਬਦਲਾਅ

ਲੇਖਕ : ਅਮਰੀਕ ਸੈਦੋਕੇ, ਸੰਪਰਕ: 97795-27418

“ਮੰਮੀ ਜੀ, ਰੋਟੀ ਪਾਓ ਖਾਈਏ, ਭੁੱਖ ਬਹੁਤ ਲੱਗੀ ਐ। ਅੱਜ ਤਾਂ ਸਿਖਰ ਦੁਪਹਿਰਾ ਹੋ ਗਿਆ।” ਮਨਜੀਤ ਨੇ ਘਰ ਵੜਦਿਆਂ ਹੀ ਕਿਹਾ।

“ਰੋਟੀ ਤਾਂ ਸੁਵਖਤੇ ਦੀ ਬਣੀ ਪਈ ਐ। ਕਿੱਥੇ ਗੁਜ਼ਾਰਿਆ ਪੁੱਤ, ਐਨਾ ਸਮਾਂ? ਮੈਨੂੰ ਤਾਂ ਫ਼ਿਕਰ ਹੀ ਵੱਢ-ਵੱਢ ਖਾਈ ਜਾਂਦਾ ਸੀ।”

“ਸੱਥ ਵਿੱਚ ਕੁਝ ਬਜ਼ੁਰਗ ਪੁਰਾਣੀਆਂ ਗੱਲਾਂ ਕਰਦੇ ਸੀ। ਉੱਥੇ ਬੈਠ ਗਿਆ ਸਾਂ ਕੁਝ ਪਲ। ਬੜਾ ਅਨੰਦ ਆਇਆ ਮਾਂ ਅੱਜ,” ਮਨਜੀਤ ਨੇ ਕਿਹਾ।

“ਮੈਂ ਸਦਕੇ ਜਾਵਾਂ ਮੇਰੇ ਲਾਲ ਦੇ। ਸ਼ੁਕਰ ਰੱਬਾ ਤੇਰਾ, ਜੇ ਸਾਡੇ ਨੌਜਵਾਨਾਂ ਨੇ ਇੱਧਰ ਸੱਥਾਂ ਵੱਲ ਨੂੰ ਪੈਰ ਮੋੜਿਆ। ਨਹੀਂ ਤਾਂ ਨਵੀਂ ਪੀੜ੍ਹੀ ਕੋਲ ਘਰੇ ਮਾਂ ਬਾਪ ਦੀ ਜਾਂ ਕੋਈ ਰਿਸ਼ਤੇਦਾਰ ਆ ਜਾਵੇ ਤਾਂ ਕਿਸੇ ਨਾਲ ਗੱਲ ਕਰਨ ਸੁਣਨ ਦਾ ਵਕਤ ਵੀ ਨਹੀਂ। ਦਿਨ ਰਾਤ ਹਰੇਕ ਦੀਆਂ ਉਂਗਲਾਂ ਮੋਬਾਈਲਾਂ ’ਤੇ ਘੁੰਮਦੀਆਂ ਨਜ਼ਰ ਆਉਂਦੀਆਂ ਹਨ, ਤੂੰ ਕਿਵੇਂ ਭੁੱਲ ਕੇ ਸੱਥ ਵਿੱਚ ਬੈਠ ਗਿਆ, ਹੈਂ?”

“ਮਾਂ, ਸੱਥ ’ਚੋਂ ਇੱਕ ਨਵਾਂ ਸ਼ਬਦ ਸੁਣ ਕੇ ਆਇਆ ਹਾਂ, ਕੁਲ ਕੀ ਚੀਜ਼ ਹੁੰਦੀ ਐ?”

“ਮਨਜੀਤ, ਵਧਦੇ ਪਰਿਵਾਰਾਂ ਦੇ ਲਾਣਿਆਂ ਦੀਆਂ ਪੀੜ੍ਹੀਆਂ ਨੂੰ ਕੁਲਾਂ ਆਖਦੇ ਨੇ। ਅੱਗੇ ਜਦੋਂ ਕਿਸੇ ਲਾਗੀ ਨੂੰ ਘਰ ਵਾਲਿਆਂ ਖੈਰ ਪਾਉਣੀ ਤਾਂ ਉਸ ਨੇ ਸੌ-ਸੌ ਅਸੀਸਾਂ ਦੇਣੀਆਂ, ਤੁਹਾਡੀ ਪੀੜ੍ਹੀ ਵਧੇ ਫੁੱਲੇ, ਘਰਾਂ ਨੂੰ ਭਾਗ ਲੱਗਣ, ਅਮਰ ਵੇਲ ਵਾਂਗੂ ਵਧੋ।

ਜਦੋਂ ਕਿਤੇ ਮਾਪਿਆਂ ਦੇ ਇਕਲੌਤੇ ਪੁੱਤ ਦੀ ਮੌਤ ਹੋ ਜਾਂਦੀ ਤਾਂ ਪਿੰਡ ਵਿੱਚ ਮਾਤਮ ਛਾ ਜਾਂਦਾ। ਲੋਕ ਚੁੱਲ੍ਹੇ ਅੱਗ ਨਾ ਬਾਲਦੇ। ਸਭ ਦੀਆਂ ਅੱਖਾਂ ਨਮ ਹੁੰਦੀਆਂ। ਲੋਕਾਂ ਨੇ ਗੱਲਾਂ ਕਰਨੀਆਂ, ਬਈ ਇਨ੍ਹਾਂ ਦੀ ਤਾਂ ਕੁਲ਼ ਹੀ ਖ਼ਤਮ ਹੋ ਗਈ।”

“ਹੈਂ ਮੰਮੀ ਜੀ? ਹਰ ਰੋਜ਼ ਅਖਬਾਰਾਂ ਤੇ ਟੀ ਵੀ ਚੈਨਲਾਂ ਤੋਂ ਦਰਦਨਾਕ ਖ਼ਬਰਾਂ ਸੁਣਦੇ ਹਾਂ, ਕਿਵੇਂ ਮਾਵਾਂ ਪੁੱਤਾਂ ਦੀਆਂ ਲੋਥਾਂ ’ਤੇ ਲਿਟਦੀਆਂ ਨੇ ਪਿਟਦੀਆਂ ਨੇ, ਭੈਣਾਂ ਦੀਆਂ ਚੀਕਾਂ ਸੁਣ ਦਿਲ ਨੂੰ ਧੂਹ ਪੈਂਦੀ ਆ, ਬੱਚੇ ਕਿਵੇਂ ਪਿਉ ਦੀ ਉਡੀਕ ਕਰਦੇ ਨੇ, ਹੈਰੋਇਨ ਤੇ ਚਿੱਟੇ ਨੇ ਔਰਤਾਂ ਨੂੰ ਭਰ ਜਵਾਨੀ ਵਿੱਚ ਹੀ ਸਿਰ ’ਤੇ ਚਿੱਟੀਆਂ ਚੁੰਨੀਆਂ ਲੈਣ ਲਈ ਮਜਬੂਰ ਕਰ ਦਿੱਤਾ। ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਗਏ, ਘਰਾਂ ਦੇ ਕਿੰਨੇ ਹੀ ਚਿਰਾਗ ਬੁਝ ਗਏ।”

“ਹਾਂ ਪੁੱਤ! ਹਰ ਰੋਜ਼ ਪਰਿਵਾਰਾਂ ਦੇ ਪਰਿਵਾਰ ਹੀ ਪਰਮਾਤਮਾ ਅੱਗੇ ਇਹੋ ਅਰਦਾਸਾਂ ਕਰਦੇ ਨੇ, ਸੱਚੇ ਪਾਤਸ਼ਾਹ ਤੂੰ ਹੀ ਸਾਡੀ ਨੌਜਵਾਨ ਪੀੜ੍ਹੀ ਨੂੰ ਨਸ਼ਾ ਮੁਕਤ ਜ਼ਿੰਦਗੀ ਜਿਉਣ ਦਾ ਬਲ ਬਖ਼ਸ਼ੀਂ।

ਸਾਡੀ ਗੌਰਮਿੰਟ ਖੌਰੇ ਕਦੋਂ ਜਾਗੂ, ਨਸ਼ਿਆਂ ਦੇ ਸੌਦਾਗਰ ਤਾਂ ਕਾਨੂੰਨ ਅਤੇ ਜੇਲ੍ਹਾਂ ਤੋਂ ਕੋਹਾਂ ਦੂਰ ਨੇ। ਕੀ ਪਤਾ ਸਾਡੇ ਪ੍ਰਬੰਧਕ ਕਦੋਂ ਕੋਈ ਉਪਰਾਲਾ ਕਰਕੇ ਇਨ੍ਹਾਂ ਨੂੰ ਨੱਥ ਪਾਉਣਗੇ।

ਫੇਰ ਕਿਤੇ ਜਾ ਕੇ ਸਾਡੇ ਨੌਜਵਾਨਾਂ ਦਾ ਭਵਿੱਖ, ਰੰਗਲਾ ਪੰਜਾਬ ਅਤੇ ਬਚਦੀਆਂ ਕੁਲਾਂ ਨੂੰ ਬਰਬਾਦ ਹੋਣ ਤੋਂ ਬਚਾਇਆ ਜਾ ਸਕੇਗਾ।”








# ਇਰਾਨ
## ਆਧੁਨਿਕਤਾਵਾਦੀ ਮੁਲਕ ਤੋਂ ਜੰਗ ਦੇ ਮੁਹਾਣ ਤੱਕ

**ਲੇਖਕ : ਜੀਐੱਸ ਗੁਰਦਿੱਤ**
**ਸੰਪਰਕ:** 94171-93193

ਅੱਜ ਇਰਾਨ ਅਤੇ ਇਜ਼ਰਾਈਲ ਇੱਕ ਦੂਜੇ ਖ਼ਿਲਾਫ ਜੰਗ ਲੜਨ ਲਈ ਆਹਮੋ-ਸਾਹਮਣੇ ਖੜ੍ਹੇ ਹਨ। ਦੋਵੇਂ ਮੁਲਕ ਭਾਵੇਂ ਇੱਕ ਦੂਸਰੇ ਦੇ ਨਾਲ ਨਹੀਂ ਲੱਗਦੇ, ਫਿਰ ਵੀ ਦੋਹਾਂ ਦੀਆਂ ਮਿਜ਼ਾਈਲਾਂ ਇੱਕ-ਦੂਸਰੇ ਤੱਕ ਪਹੁੰਚਣ ਦੀ ਸਮਰੱਥਾ ਰੱਖਦੀਆਂ ਹਨ। ਇਰਾਨ ਵਿੱਚ ਅਮਰੀਕਾ ਨੂੰ ਵੱਡਾ ਸ਼ੈਤਾਨ ਅਤੇ ਇਜ਼ਰਾਈਲ ਨੂੰ ਛੋਟਾ ਸ਼ੈਤਾਨ ਕਿਹਾ ਜਾਂਦਾ ਹੈ। ਇਸੇ ਕਰ ਕੇ ਡਰ ਇਸ ਗੱਲ ਦਾ ਵੀ ਹੈ ਕਿ ਇਹ ਜੰਗ ਕਿਤੇ ਤੀਜੀ ਸੰਸਾਰ ਜੰਗ ਨਾ ਬਣ ਜਾਵੇ। ਜਿਵੇਂ ਇਜ਼ਰਾਈਲ ਨੂੰ ਅਮਰੀਕਾ ਦਾ ਸਿੱਧਾ ਸਮਰਥਨ ਹੈ, ਉਵੇਂ ਹੀ ਇਰਾਨ ਨੂੰ ਰੂਸ ਅਤੇ ਚੀਨ ਦਾ ਅੰਦਰਖਾਤੇ ਸਮਰਥਨ ਵੀ ਹੁਣ ਗੁੱਝਾ ਨਹੀਂ ਰਿਹਾ ਪਰ ਕੀ ਇਰਾਨ ਹਮੇਸ਼ਾ ਹੀ ਅਮਰੀਕਾ ਅਤੇ ਇਜ਼ਰਾਈਲ ਦਾ ਦੁਸ਼ਮਣ ਸੀ? ਨਹੀਂ, ਅੱਜ ਤੋਂ 50 ਸਾਲ ਪਹਿਲਾਂ ਵਾਲੇ ਅਤੇ ਅੱਜ ਦੇ ਇਰਾਨ ਵਿੱਚ ਬਹੁਤ ਕੁਝ ਬਦਲ ਚੁੱਕਾ ਹੈ।

ਇਰਾਨ ਦੇ ਸ਼ਾਹ ਮੁਹੰਮਦ ਰਜ਼ਾ ਪਹਿਲਵੀ ਦੇ ਰਾਜ ਵਿੱਚ (1967-1979) ਇਰਾਨੀ ਸੱਭਿਆਚਾਰ ਉੱਤੇ ਪੱਛਮੀ ਪ੍ਰਭਾਵ ਬਹੁਤ ਵਧ ਰਿਹਾ ਸੀ। ਸ਼ਹਿਰਾਂ ਵਿੱਚ ਤਾਂ ਇਹ ਪ੍ਰਭਾਵ ਖਾਸ ਤੌਰ 'ਤੇ ਦੇਖਿਆ ਜਾ ਸਕਦਾ ਸੀ। ਇਰਾਨ ਦੇ ਸ਼ਹਿਰੀ ਮੱਧ-ਵਰਗੀ ਲੋਕ ਸਮੁੰਦਰ ਕੰਢੇ ਧੁੱਪ ਸੇਕਦੇ ਅਤੇ ਨਾਈਟ ਕਲੱਬਾਂ ਵਿੱਚ ਜਾਂਦੇ ਆਮ ਹੀ ਦੇਖੇ ਜਾ ਸਕਦੇ ਸਨ। ਇਸ ਦਾ ਮੁੱਖ ਕਾਰਨ ਸ਼ਾਇਦ ਸ਼ਾਹ ਖੁਦ ਹੀ ਸੀ ਜੋ ਪੱਛਮੀ ਰੰਗ ਵਿੱਚ ਪੂਰੀ ਤਰ੍ਹਾਂ ਰੰਗਿਆ ਹੋਇਆ ਸੀ। ਉਸ ਦਾ ਖਾਣਾ, ਪਹਿਨਣਾ, ਭੋਗ ਵਿਲਾਸ ਆਦਿ ਪੂਰੀ ਤਰ੍ਹਾਂ ਪੱਛਮ ਤੋਂ ਪ੍ਰੇਰਿਤ ਸੀ। ਪੱਛਮੀ ਮੁਲਕਾਂ ਦੇ ਨਾਲ-ਨਾਲ ਉਸ ਨੇ ਇਜ਼ਰਾਈਲ ਨਾਲ ਵੀ ਵਧੀਆ ਸਬੰਧ ਬਣਾ ਕੇ ਰੱਖੇ ਸਨ। ਅਸਲ ਵਿੱਚ ਮੱਧ-ਪੂਰਬ ਵਿੱਚ ਇਰਾਨ ਪਹਿਲਾ ਮੁਲਕ ਸੀ ਜਿਸ ਨੇ ਇਜ਼ਰਾਈਲ ਨੂੰ ਸਪਸ਼ਟ ਮਾਨਤਾ ਦਿੱਤੀ ਸੀ ਅਤੇ ਫ਼ਲਸਤੀਨੀਆਂ ਨੂੰ ਅਤਿਵਾਦੀ ਕਹਿ ਕੇ ਭੰਡਿਆ ਸੀ। ਉਦੋਂ ਸੋਵੀਅਤ ਰੂਸ ਅਤੇ ਅਮਰੀਕਾ ਵਿੱਚ ਠੰਢੀ ਜੰਗ ਜ਼ੋਰਾਂ ਉੱਤੇ ਸੀ। ਇਰਾਨ ਨੇ ਰੂਸ ਅਤੇ ਇਰਾਕ ਦੇ ਖ਼ਿਲਾਫ ਅਮਰੀਕਾ ਨਾਲ ਨੇੜਤਾ ਰੱਖੀ।

ਇਰਾਕ ਨੂੰ ਕਮਜ਼ੋਰ ਕਰਨ ਲਈ ਉਸ ਨੇ ਕੁਰਦ ਲੜਾਕੂਆਂ ਦੀ ਅੰਦਰਖਾਤੇ ਮਦਦ ਕੀਤੀ ਪਰ ਜਾਣ-ਬੁਝ ਕੇ ਟੇਢੇ ਢੰਗ ਨਾਲ ਉਹਨਾਂ ਨੂੰ ਰੂਸੀ ਹਥਿਆਰ ਉਪਲਬਧ ਕਰਵਾਏ ਤਾਂ ਕਿ ਰੂਸ ਇਰਾਕ ਬਾਰੇ ਸ਼ੱਕੀ ਹੋ ਜਾਵੇ। ਉਸ ਨੇ ਖਾੜੀ ਦੇ ਬਾਕੀ ਤੇਲ ਉਤਪਾਦਕ ਮੁਲਕਾਂ ਨਾਲ ਮਿਲ ਕੇ ਅਜਿਹੇ ਫ਼ੈਸਲੇ ਕਰਵਾਏ ਜਿਨ੍ਹਾਂ ਨਾਲ ਤੇਲ ਦੀਆਂ ਕੀਮਤਾਂ ਵਾਰੀ-ਵਾਰੀ ਅਤੇ ਛੇਤੀ-ਛੇਤੀ ਵਧਾਈਆਂ ਜਾਣ ਲੱਗੀਆਂ। ਇਸ ਨਾਲ ਅਮਰੀਕਾ ਵਰਗੇ ਮੁਲਕ ਭਾਵੇਂ ਨਾਰਾਜ਼ ਵੀ ਹੋਏ ਪਰ ਇਸ ਨਾਲ ਇਰਾਨ ਦਾ ਖ਼ਜ਼ਾਨਾ ਭਰਨ ਲੱਗਿਆ। ਇਸ ਪੈਸੇ ਨੂੰ ਉਸ ਨੇ ਹੋਰਨਾਂ ਥਾਵਾਂ ਤੋਂ ਇਲਾਵਾ ਸਕੂਲਾਂ ਅਤੇ ਹਸਪਤਾਲਾਂ ਉੱਤੇ ਵੀ ਖੁੱਲ੍ਹ ਕੇ ਖਰਚਿਆ। ਉਸ ਨੇ ਇਰਾਨੀ (ਪਰਸ਼ੀਆ) ਸਾਮਰਾਜ ਦੀ 2500ਵੀਂ ਵਰ੍ਹੇਗੰਢ ਮਨਾਈ ਅਤੇ ਮਹਾਨ ਸ਼ਾਸਕ ਸਾਈਰਸ ਦਾ ਬੁੱਤ ਵੀ ਬਣਵਾਇਆ। ਉਸ ਦੇ ਅਖ਼ੀਰਲੇ 15 ਸਾਲਾਂ ਦੌਰਾਨ ਇਰਾਨ ਨੇ ਬਹੁਤ ਤੇਜ਼ੀ ਨਾਲ ਆਰਥਿਕ ਤਰੱਕੀ ਕੀਤੀ। ਮੁਲਕ ਵਿੱਚ ਨਿੱਜੀ ਕਾਰਾਂ ਅਤੇ ਟੈਲੀਵਿਜ਼ਨਾਂ ਦੀ ਗਿਣਤੀ ਤੇਜ਼ੀ ਨਾਲ ਵਧਣ ਲੱਗੀ। ਉਸ ਨੇ ਇਰਾਨ ਵਿੱਚ ਸਥਾਨਕ ਪੱਧਰ ਦੀਆਂ ਚੋਣਾਂ ਜਿੱਤਣ ਵਾਲੇ ਯਹੂਦੀਆਂ, ਇਸਾਈਆਂ ਅਤੇ ਹੋਰ ਫ਼ਿਰਕਿਆਂ ਦੇ ਲੋਕਾਂ ਨੂੰ ਉਹਨਾਂ ਦੇ ਆਪੋ-ਆਪਣੇ ਧਰਮ ਗ੍ਰੰਥਾਂ ਉੱਤੇ ਹੱਥ ਰੱਖ ਕੇ ਸਹੁੰ ਚੁੱਕਣ ਦੀ ਆਗਿਆ ਦਿੱਤੀ। ਇੰਝ ਹੀ 1963 ਵਿੱਚ ਉਸ ਨੇ ਔਰਤਾਂ ਨੂੰ ਵੋਟ ਦੇਣ ਦਾ ਅਧਿਕਾਰ ਦੇ ਦਿੱਤਾ ਜਿਸ ਨੂੰ ਸਫ਼ੈਦ ਕ੍ਰਾਂਤੀ ਵਜੋਂ ਜਾਣਿਆ ਜਾਂਦਾ ਹੈ।

ਇਰਾਨ ਦਾ ਸ਼ਾਹ ਕਿਉਂਕਿ ਅਮਰੀਕਾ ਦਾ ਹਮਾਇਤੀ ਸੀ, ਇਸ ਲਈ ਇਰਾਨ ਵਿੱਚ ਆਇਤਉੱਲਾ ਰੂਹੋਲਾ ਖ਼ੁਮੈਨੀ ਵਰਗੇ ਲੋਕਾਂ ਨੇ ਇਹ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਅਮਰੀਕਾ ਇਰਾਨ ਨੂੰ ਰੂਸ ਖ਼ਿਲਾਫ ਅੱਡੇ ਵਜੋਂ ਵਰਤਣਾ ਚਾਹੁੰਦਾ ਹੈ। ਸ਼ਾਹ ਦੀਆਂ ਪੂੰਜੀਵਾਦੀ ਨੀਤੀਆਂ ਕਾਰਨ ਖੱਬੇ ਪੱਖੀ ਵਿਦਿਆਰਥੀ ਵਿੰਗ ਤਾਂ ਉਸ ਦੇ ਵਿਰੋਧ ਵਿੱਚ ਆਉਣੇ ਹੀ ਸਨ ਪਰ ਖ਼ੁਮੈਨੀ ਪੱਖੀ ਕੱਟੜ ਸ਼ੀਆ ਮੁਸਲਿਮ ਜਥੇਬੰਦੀਆਂ ਵੀ ਉਸ ਦੀਆਂ ਸਿੱਧੀਆਂ ਹੀ ਦੁਸ਼ਮਣ ਬਣ ਗਈਆਂ। ਰੂਹੋਲਾ ਖ਼ੁਮੈਨੀ ਦੀ ਤਕਰੀਰ ਬਹੁਤ ਪ੍ਰਭਾਵਸ਼ਾਲੀ ਸੀ ਅਤੇ ਉਸ ਦਾ ਮੁਲਕ ਦੇ ਨੌਜਵਾਨਾਂ, ਵਿਦਵਾਨਾਂ, ਚਿੰਤਕਾਂ ਅਤੇ ਆਮ ਲੋਕਾਂ ਉੱਤੇ ਬਹੁਤ ਤਕੜਾ ਪ੍ਰਭਾਵ ਸੀ। ਉਸ ਨੇ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਇਰਾਨ ਨੂੰ ਪੱਛਮੀ ਪ੍ਰਭਾਵ ਤੋਂ ਮੁਕਤ ਕਰ ਕੇ ਇਸਲਾਮੀ ਮੁਲਕ ਵਜੋਂ ਚਲਾਉਣ ਦੀ ਸਖ਼ਤ ਲੋੜ ਹੈ। ਖ਼ੁਮੈਨੀ ਨੂੰ ਬਹੁਤ ਸਾਰੇ ਵਿਦਿਆਰਥੀ ਸੰਗਠਨਾਂ ਦਾ ਵੀ ਸਾਥ ਮਿਲਿਆ ਹੋਇਆ ਸੀ।

ਹਾਲਾਤ ਇਹ ਬਣ ਗਏ ਕਿ ਪੁਲਿਸ ਨੇ ਤਕਰੀਬਨ 200 ਵਿਦਿਆਰਥੀਆਂ ਨੂੰ ਸਿੱਖਿਆ ਸੰਸਥਾਵਾਂ ਦੀਆਂ ਉੱਚੀਆਂ ਇਮਾਰਤਾਂ ਦੀਆਂ ਛੱਤਾਂ ਉੱਤੋਂ ਹੇਠਾਂ ਸੁੱਟ ਕੇ ਕਤਲ ਕਰ ਦਿੱਤਾ। ਅੰਤ 1979 ਵਿੱਚ ਇਸਲਾਮੀ ਕ੍ਰਾਂਤੀ ਦੇ ਸਫ਼ਲ ਹੋਣ ਨਾਲ ਸ਼ਾਹ ਦਾ ਤਖ਼ਤਾ ਪਲਟਾ ਦਿੱਤਾ ਗਿਆ ਅਤੇ ਰੂਹੋਲਾ ਖ਼ੁਮੈਨੀ ਨਾਇਕ ਵਜੋਂ ਸਾਹਮਣੇ ਆਇਆ। ਰੂਹੋਲਾ ਖ਼ੁਮੈਨੀ ਦਾ ਦਾਦਾ ਸਈਅਦ ਅਹਿਮਦ ਮੁਸਾਵੀ ਹਿੰਦੀ 1830 ਵਿੱਚ ਭਾਰਤ ਤੋਂ ਉਸ ਸਮੇਂ ਪਰਵਾਸ ਕਰ ਕੇ ਇਰਾਨ ਚਲਾ ਗਿਆ ਸੀ ਜਦੋਂ ਉਸ ਦੇ ਇਲਾਕੇ ਬਾਰਾਬੰਕੀ (ਉੱਤਰ ਪ੍ਰਦੇਸ਼) ਵਿੱਚ ਅਵਧ ਦੇ ਨਵਾਬ ਦਾ ਰਾਜ ਸੀ ਅਤੇ ਬਰਤਾਨਵੀ ਕਬਜ਼ਾ ਬਰੂਹਾਂ ਉੱਤੇ ਸੀ ਤੇ ਪੰਜਾਬ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਦਬਦਬਾ ਕਾਇਮ ਸੀ। ਉਹ ਇਰਾਨ ਦੇ ਖ਼ੁਮੈਨ ਇਲਾਕੇ ਵਿੱਚ ਵਸ ਗਿਆ ਜਿਸ ਕਰ ਕੇ ਉਸਦੇ ਵਾਰਸਾਂ ਨੇ ਆਪਣੇ ਨਾਮ ਨਾਲ ਹਿੰਦੀ ਦੀ ਥਾਂ ਖ਼ੁਮੈਨੀ ਲਗਾਉਣਾ ਸ਼ੁਰੂ ਕਰ ਦਿੱਤਾ।

ਸ਼ਾਹ ਦਾ ਸ਼ਾਸਨ ਖ਼ਤਮ ਹੋਣ ਨਾਲ ਖ਼ੁਮੈਨੀ ਦਾ ਕਾਰਜਕਾਲ ਸ਼ੁਰੂ ਹੋ ਗਿਆ। ਇਸ ਬਗ਼ਾਵਤ ਦੇ ਸਮੇਂ ਅਮਰੀਕਾ ਨੇ ਸ਼ਾਹ ਦੀ ਕੋਈ ਮਦਦ ਨਾ ਕੀਤੀ। ਕੁਝ ਵਿਸ਼ਲੇਸ਼ਕਾਂ ਦਾ ਤਾਂ ਇਹ ਵੀ ਮੰਨਣਾ ਹੈ ਕਿ ਇਹ ਸਾਰੀ ਸਾਜ਼ਿਸ਼ ਅਮਰੀਕਾ ਅਤੇ ਇੰਗਲੈਂਡ ਦੀ ਹੀ ਸੀ ਕਿਉਂਕਿ ਇਰਾਨ ਦਾ ਸ਼ਾਹ ਖਾੜੀ ਦੇ ਮੁਲਕਾਂ ਨੂੰ ਉਕਸਾ ਕੇ ਤੇਲ ਦਾ ਬੇਤਾਜ ਬਾਦਸ਼ਾਹ ਬਣਨ ਦੇ ਰਾਹ ਪੈ ਗਿਆ ਸੀ। ਬੀਬੀਸੀ ਦੀਆਂ ਕੁਝ ਰਿਪੋਰਟਾਂ ਤਾਂ ਇਹ ਵੀ ਕਹਿੰਦੀਆਂ ਹਨ ਕਿ ਰੂਹੋਲਾ ਖ਼ੁਮੈਨੀ ਪੂਰੀ ਤਰ੍ਹਾਂ ਤੱਤਕਾਲੀ ਅਮਰੀਕੀ ਰਾਸ਼ਟਰਪਤੀ ਜਿੰਮੀ ਕਾਰਟਰ ਨਾਲ ਸੰਪਰਕ ਵਿੱਚ ਸੀ। ਉਸ ਨੇ ਅਮਰੀਕਾ ਨੂੰ ਵਿਸ਼ਵਾਸ ਦਿਵਾਇਆ ਸੀ ਕਿ ਅਸੀਂ ਰੂਸ ਦੇ ਖ਼ਿਲਾਫ ਅਤੇ ਅਮਰੀਕਾ ਦੇ ਹੱਕ ਵਿੱਚ ਖੜ੍ਹਾਂਗੇ ਪਰ ਬਾਅਦ ਵਿੱਚ ਉਹ ਅਮਰੀਕਾ ਦਾ ਕੱਟੜ ਵਿਰੋਧੀ ਬਣ ਕੇ ਸਾਹਮਣੇ ਆਇਆ। ਉਸ ਦਾ ਪੁੱਤਰ ਅਤੇ ਅੱਜ ਦਾ ਇਰਾਨੀ ਸਰਵਉੱਚ ਆਗੂ ਆਇਤਉੱਲਾ ਅਲੀ ਖ਼ੁਮੈਨੀ ਅਜਿਹੀਆਂ ਰਿਪੋਰਟਾਂ ਨੂੰ ਝੂਠ ਦਾ ਪੁਲੰਦਾ ਦੱਸਦਾ ਹੈ।

ਇਰਾਨੀ ਸਰਵਉੱਚ ਆਗੂ (ਖ਼ੁਮੈਨੀ) ਭਾਵੇਂ ਮੁਲਕ ਦਾ ਰਾਸ਼ਟਰਪਤੀ ਨਹੀਂ ਹੁੰਦਾ ਹੈ ਪਰ ਉਹ ਰਾਸ਼ਟਰਪਤੀ ਤੋਂ ਵੱਧ ਤਾਕਤ ਰੱਖਦਾ ਹੈ। ਉਹ ਸਲਾਹਕਾਰ ਨਾ ਹੋ ਕੇ ਹੁਕਮਰਾਨ ਹੈ। ਦੇਸ਼ ਦਾ ਰਾਸ਼ਟਰਪਤੀ ਹੀ ਉਸ ਦਾ ਵਾਰਸ ਬਣ ਸਕਦਾ ਹੈ। ਤਾਕਤ ਮਿਲਣ ਤੋਂ ਪਹਿਲਾਂ ਤਾਂ ਰੂਹੋਲਾ ਖ਼ੁਮੈਨੀ ਲੋਕਤੰਤਰੀ ਰਾਜਨੀਤਕ ਢੰਗਾਂ ਦਾ ਹੀ ਸਮਰਥਨ ਕਰਦਾ ਸੀ ਪਰ ਬਾਅਦ ਵਿੱਚ ਉਸ ਨੇ ਆਪਣੇ ਉਹਨਾਂ ਸਾਥੀਆਂ ਦੇ ਪੱਲੇ ਨਿਰਾਸ਼ਾ ਹੀ ਪਾਈ ਜਿਹੜੇ ਬਹੁਤ ਉਮੀਦਾਂ ਲੈ ਕੇ ਉਸ ਨਾਲ ਤੁਰੇ ਸਨ। ਉਸ ਨੇ ਇਰਾਨ ਨੂੰ ਇਸਲਾਮੀ ਗਣਤੰਤਰ ਬਣਾ ਦਿੱਤਾ ਜਿਸ ਵਿੱਚ ਬਹੁਤ ਸਾਰੇ ਕੱਟੜ ਇਸਲਾਮੀ ਨਿਯਮ ਲਾਗੂ ਕਰ ਦਿੱਤੇ। ਔਰਤਾਂ ਦੇ ਹੱਕਾਂ ਬਾਰੇ ਜਿਹੜੀਆਂ ਗੱਲਾਂ ਉਹ 1979 ਤੋਂ ਪਹਿਲਾਂ ਕਰਦਾ ਸੀ, ਬਾਅਦ ਵਿੱਚ ਉਹ ਬਹੁਤੀਆਂ ਤੋਂ ਪਿੱਛੇ ਹਟ ਗਿਆ। ਫਿਰ 1980 ਤੋਂ 1988 ਤੱਕ ਇਰਾਨ ਅਤੇ ਇਰਾਕ ਦੀ ਜੰਗ ਹੋਈ ਜਿਸ ਦਾ ਨਤੀਜਾ ਕੁਝ ਵੀ ਨਾ ਨਿਕਲਿਆ ਪਰ ਦੋਹਾਂ ਮੁਲਕਾਂ ਦਾ ਵੱਡਾ ਆਰਥਿਕ ਅਤੇ ਜਾਨੀ ਨੁਕਸਾਨ ਜ਼ਰੂਰ ਹੋਇਆ। 1989 ਵਿੱਚ ਖ਼ੁਮੈਨੀ ਨੇ ਸਲਮਾਨ ਰਸ਼ਦੀ ਦੀ ਮੌਤ ਦਾ ਫ਼ਤਵਾ ਜਾਰੀ ਕਰ ਦਿੱਤਾ। ਰਸ਼ਦੀ ਭਾਰਤੀ-ਬਰਤਾਨਵੀ ਲੇਖਕ ਹੈ ਜਿਸ ਨੇ 'ਸ਼ੈਤਾਨ ਦੀਆਂ ਆਇਤਾਂ' ਨਾਮਕ ਕਿਤਾਬ ਲਿਖੀ ਸੀ।

ਇਸ ਸਭ ਦੇ ਬਾਵਜੂਦ ਇਰਾਨ ਨੇ ਵੱਡੀ ਫ਼ੌਜੀ ਤਾਕਤ ਬਣਨ ਵਿੱਚ ਕਮਾਲ ਦੀ ਤੇਜ਼ੀ ਦਿਖਾਈ ਹੈ। 1980 ਵਿੱਚ ਇਰਾਨ-ਇਰਾਕ ਯੁੱਧ ਦੀ ਸ਼ੁਰੂਆਤ ਦੌਰਾਨ ਇਰਾਨੀ ਤੋਪਖਾਨੇ ਦੀ ਮਾਰ ਕੇਵਲ 35 ਕਿਲੋਮੀਟਰ ਤੱਕ ਸੀ ਪਰ ਅੱਜ ਉਸ ਦੀਆਂ ਮਿਜ਼ਾਈਲਾਂ 400 ਸਕਿੰਟਾਂ (ਲਗਭਗ 7 ਮਿੰਟਾਂ) ਵਿੱਚ ਇਜ਼ਰਾਈਲ ਤੱਕ (ਲਗਭਗ 1600 ਕਿਲੋਮੀਟਰ) ਪਹੁੰਚ ਸਕਦੀਆਂ ਹਨ। ਪੱਛਮੀ ਇਰਾਨ ਵਿੱਚ ਮਿਜ਼ਾਈਲਾਂ ਦੇ ਜ਼ਮੀਨਦੋਜ਼ ਅੱਡੇ ਬਣਾਏ ਗਏ ਹਨ ਜਿਨ੍ਹਾਂ ਨੂੰ ਮਿਜ਼ਾਈਲ ਸਿਟੀ ਕਿਹਾ ਜਾਂਦਾ ਹੈ।

ਮੰਨਿਆ ਜਾਂਦਾ ਹੈ ਕਿ ਇਰਾਨ ਨੇ ਮਿਜ਼ਾਈਲ ਅਤੇ ਨਿਊਕਲੀਅਰ ਤਕਨੀਕਾਂ ਰੂਸ, ਚੀਨ, ਉੱਤਰੀ ਕੋਰੀਆ, ਚੀਨ ਅਤੇ ਪਾਕਿਸਤਾਨ ਵਰਗੇ ਮੁਲਕਾਂ ਤੋਂ ਪ੍ਰਾਪਤ ਕੀਤੀਆਂ ਹਨ। ਹੁਣੇ 5 ਅਕਤੂਬਰ ਨੂੰ ਇਰਾਨ ਵਿੱਚ ਆਏ ਭੂਚਾਲ ਬਾਰੇ ਵੀ ਸ਼ੱਕ ਹੈ ਕਿ ਅਸਲ ਵਿੱਚ ਇਰਾਨ ਨੇ ਐਟਮ ਬੰਬ ਦਾ ਤਜਰਬਾ ਕੀਤਾ ਸੀ ਜਿਸ ਕਰ ਕੇ ਧਰਤੀ ਹਿੱਲੀ ਸੀ।

ਇਰਾਨ ਨੂੰ ਜੰਗਬਾਜ਼ ਮੁਲਕ ਵਜੋਂ ਪੇਸ਼ ਕਰਨ ਪਿੱਛੇ ਖ਼ੁਮੈਨੀ ਦੀ ਮਜਬੂਰੀ ਵੀ ਝਲਕਦੀ ਹੈ। ਅਸਲ ਵਿੱਚ ਉਸ ਦਾ ਆਮ ਜਨਤਾ ਵਿੱਚ ਆਧਾਰ ਬੁਰੀ ਤਰ੍ਹਾਂ ਘਟ ਰਿਹਾ ਹੈ। ਉਦਾਹਰਨ ਦੇ ਤੌਰ 'ਤੇ 40 ਸਾਲ ਪਹਿਲਾਂ ਦੇ ਨੌਜਵਾਨ ਉਸ ਦੇ ਪਿਤਾ ਰੂਹੋਲਾ ਖ਼ੁਮੈਨੀ ਦੀ ਤਸਵੀਰ ਨੂੰ ਨਾਇਕ ਵਜੋਂ ਲੈ ਕੇ ਘੁੰਮਦੇ ਸਨ ਪਰ ਅੱਜ ਦੇ ਨੌਜਵਾਨ ਖ਼ੁਮੈਨੀ ਦੀ ਤਸਵੀਰ ਨੂੰ ਅੱਗ ਨਾਲ ਸਾੜਦੇ ਜਾਂ ਪੈਰਾਂ ਹੇਠ ਮਧੋਲਦੇ ਆਮ ਹੀ ਸੋਸ਼ਲ ਮੀਡੀਆ ਵਿੱਚ ਨਜ਼ਰ ਆਉਂਦੇ ਹਨ। ਉਸ ਨੇ ਔਰਤਾਂ, ਮੱਧ ਵਰਗ ਅਤੇ ਗ਼ਰੀਬਾਂ ਨਾਲ ਜੋ ਵਾਅਦੇ ਕੀਤੇ ਸਨ, ਉਹ ਅੱਜ ਤੱਕ ਵੀ ਪੂਰੇ ਨਹੀਂ ਹੋ ਸਕੇ। ਫ਼ੌਜੀ ਖ਼ਰਚ ਨੂੰ ਘਟਾਉਣ ਦਾ ਵਾਅਦਾ ਕਰ ਕੇ ਉਲਟਾ ਕਈ ਗੁਣਾ ਵਧਾ ਦਿੱਤਾ ਹੈ। ਇਸ ਤਰ੍ਹਾਂ ਅੱਜ ਖ਼ੁਮੈਨੀ ਨੂੰ ਆਮ ਜਨਤਾ ਨੂੰ ਨਾਲ ਤੋਰਨ ਲਈ ਅਮਰੀਕਾ ਅਤੇ ਇਜ਼ਰਾਈਲ ਦੇ ਖ਼ਿਲਾਫ ਨਾਇਕ ਵਜੋਂ ਪੇਸ਼ ਹੋਣ ਦੀ ਮਜਬੂਰੀ ਹੈ ਪ੍ਰੰਤੂ ਉਸ ਦੀ ਇਹ ਯੋਜਨਾ ਸਫ਼ਲ ਹੁੰਦੀ ਹੈ ਜਾਂ ਨਹੀਂ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।



# ਸਵੈ-ਇੱਛਤ ਗ਼ੁਲਾਮ

**ਲੇਖਕ : ਗੁਰਦੀਪ ਜੌਹਲ**
**ਸੰਪਰਕ:** 98153-02809

ਉੱਤਰੀ ਅਮਰੀਕਾ ਵਿੱਚ ਜਦੋਂ ਗ਼ੁਲਾਮਦਾਰੀ ਯੁੱਗ ਸੀ, ਗੋਰੇ ਹਾਕਮ ਅਫਰੀਕਾ ਦੇ ਮੁਲਕਾਂ ਵਿੱਚੋਂ ਰਿਸ਼ਟ-ਪੁਸ਼ਟ ਆਦਮੀ/ਔਰਤਾਂ ਨੂੰ ਕਈ ਤਰ੍ਹਾਂ ਦੇ ਲਾਲਚ ਦੇ ਕੇ ਧੋਖੇ ਨਾਲ ਅਮਰੀਕਾ ਲੈ ਆਉਂਦੇ ਸਨ ਤੇ ਉਨ੍ਹਾਂ ਨੂੰ ਗ਼ੁਲਾਮ ਬਣਾ ਲਿਆ ਜਾਂਦਾ ਸੀ; ਉਨ੍ਹਾਂ ਤੋਂ ਪਸ਼ੂਆਂ ਤੋਂ ਵੀ ਵੱਧ ਕੰਮ ਲਿਆ ਜਾਂਦਾ ਸੀ। ਉਨ੍ਹਾਂ ਦੀ ਖਰੀਦ ਲਈ ਬਾਕਾਇਦਾ ਮੰਡੀ ਲੱਗਦੀ ਜਿੱਥੇ ਉਨ੍ਹਾਂ ਦੀ ਸਰੀਰਕ ਬਣਤਰ (ਤਾਕਤ) ਅਨੁਸਾਰ ਮੁੱਲ ਤੈਅ ਹੁੰਦਾ। ਜਦ ਖਰੀਦਦਾਰ ਵੱਧ ਹੋਣ ਤੇ ਗੁਲਾਮ ਲੋੜ ਤੋਂ ਘੱਟ ਤਾਂ ਬੋਲੀ ਲਾਈ ਜਾਂਦੀ। ਇਹ ਵਰਤਾਰਾ ਉਦੋਂ ਇੱਕ ਤਰ੍ਹਾਂ ਨਾਲ ਮਾਨਤਾ ਪ੍ਰਾਪਤ ਹੀ ਸੀ। ਗ਼ੁਲਾਮਾਂ ਦੀ ਕੋਈ ਪੁੱਛ-ਪ੍ਰਤੀਤ ਨਹੀਂ ਸੀ।

ਇਹ ਵਰਤਾਰਾ ਸਦਰ ਅਬਰਾਹਮ ਲਿੰਕਨ ਦੇ ਸਮੇਂ ਤੱਕ ਚਲਦਾ ਰਿਹਾ ਜਿਸ ਦੀ ਕੀਮਤ ਲਿੰਕਨ ਨੂੰ ਆਪਣੀ ਜਾਨ ਦੇ ਕੇ ਚੁਕਾਉਣੀ ਪਈ। ਇਹ ਪ੍ਰਥਾ ਅਮਰੀਕਾ ਦੇ ਰਾਸ਼ਟਰਪਤੀ ਦੇ ਕਤਲ ਦੇ ਰੂਪ ਵਿੱਚ ਖ਼ਤਮ ਹੋਈ।

ਹੁਣ ਜਿਨ੍ਹਾਂ ਅਸੀਂ ਸਿਆਹਫ਼ਾਮ (ਕਾਲੇ) ਕਹਿੰਦੇ ਹਾਂ, ਉਹ ਅੱਜ ਵੀ ਅਸਿੱਧੇ ਰੂਪ ਵਿੱਚ ਗ਼ੁਲਾਮ ਹੀ ਹਨ। ਦਿਮਾਗੀ ਤੌਰ 'ਤੇ ਉਹ ਇਹ ਗੱਲ ਕਦੇ ਵੀ ਨਹੀਂ ਭੁੱਲ ਸਕਦੇ ਕਿ ਉਨ੍ਹਾਂ ਦੇ ਵਡੇਰਿਆਂ ਨੂੰ ਸੰਗਲਾਂ ਨਾਲ ਨੂੜ ਕੇ ਅਮਰੀਕਾ ਵਿਚ ਲਿਆਂਦਾ ਗਿਆ ਸੀ। ... ਤੇ ਅਸੀਂ ਪੰਜਾਬੀ ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਜੱਟ ਸ਼ਾਮਲ ਹਨ, ਅੱਜ ਦੇ ਯੁੱਗ ਵਿੱਚ ਆਪਣੇ ਘਰ ਬਾਰ/ਜ਼ਮੀਨ-ਜਾਇਦਾਦਾਂ ਵੇਚ ਕੇ ਪੱਲਿਓਂ 50000 ਡਾਲਰ ਦੇ ਕੇ ਅਮਰੀਕਾ/ਕੈਨੇਡਾ ਆਦਿ ਮੁਲਕਾਂ ਵਿੱਚ ਸਵੈ-ਇੱਛਾ ਨਾਲ ਗ਼ੁਲਾਮ ਹੋਣ ਲਈ ਝਟਾਮ-ਝੀਟਾ ਹੋ ਰਹੇ ਹਾਂ। ਜਦ ਇਹ ਗੱਲ ਕਾਲਿਆਂ ਨੂੰ ਪਤਾ ਲੱਗਦੀ ਹੈ ਤਾਂ ਉਹ ਦਿਲ ਵਿੱਚ ਸਾਡੇ ਬਾਰੇ ਕੀ ਸੋਚਦੇ ਹੋਣਗੇ, ਉਸ ਦਾ ਅੰਦਾਜ਼ਾ ਕੋਈ ਵੀ ਲਗਾ ਸਕਦਾ ਹੈ।

ਸਵੈ-ਇੱਛਾ ਨਾਲ ਬਣੇ ਪੰਜਾਬੀ ਗ਼ੁਲਾਮਾਂ ਨੂੰ ਤਾਂ ਖੁਦ ਲਈ ਖਾਣ ਨੂੰ ਰੋਟੀ ਤੱਕ ਵੀ ਬਣਾਉਣੀ ਨਹੀਂ ਆਉਂਦੀ ਹੁੰਦੀ। ਕੋਈ ਵੀ ਕੰਮ ਦੀ ਮੁਹਾਰਤ ਨਹੀਂ ਹੁੰਦੀ; ਕੰਮ ਭਾਵੇਂ ਸਫਾਈ ਦਾ ਹੋਵੇ, ਖਾਣਾ ਬਣਾਉਣ ਦਾ ਹੋਵੇ, ਫੱਟੇ/ਭਾਰ ਚੁੱਕਣ ਦਾ ਹੋਵੇ, ਮਸ਼ੀਨਰੀ ਚਲਾਉਣ ਦਾ ਹੋਵੇ, ਡੰਗਰਾਂ ਨੂੰ ਪੱਠੇ ਪਾਉਣ ਦਾ ਜਾਂ ਹੋਰ ਵੀ ਕੋਈ; ਕੰਮ ਦੇ ਤਜਰਬੇ ਤੋਂ ਬਿਲਕੁਲ ਕੋਰੇ ਹੁੰਦੇ ਹਨ।

ਪੰਜਾਬੀ ਸਵੈ-ਇੱਛਤ ਗ਼ੁਲਾਮਾਂ ਦੀ ਉਨ੍ਹਾਂ ਦੇ ਮਾਲਕ ਭਾਵੇਂ ਗੋਰੇ ਹੋਣ ਜਾਂ ਦੇਸੀ, ਰੱਜ ਕੇ ਲੁੱਟ ਕਰਦੇ ਹਨ। ਕੋਈ ਫ਼ਰਿਆਦ ਨਹੀਂ ਹੈ ਇਨ੍ਹਾਂ ਗ਼ੁਲਾਮਾਂ ਦੀ। ਇਨ੍ਹਾਂ ਦਾ ਆਪਸ ਵਿੱਚ ਏਕਾ ਵੀ ਨਹੀਂ ਹੈ, ਮੌਕਾਪ੍ਰਸਤੀ ਇਹ ਛੱਡ ਨਹੀਂ ਸਕਦੇ, ਹਮੇਸ਼ਾ ਦਾਅ ਲਾਉਣ ਦੇ ਮੌਕੇ ਦੀ ਤਲਾਸ਼ ਵਿਚ ਰਹਿੰਦੇ ਹਨ। ਅੱਡੀਆਂ ਚੁੱਕ ਕੇ ਫਾਹਾ ਲੈਣ ਵਾਲੇ ਗ਼ੁਲਾਮਾਂ ਦੀ ਕੋਈ ਦੂਸਰਾ ਦਿਲੋਂ ਚਾਹੁੰਦਿਆਂ ਹੋਇਆਂ ਵੀ ਮਦਦ ਨਹੀਂ ਕਰ ਸਕਦਾ।

ਇਹ ਅਮਰੀਕਾ ਵਿੱਚ ਮੁੱਖ ਤੌਰ 'ਤੇ ਦੋ ਨੰਬਰ ਵਿੱਚ ਬਾਰਡਰ ਟੱਪ ਕੇ ਪਹੁੰਚਦੇ ਹਨ ਅਤੇ ਕੈਨੇਡਾ ਵਿੱਚ ਪੱਲਿਓਂ 50000 ਡਾਲਰ ਸਰਕਾਰ ਨੂੰ ਪੂਜ ਕੇ ਪਹੁੰਚਦੇ ਹਨ। ਦੋਹਾਂ ਮੁਲਕਾਂ ਵਿੱਚ ਸਵੈ-ਇੱਛਤ ਗ਼ੁਲਾਮਾਂ ਦੀ ਹਾਲਤ ਵਿੱਚ ਕੋਈ ਸਿਫ਼ਤੀ ਫ਼ਰਕ ਨਹੀਂ ਹੈ।

ਦੇਖਿਆ ਜਾਵੇ ਤਾਂ ਕਾਲੇ ਸਾਡੇ ਨਾਲੋਂ ਬਹੁਤ ਬਿਹਤਰ ਹਨ। ਉਨ੍ਹਾਂ ਅੰਦਰ ਫੁਕਰਾਪਨ ਨਾ-ਮਾਤਰ ਹੈ ਪਰ ਪੰਜਾਬੀਆਂ ਵਿੱਚ ਫੁਕਰਾਪਨ ਕੁੱਟ-ਕੁੱਟ ਕੇ ਭਰਿਆ ਹੋਇਆ ਹੈ।

ਆਪਣੇ ਇਤਿਹਾਸ ਦੀਆਂ ਝੂਠੀਆਂ ਫੜ੍ਹਾਂ ਮਾਰਨੀਆਂ ਪੰਜਾਬੀਆਂ ਦਾ ਸੁਭਾਅ ਬਣ ਚੁੱਕਿਆ ਹੈ। ਇੱਥੇ ਧਾਰਮਿਕ ਸਥਾਨ ਵੀ ਦੁਕਾਨਾਂ ਵਾਂਗ ਚਲਾਏ ਜਾ ਰਹੇ ਹਨ। ਹਰ ਦੁਕਾਨ ਵਾਂਗ ਰੇਟ ਲਿਸਟਾਂ ਕੰਧਾਂ 'ਤੇ ਲਾਈਆਂ ਹੋਈਆਂ ਹਨ। ਇਕੱਲੇ-ਇਕੱਲੇ ਪਾਠ ਬਗੈਰਾ ਦਾ ਰੇਟ ਦਰਜ ਹੈ। ਹੁਣ ਤਾਂ ਕਈ 'ਦੁਕਾਨਾਂ' ਵਾਲਿਆਂ ਨੇ ਰੇਟ ਲਿਸਟਾਂ ਇੰਟਰਨੈਟ 'ਤੇ ਵੀ ਪਾ ਦਿੱਤੀਆਂ ਹਨ।

ਸਵੈ-ਇੱਛਤ ਗ਼ੁਲਾਮਾਂ ਨੂੰ ਕੈਨੇਡਾ/ਅਮਰੀਕਾ ਪਹੁੰਚਾਉਣ ਦਾ ਕੰਮ ਧੜੱਲੇ ਨਾਲ ਗਾਇਕ, ਕਲਾਕਾਰ, ਢਾਡੀ, ਰਾਗੀ, ਕਥਾਕਾਰ, ਡੇਰਿਆਂ ਦੇ ਬਾਬੇ ਇਤਿਆਦਿ ਸਭ ਕਰਦੇ ਰਹੇ ਹਨ; ਹੁਣ ਵੀ ਕਰਦੇ ਹਨ। ਰਹਿੰਦੀ ਖੂੰਹਦੀ ਕਸਰ ਖੱਬੇ ਪੱਖ ਦੇ ਹਰ ਕਿਸਮ ਦੇ ਨੇਤਾਵਾਂ ਨੇ ਆਪਣੇ ਬੱਚੇ ਇਸ ਰਾਹ ਤੋਰ ਕੇ ਸਮਾਜ ਵਿੱਚ ਆਪਣਾ ਮਖੌਟਾ ਵੀ ਉਤਾਰ ਦਿੱਤਾ ਹੈ।

ਹੱਦ ਹੀ ਹੋ ਗਈ ਹੈ।... ਕੀ ਸਵੈ-ਇੱਛਤ ਗ਼ੁਲਾਮਾਂ ਨੂੰ ਕਦੀ ਸਮੱਤ ਆਵੇਗੀ!?

# ਪੰਜਾਬ ਵਿੱਚ ਬਾਇਓ ਗੈਸ ਫੈਕਟਰੀਆਂ ਦਾ ਘਾਤਕ ਵਰਤਾਰਾ

ਲੇਖਕ : ਕੰਵਲਜੀਤ ਖੰਨਾ
ਸੰਪਰਕ: 94170-67344



ਲੁਧਿਆਣਾ ਜ਼ਿਲ੍ਹੇ ਦੀਆਂ ਚਾਰ ਥਾਵਾਂ 'ਤੇ ਲੋਕ ਚਾਰ-ਚਾਰ ਛੇ-ਛੇ ਮਹੀਨਿਆਂ ਤੋਂ ਧਰਨੇ 'ਤੇ ਬੈਠੇ ਹਨ। ਲੁਧਿਆਣਾ ਜ਼ਿਲ੍ਹੇ ਦੇ ਚਾਰ ਵੱਡੇ ਪਿੰਡਾਂ ਅਖਾੜਾ, ਭੂੰਦੜੀ (ਜਗਰਾਓਂ ਤਹਿਸੀਲ), ਮੁਸ਼ਕਾਬਾਦ (ਸਮਰਾਲਾ ਤਹਿਸੀਲ) ਤੇ ਘੁੰਗਰਾਲੀ ਰਾਜਪੂਤਾਂ (ਖੰਨਾ ਤਹਿਸੀਲ) ਵਿੱਚ ਸੀਬੀਜੀ (ਕੰਪਰੈਸਡ ਬਾਇਓਗੈਸ) ਫੈਕਟਰੀਆਂ ਲਗਾਈਆਂ ਜਾ ਰਹੀਆਂ ਹਨ। ਇਨ੍ਹਾਂ ਵਿੱਚੋਂ ਪਹਿਲੀਆਂ ਤਿੰਨ ਥਾਵਾਂ 'ਤੇ ਇਹ ਪਲਾਂਟ ਉਸਾਰੀ ਅਧੀਨ ਹਨ ਤੇ ਅਜੇ ਚਾਰ-ਦੀਵਾਰੀ ਹੀ ਹੋਈ ਹੈ। ਘੁੰਗਰਾਲੀ ਰਾਜਪੂਤਾਂ ਵਿੱਚ ਦੋ ਸਾਲ ਤੋਂ ਇਹ ਫੈਕਟਰੀ ਚੱਲ ਰਹੀ ਹੈ। ਇਹ ਫੈਕਟਰੀਆਂ ਚਾਲੀ ਤੋਂ ਸੱਤਰ ਫ਼ੀਸਦੀ ਸਰਕਾਰੀ ਸਬਸਿਡੀ ਨਾਲ ਲੱਗੀਆਂ ਜਾਂ ਲੱਗ ਰਹੀਆਂ ਹਨ। ਮੁੱਦਾ ਉਸ ਸਮੇਂ ਭਖਿਆ ਜਦੋਂ ਇਸ ਫੈਕਟਰੀ ਤੋਂ ਤੰਗ ਆਏ ਘੁੰਗਰਾਲੀ ਰਾਜਪੂਤਾਂ ਅਤੇ ਆਲੇ ਦੁਆਲੇ ਦੇ ਅੱਧੀ ਦਰਜਨ ਪਿੰਡਾਂ ਦੇ ਲੋਕਾਂ ਨੇ ਫੈਕਟਰੀ ਦਾ ਵਿਰੋਧ ਸ਼ੁਰੂ ਕੀਤਾ। ਗਰੀਨ ਜ਼ੋਨ 'ਚ ਲੱਗੀ ਫੈਕਟਰੀ 'ਚੋਂ ਨਿੱਕਲਦੀ ਬਦਬੂ ਦੇ ਸਤਾਏ ਲੋਕ ਵਿਰੋਧ ਵਿੱਚ ਨਿੱਤਰ ਆਏ। ਬਾਕੀ ਥਾਵਾਂ 'ਤੇ ਲੱਗ ਰਹੀਆਂ ਫੈਕਟਰੀਆਂ ਵਾਲੇ ਪਿੰਡਾਂ ਨੇ ਜਦੋਂ ਇਸ ਫੈਕਟਰੀ ਬਾਰੇ ਅਖ਼ਬਾਰੀ ਰਿਪੋਰਟਾਂ ਪੜ੍ਹੀਆਂ ਤਾਂ ਉਨ੍ਹਾਂ ਇਸ ਪਿੰਡ 'ਚ ਜਾ ਕੇ ਪੜਤਾਲ ਕੀਤੀ ਕਿ ਬਦਬੂ ਕਾਰਨ ਲੋਕਾਂ ਦਾ ਜਿਊਣਾ ਮੁਸ਼ਕਿਲ ਹੋਇਆ ਪਿਆ ਹੈ। ਖੇਡਾਂ ਦੇ ਖੇਤਰ 'ਚ ਨਾਮਣਾ ਖੱਟ ਚੁੱਕਾ ਇਹ ਪਿੰਡ ਹੁਣ ਫੈਕਟਰੀ ਦੀ ਗੰਦੀ ਖੇਡ ਦਾ ਸ਼ਿਕਾਰ ਹੈ। ਬਦਬੂ ਕਾਰਨ ਬੱਚੇ ਸਕੂਲ 'ਚ ਬੇਹੋਸ਼ ਤੱਕ ਹੋ ਜਾਂਦੇ ਸਨ। ਚਮੜੀ ਰੋਗ ਫੈਲ ਰਿਹਾ ਹੈ। ਫੈਕਟਰੀ ਦਾ ਗੰਦਾ ਪਾਣੀ ਜ਼ਮੀਨ ਦਾ ਉਪਜਾਊਪੁਣਾ ਖ਼ਤਮ ਕਰ ਰਿਹਾ ਹੈ। ਇਨ੍ਹਾਂ ਹਾਲਾਤ ਕਾਰਨ ਪ੍ਰਾਹੁਣੇ ਪਿੰਡ ਆਉਣ ਤੋਂ ਕਤਰਾਉਣ ਲੱਗੇ। ਇਹ ਸਭ ਦੇਖ ਕੇ ਬਾਕੀ ਥਾਵਾਂ 'ਤੇ ਲੱਗ ਰਹੀਆਂ ਫੈਕਟਰੀਆਂ ਵਾਲੇ ਪਿੰਡਾਂ ਵਿੱਚ ਲੋਕਾਂ ਦਾ ਗੁੱਸਾ ਜ਼ਰਬ ਖਾ ਗਿਆ। ਘੁੰਗਰਾਲੀ ਸਮੇਤ ਸਾਰੀਆਂ ਥਾਵਾਂ 'ਤੇ ਫੈਕਟਰੀ ਗੇਟਾਂ 'ਤੇ ਧਰਨੇ ਸ਼ੁਰੂ ਹੋ ਗਏ। ਪਹਿਲਕਦਮੀ ਭੂੰਦੜੀ ਪਿੰਡ ਦੇ ਲੋਕਾਂ ਨੇ ਕੀਤੀ। ਫਿਰ ਇਨ੍ਹਾਂ ਚਾਰ ਪਿੰਡਾਂ ਦੀਆਂ ਸੰਘਰਸ਼ ਕਮੇਟੀਆਂ ਨੇ ਸਿਰ ਜੋੜੇ। ਅਖਾੜਾ ਤੇ ਭੂੰਦੜੀ ਪਿੰਡਾਂ ਨੇ ਐਤਕੀਂ ਲੋਕ ਸਭਾ ਚੋਣਾਂ ਦੌਰਾਨ ਵੋਟਾਂ ਦਾ ਮੁਕੰਮਲ ਬਾਈਕਾਟ ਕੀਤਾ।

ਸੰਘਰਸ਼ ਤਾਲਮੇਲ ਕਮੇਟੀ ਦੇ ਸੱਦੇ 'ਤੇ 11 ਜੂਨ 2024 ਨੂੰ ਲੁਧਿਆਣਾ ਡੀਸੀ ਦਫ਼ਤਰ ਸਾਹਮਣੇ ਜੀਟੀ ਰੋਡ 'ਤੇ ਇਨ੍ਹਾਂ ਪਿੰਡਾਂ ਦੇ ਦੋ ਹਜ਼ਾਰ ਦੇ ਕਰੀਬ ਲੋਕਾਂ ਨੇ ਧਰਨਾ ਦੇ ਕੇ ਫੈਕਟਰੀਆਂ ਪੱਕੇ ਤੌਰ 'ਤੇ ਬੰਦ ਕਰਨ ਦੀ ਮੰਗ ਕੀਤੀ। ਡੀਸੀ ਲੁਧਿਆਣਾ ਨਾਲ ਹੋਈ ਮੀਟਿੰਗ ਵਿੱਚ ਸਮੁੱਚੇ ਮਾਮਲੇ ਦੀ ਪੜਤਾਲ ਲਈ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਦੀ ਪੜਤਾਲੀਆ ਕਮੇਟੀ ਬਣਾ ਕੇ ਹਫ਼ਤੇ ਵਿੱਚ ਰਿਪੋਰਟ ਦੇਣ ਦਾ ਭਰੋਸਾ ਦਿੱਤਾ ਪਰ ਇਹ ਪੜਤਾਲ ਚਾਰ-ਪੰਜ ਵਾਰ ਡੀਸੀ ਨੂੰ ਮਿਲਣ ਤੋਂ ਬਾਅਦ ਹੀ ਸਿਰੇ ਲੱਗੀ। ਤਾਲਮੇਲ ਕਮੇਟੀ ਨੇ ਮੁੱਦੇ 'ਤੇ ਵਿਚਾਰ ਕਰਨ ਅਤੇ ਹੱਲ ਕੱਢਣ ਲਈ ਮੁੱਖ ਮੰਤਰੀ ਨਾਲ ਮੀਟਿੰਗ ਦੀ ਮੰਗ ਕੀਤੀ ਪਰ ਸਰਕਾਰ ਦੀਆਂ ਦੋਵਾਂ ਮੀਟਿੰਗਾਂ ਵਿੱਚ ਮੁੱਖ ਸਕੱਤਰ ਅਤੇ ਸਰਕਾਰੀ ਅਧਿਕਾਰੀ ਹਾਜ਼ਰ ਹੁੰਦੇ ਰਹੇ। ਦੋਵਾਂ ਮੀਟਿੰਗਾਂ ਵਿੱਚ ਤਾਲਮੇਲ ਕਮੇਟੀ ਨੇ ਤੱਥਾਂ ਤੇ ਦਲੀਲਾਂ ਨਾਲ ਸਾਬਤ ਕਰ ਦਿੱਤਾ ਕਿ ਫੈਕਟਰੀਆਂ ਅਸਲ ਵਿੱਚ ਕੈਂਸਰ ਪੈਦਾ ਕਰਨ ਵਾਲੀਆਂ ਫੈਕਟਰੀਆਂ ਹਨ ਜਿਸ ਨਾਲ ਸਿਹਤ ਤੇ ਵਾਤਾਵਰਨ ਸਿੱਧੇ ਤੌਰ 'ਤੇ ਪ੍ਰਭਾਵਿਤ ਹੋਣਗੇ।

ਇਸ ਤੋਂ ਬਾਅਦ ਪੰਜਾਬ ਭਵਨ 'ਚ 11 ਅਤੇ 21 ਸਤੰਬਰ ਨੂੰ ਪਹਿਲੇ ਦੌਰ ਦੀ ਪੰਜਾਬ ਸਰਕਾਰ ਦੇ ਚਾਰ ਮੰਤਰੀਆਂ ਤੇ ਫਿਰ ਦੂਜੇ ਦੌਰ ਦੀ ਦੋ ਮੰਤਰੀਆਂ ਅਮਨ ਅਰੋੜਾ ਅਤੇ ਹਰਪਾਲ ਸਿੰਘ ਚੀਮਾ ਨਾਲ ਹੋਈ ਮੀਟਿੰਗ ਵਿੱਚ ਸਰਕਾਰੀ ਮਾਹਿਰਾਂ ਨੂੰ ਮੰਨਣਾ ਪਿਆ ਕਿ ਇਨ੍ਹਾਂ ਫੈਕਟਰੀਆਂ ਦਾ ਗੰਦਾ ਪਾਣੀ ਧਰਤੀ ਹੇਠਲੇ ਪਾਣੀ 'ਚ ਰਲ ਕੇ ਗੰਭੀਰ ਬਿਮਾਰੀਆਂ ਪੈਦਾ ਕਰੇਗਾ। ਸੰਘਰਸ਼ ਕਮੇਟੀ ਨੇ ਵਿਦੇਸ਼ੀ ਮਾਹਿਰਾਂ ਦੇ ਖੋਜ ਪੱਤਰਾਂ ਦੇ ਹਵਾਲਿਆਂ ਨਾਲ ਸਾਬਤ ਕੀਤਾ ਕਿ ਇਸ ਤਕਨੀਕ ਉਤੇ ਯੂਰੋਪੀਅਨ ਮੁਲਕਾਂ ਵਿਚ ਪਾਬੰਦੀ ਹੈ। ਇਸੇ ਦੌਰਾਨ ਪੰਜਾਬ ਸਰਕਾਰ ਵੱਲੋਂ 19 ਸਤੰਬਰ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ 'ਚ ਸੱਦੀ ਵਿਸ਼ੇਸ਼ ਮੀਟਿੰਗ ਵਿੱਚ ਵੀ ਦੋਹਾਂ ਧਿਰਾਂ ਦਰਮਿਆਨ ਲਗਾਤਾਰ ਛੇ ਘੰਟੇ ਬਹਿਸ-ਵਿਚਾਰ ਹੋਈ। ਸਾਰੀਆਂ ਮੀਟਿੰਗਾਂ ਵਿੱਚ ਸਰਕਾਰ ਨੂੰ ਮੰਨਣਾ ਪਿਆ ਕਿ ਘੁੰਗਰਾਲੀ ਰਾਜਪੂਤਾਂ ਫੈਕਟਰੀ 'ਚ ਪਿਛਲੇ ਦੋ ਸਾਲਾਂ ਦੇ ਅਮਲ ਦੌਰਾਨ ਨਿਯਮਾਂ ਦੀ ਪਾਲਣਾ ਨਹੀਂ ਹੋਈ; ਸਿਰਫ਼ ਪਰਾਲੀ ਤੇ ਨੈਪੀਅਰ ਘਾਹ ਵਰਤਣ ਲਈ ਅਧਿਕਾਰਤ ਘੁੰਗਰਾਲੀ ਰਾਜਪੂਤਾਂ ਫੈਕਟਰੀ 'ਚ ਗੰਨੇ ਦੀ ਰਹਿੰਦ-ਖੂੰਹਦ ਵਰਤੀ ਜਾ ਰਹੀ ਹੈ ਜੋ ਬਦਬੂ ਦਾ ਮੁੱਖ ਕਾਰਨ ਹੈ। ਉਸ ਸਮੇਂ ਤੱਕ ਵੀ ਟਨਾਂ ਦੇ ਹਿਸਾਬ ਨਾਲ ਗੰਨੇ ਦੀ ਰਹਿੰਦ-ਖੂੰਹਦ ਫੈਕਟਰੀ 'ਚ ਪਈ ਸੀ। ਅੰਤਿਮ ਮੀਟਿੰਗ 'ਚ ਨਵੇਂ ਆਏ ਡੀਸੀ ਅਤੇ ਮੰਤਰੀਆਂ ਨੇ ਫੈਕਟਰੀ ਦੇ ਨੁਕਸ ਦੂਰ ਕਰਨ ਲਈ ਲੋਕ ਦਬਾਅ ਕਾਰਨ ਬੰਦ ਪਈ ਫੈਕਟਰੀ ਨੂੰ ਦੁਬਾਰਾ ਅਜ਼ਮਾਇਸ਼ ਦੇ ਤੌਰ 'ਤੇ ਚਲਾਉਣ ਦੀ ਰਜ਼ਾਮੰਦੀ ਮੰਗੀ ਜਿਸ ਨੂੰ ਵਫ਼ਦ ਨੇ ਨਕਾਰ ਦਿੱਤਾ।

ਮੀਟਿੰਗਾਂ ਵਿੱਚ ਸੰਘਰਸ਼ ਤਾਲਮੇਲ ਕਮੇਟੀ ਨੇ ਸਪੱਸ਼ਟ ਕੀਤਾ ਕਿ ਇਹ ਵਿਕਾਸ ਦੇ ਉਲਟ ਨਹੀਂ ਪਰ ਵਿਕਾਸ ਦੇ ਨਾਂ 'ਤੇ ਮਨੁੱਖੀ ਤਬਾਹੀ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਝੋਨੇ ਦੀ ਪਰਾਲੀ ਨੂੰ ਪੰਜ-ਛੇ ਦਿਨ ਲਗਾਤਾਰ ਗਾਲ ਕੇ ਉਸ ਵਿੱਚੋਂ ਗੈਸ ਪੈਦਾ ਕੀਤੀ ਜਾਂਦੀ ਹੈ ਤਾਂ ਇਹ ਬਾਇਓਡੀਗਰੇਡ ਹੋ ਜਾਂਦੀ ਹੈ ਪਰ ਝੋਨੇ ਦੀ ਪਰਾਲੀ 'ਚ ਝੋਨਾ ਪੈਦਾ ਕਰਨ ਲਈ ਵਰਤੇ ਕੀਟਨਾਸ਼ਕ, ਨਦੀਨਨਾਸ਼ਕ ਤੇ ਰਸਾਇਣਕ ਖਾਦਾਂ ਦੇ ਪਰਾਲੀ 'ਚ ਪਏ ਅਵਸ਼ੇਸ਼ (ਰੈਜੀਡਿਊ) ਬਾਇਓਡੀਗਰੇਡ ਨਹੀਂ ਹੁੰਦੇ; ਭਾਵ, ਖ਼ਤਮ ਨਹੀ ਹੁੰਦੇ। ਗੈਸ ਬਨਣ ਤੋਂ ਬਾਅਦ ਬਾਕੀ ਬਚੇ ਗਾੜ੍ਹੇ ਪਦਾਰਥ ਵਿੱਚੋਂ ਠੋਸ ਖਾਦ (ਮਾਦਾ) ਕੱਢਣ ਪਿੱਛੋਂ ਵੀ ਅਵਸ਼ੇਸ਼, ਗੰਦੇ ਬਦਬੂਦਾਰ ਪਾਣੀ ਵਿੱਚ ਰਹਿ ਜਾਂਦੇ ਹਨ। ਇਸ ਪਾਣੀ ਨੂੰ ਜਾਂ ਤਾਂ ਜ਼ੀਰਾ ਫੈਕਟਰੀ ਵਾਂਗ ਰਿਵਰਸ ਬੋਰ ਕਰ ਕੇ ਧਰਤੀ 'ਚ ਸੁੱਟਿਆ ਜਾਵੇਗਾ, ਜਾਂ ਖੇਤਾਂ 'ਚ ਪਾਇਆ ਜਾਵੇਗਾ, ਜਾਂ ਸੀਵਰੇਜ 'ਚ ਰੋੜਿਆ ਜਾਵੇਗਾ, ਜਾਂ ਫਿਰ ਫੈਕਟਰੀ ਅੰਦਰ ਵੱਡੇ ਤਲਾਬ ਬਣਾ ਕੇ ਸਾਂਭਿਆ ਜਾਵੇਗਾ। ਇਹ ਜ਼ਹਿਰੀਲਾ ਤੇ ਤੇਜ਼ਾਬੀ ਪਾਣੀ ਹੌਲੀ-ਹੌਲੀ ਉੱਡ ਕੇ ਵਾਤਾਵਰਨ ਨੂੰ ਪ੍ਰਦੂਸ਼ਤ ਕਰੇਗਾ, ਫਿਰ ਤਲਾਬ ਦਾ ਕੰਕਰੀਟ ਕਵਰ ਗਾਲ ਕੇ ਧਰਤੀ 'ਚ ਸਿੰਮਦਾ ਜਾਵੇਗਾ। ਰੇਹਾਂ ਸਪਰੇਆਂ ਵਾਲਾ ਇਹ ਜ਼ਹਿਰੀਲਾ ਗੰਦਾ ਪਾਣੀ ਧਰਤੀ ਹੇਠਲੇ ਪਾਣੀ 'ਚ ਰਲ ਕੇ ਕੈਂਸਰ ਜਿਹੀਆਂ ਬਿਮਾਰੀਆਂ ਨੂੰ ਜਨਮ ਦੇਵੇਗਾ। ਇਹ ਆਉਣ ਵਾਲੀਆ ਨਸਲਾਂ ਲਈ ਘਾਤਕ ਹੋਵੇਗਾ। ਹਾਰਮੋਨਜ਼ ਤੇ ਸੈਕਸੂਅਲ ਔਰਗਨ ਨੂੰ ਹੌਲੀ-ਹੌਲੀ ਨੁਕਸਾਨ ਪਹੁੰਚਾਏਗਾ। ਹਰੇ ਇਨਕਲਾਬ ਦੀ ਦੇਣ ਜ਼ਹਿਰੀਲੀਆਂ ਰੇਹਾਂ ਸਪਰੇਆਂ ਨੇ ਅੱਧਾ ਪੰਜਾਬ ਬਿਮਾਰੀਆਂ ਦਾ ਘਰ ਬਣਾ ਦਿੱਤਾ, ਰਹਿੰਦੀ ਕਸਰ ਇਹ ਫੈਕਟਰੀਆਂ ਕੱਢਣਗੀਆਂ। ਕਿਸਾਨ ਝੋਨੇ ਦੀ ਪਰਾਲੀ ਦਾ ਫਸਤਾ ਵੱਢਣਾ ਚਾਹੁੰਦੇ ਹਨ। ਝੋਨਾ ਭਾਵੇਂ ਵਪਾਰਕ ਤੇ ਮੁਨਾਫ਼ੇ ਵਾਲੀ ਫ਼ਸਲ ਹੈ ਪਰ ਜਿੰਨਾ ਪਾਣੀ ਹੇਠਾਂ ਜਾ ਰਿਹਾ ਹੈ, ਉਸ ਦਾ ਅਸਰ ਕਿਸੇ ਤੋਂ ਗੁੱਝਾ ਨਹੀਂ। ਨਵੀਂ ਖੇਤੀ ਨੀਤੀ 'ਚ ਇਸ ਬਾਰੇ ਚਿੰਤਾ ਜ਼ਾਹਿਰ ਕਰਦਿਆਂ ਪੰਦਰਾਂ ਬਲਾਕਾਂ 'ਚ ਝੋਨੇ ਦਾ ਬਦਲ ਦੇਣ ਦੀ ਸਿਫ਼ਾਰਸ਼ ਕੀਤੀ ਗਈ ਹੈ।

ਪਰਾਲੀ ਤੋਂ ਗੈਸ ਪੈਦਾ ਕਰਨ ਲਈ ਲੱਖਾਂ ਲਿਟਰ ਪਾਣੀ ਵਰਤਿਆ ਜਾਵੇਗਾ। ਪਹਿਲਾਂ ਚੌਲ ਪੈਦਾ ਕਰਨ ਲਈ ਕਰੋੜਾਂ ਲਿਟਰ ਪਾਣੀ ਧਰਤੀ 'ਚੋਂ ਕੱਢਿਆ ਜਾ ਰਿਹਾ ਹੈ। ਇੱਕ ਕਿਲੋ ਪਰਾਲੀ ਗਾਲ ਕੇ ਗੈਸ ਪੈਦਾ ਕਰਨ ਲਈ 900 ਲਿਟਰ ਪਾਣੀ ਦੀ ਜ਼ਰੂਰਤ ਹੈ: ਭਾਵ, ਸੌ ਟਨ ਦੀ ਸਮਰੱਥਾ ਵਾਲੇ ਗੈਸ ਪਲਾਂਟ ਵਿੱਚ ਸੌ ਟਨ (ਦਸ ਹਜ਼ਾਰ ਕੁਇੰਟਲ) ਪਰਾਲੀ ਗਾਲਣ ਲਈ 9 ਲੱਖ ਲਿਟਰ ਪਾਣੀ ਵਰਤਿਆ ਜਾਵੇਗਾ ਜਿਸ ਵਿਚੋਂ ਜੇ ਅੱਧਾ ਰੀਸਾਇਕਲ ਵੀ ਕਰ ਲਿਆ ਜਾਵੇ ਤਾਂ 4 ਲੱਖ 50 ਹਜ਼ਾਰ ਲੀਟਰ ਪਾਣੀ ਰੋਜ਼ ਵਰਤਿਆ ਜਾਵੇਗਾ। ਪੰਜਾਬ 'ਚ ਅਜਿਹੀਆਂ 54 ਸੀਬੀਜੀ/ਸੀਐੱਨਜੀ ਫੈਕਟਰੀਆਂ ਲਾਈਆਂ ਜਾ ਰਹੀਆਂ ਹਨ। ਜਲੰਧਰ ਜ਼ਿਲ੍ਹੇ 'ਚ ਭੋਗਪੁਰ ਖੰਡ ਮਿੱਲ ਦੀ ਜ਼ਮੀਨ 'ਤੇ ਅਤੇ ਕੰਧੋਲਾ ਗੁਰੂ ਪਿੰਡ 'ਚ ਲੋਕ ਤਾਕਤ ਨੇ ਉਸਾਰੀ ਰੋਕੀ ਹੋਈ ਹੈ। ਪਟਿਆਲਾ ਜ਼ਿਲ੍ਹੇ ਦੇ ਪਿੰਡ ਕਕਰਾਲਾ ਵਿੱਚ ਪਿੰਡ ਦੀ ਪੰਚਾਇਤ ਟੁੱਟਣ ਕਾਰਨ ਪ੍ਰਬੰਧਕ ਵੱਲੋਂ ਪਿੰਡ ਦੀ ਪੰਚਾਇਤ ਦੀ 18 ਏਕੜ ਜ਼ਮੀਨ ਨਿੱਜੀ ਕੰਪਨੀ ਨੂੰ ਦੇਣ ਦੇ ਪਿੰਡ ਦੇ ਜਾਨਦਾਰ ਵਿਰੋਧ ਨੇ ਮਾਲਕ ਤੇ ਸਰਕਾਰ ਨੂੰ ਭੱਜਣ ਲਈ ਮਜਬੂਰ ਕਰ ਦਿੱਤਾ। ਹੁਣ ਲੁਧਿਆਣਾ ਜ਼ਿਲ੍ਹੇ ਦੇ ਬੇਟ ਦੇ ਤਿੰਨ ਪਿੰਡ ਬੱਗਾ ਕਲਾਂ, ਚਾਹੜ, ਰਜਾ ਕਲਾਂ 'ਚ ਰਿਲਾਇੰਸ ਪਲਾਂਟ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ।

ਇਸ ਦੌਰਾਨ ਚਾਰਾਂ ਪਿੰਡਾਂ ਨੇ ਕਿਸਾਨ ਜਥੇਬੰਦੀਆਂ ਦੇ ਸਹਿਯੋਗ ਨਾਲ ਲਾਮਬੰਦੀ ਦੀ ਮਿਸਾਲ ਕਾਇਮ ਕੀਤੀ। ਸ਼ੁਰੂਆਤੀ ਦੌਰ 'ਚ ਹੀ ਲੋਕਾਂ ਦੇ ਵਿਰੋਧ ਨੇ ਕਰਵਟ ਲਈ। ਪਿੰਡਾਂ 'ਚ ਮਰਦ ਔਰਤਾਂ ਦੇ ਲਾਮਿਸਾਲ ਪ੍ਰਦਰਸ਼ਨ, ਟਰੈਕਟਰ ਮਾਰਚ ਅਤੇ ਫਿਰ ਪਹਿਲੀ ਜੂਨ ਨੂੰ ਲੋਕ ਸਭਾ ਚੋਣਾਂ ਵਾਲੇ ਦਿਨ ਮੁਕੰਮਲ ਬਾਈਕਾਟ ਕੀਤਾ ਤੇ ਫਿਰ 10 ਸਤੰਬਰ ਨੂੰ ਦਿੱਲੀ ਮੁੱਖ ਮਾਰਗ ਜਾਮ ਕਰਨ ਦੇ ਐਲਾਨ ਨੇ ਸਰਕਾਰ ਹਿਲਾ ਦਿੱਤੀ। ਸਿੱਟੇ ਵਜੋਂ ਸਰਕਾਰ ਨੂੰ ਸੰਘਰਸ਼ ਤਾਲਮੇਲ ਕਮੇਟੀ ਨੂੰ ਮੀਟਿੰਗਾਂ ਦੇਣ ਲਈ ਮਜਬੂਰ ਹੋਣਾ ਪਿਆ।

ਮੀਟਿੰਗਾਂ ਵਿੱਚ ਸਰਕਾਰ ਵੱਲੋਂ ਫੇਲ੍ਹ ਹੋਣ 'ਤੇ ਬੁਖਲਾਈ ਸਰਕਾਰ ਨੇ ਤਾਲਮੇਲ ਕਮੇਟੀ ਦੇ ਇਹ ਫ਼ੈਕਟਰੀਆਂ ਬੰਦ ਕਰਾਉਣ ਦੀ ਮੰਗ 'ਤੇ ਅੜੇ ਰਹਿਣ ਕਾਰਨ ਜਬਰ ਦਾ ਰਾਹ ਫੜਨ ਦੀ ਕੋਸ਼ਿਸ਼ ਕੀਤੀ ਜਿਸ ਨੂੰ ਅਖਾੜਾ ਪਿੰਡ 'ਚ ਦੋ ਵਾਰ ਲੋਕ ਤਾਕਤ ਨਾਲ ਚਕਨਾਚੂਰ ਕੀਤਾ ਗਿਆ। ਘੁੰਗਰਾਲੀ ਰਾਜਪੂਤਾਂ ਦੀ ਸੰਘਰਸ਼ ਟੀਮ ਨੂੰ ਮੁੱਖ ਮੰਤਰੀ ਨੇ ਆਪ ਫੋਨ ਕਰ ਕੇ ਫੈਕਟਰੀ ਦੇ ਨੁਕਸ ਦੂਰ ਕਰ ਕੇ ਚਲਾਉਣ ਲਈ ਪਤਿਆਉਣ ਦਾ ਅਮਲ ਚਲਾਇਆ ਪਰ ਤਾਲਮੇਲ ਕਮੇਟੀ ਦੇ ਦਖ਼ਲ ਨਾਲ ਸਰਕਾਰ ਦਾ ਇਹ ਦਾਅ ਸਫਲ ਨਹੀਂ ਹੋਣ ਦਿੱਤਾ ਗਿਆ।

ਦੂਜੇ ਬੰਨੇ ਪੰਜਾਬ ਹਰਿਆਣਾ ਹਾਈ ਕੋਰਟ 'ਚ ਮਾਲਕਾਂ ਵੱਲੋਂ ਫੈਕਟਰੀਆਂ ਚਲਾਉਣ ਲਈ ਲਾਏ ਕੇਸਾਂ ਦਾ ਮਾਮਲਾ ਅਦਾਲਤ ਨੇ ਸੇਵਾਮੁਕਤ ਜੱਜ ਦੀ ਅਗਵਾਈ 'ਚ ਕਮੇਟੀ ਬਣਾ ਕੇ ਕੁਝ ਸਮੇਂ ਲਈ ਲਟਕਾ ਦਿੱਤਾ ਹੈ। ਇਸ ਲਈ ਮਨੁੱਖੀ ਜ਼ਿੰਦਗੀ ਬਚਾਉਣ ਲਈ ਸੰਘਰਸ਼ ਦਾ ਘੇਰਾ ਵਿਸ਼ਾਲ ਕਰ ਕੇ ਸਭ ਮੋਰਚਿਆਂ 'ਤੇ ਸੰਘਰਸ਼ ਜਾਰੀ ਰੱਖਣਾ ਸਮੇਂ ਦੀ ਲੋੜ ਹੈ।

---

ਲੇਖਕ : ਸੁੱਚਾ ਸਿੰਘ ਖਟੜਾ, ਸੰਪਰਕ: 94176-52947

# ਅੰਗਰੇਜ਼ੀ ਪੜ੍ਹਾਉਂਦਾ ਸਰਪੰਚ

ਕੋਈ ਸਮਾਂ ਸੀ ਸਰਕਾਰੀ ਸਕੂਲ ਵਿਦਿਆਰਥੀਆਂ ਨਾਲ ਨੱਕੋ-ਨੱਕ ਭਰੇ ਹੁੰਦੇ ਸਨ। ਉਹਨੀਂ ਦਿਨੀ ਪ੍ਰਾਈਵੇਟ ਸਕੂਲ ਦੂਰ-ਦੂਰ ਤੱਕ ਨਹੀਂ ਸੀ। ਹੁਣ ਹਰ ਦੋ ਤਿੰਨ ਕਿਲੋਮੀਟਰ ਦੀ ਦੂਰੀ ਉੱਤੇ ਪ੍ਰਾਈਵੇਟ ਸਕੂਲ ਹੈ। ਬੱਚਿਆਂ ਲਈ ਬੱਸਾਂ ਦਾ ਪ੍ਰਬੰਧ ਹੈ। ਮਾਪੇ ਸੋਚਦੇ ਹਨ ਕਿ ਇਹਨਾਂ ਸਕੂਲਾਂ ਵਿੱਚ ਬੱਚਾ ਅੰਗਰੇਜ਼ੀ ਵਿੱਚ ਮੁਹਾਰਤ ਹਾਸਲ ਕਰੇ। ਨਤੀਜੇ ਵਜੋਂ ਸਰਕਾਰੀ ਸਕੂਲਾਂ 'ਚ ਉਜਾੜ ਪੈ ਚੁੱਕੀ ਹੈ। ਸਰਕਾਰੀ ਸਕੂਲਾਂ ਵਿੱਚ ਅੰਗਰੇਜ਼ੀ ਦਾ ਅਸਲੋਂ ਮੰਦਾ ਹਾਲ ਹੈ। 2013 ਵਿੱਚ ਮੈਨੂੰ ਪਿੰਡ ਵਾਲਿਆਂ ਸਰਪੰਚ ਬਣਾ ਲਿਆ। ਪਿੰਡ ਦੇ ਸਰਕ ਾਰੀ ਮਿਡਲ ਸਕੂਲ ਵਿੱਚ ਹਿੰਦੀ, ਪੰਜਾਬੀ, ਸਮਾਜਿਕ ਅਤੇ ਅੰਗਰੇਜ਼ੀ ਦਾ ਕੋਈ ਅਧਿਆਪਕ ਨਹੀਂ ਸੀ। ਮੈਂ ਪੰਚਾਇਤ ਦੇ ਫੰਡ ਵਿਚੋਂ ਮਤਾ ਪਾ ਕੇ ਪਿੰਡ ਵਿੱਚੋਂ ਐਮਏ (ਹਿੰਦੀ) ਬੀਐੱਡ ਯੋਗਤਾ ਵਾਲੀ ਲੜਕੀ ਨੂੰ ਸਟਾਫ ਦੀ ਸਹਾਇਤਾ ਲਈ ਰੱਖ ਲਿਆ; ਆਪ ਛੇਵੀਂ ਦੀ ਅੰਗਰੇਜ਼ੀ ਦੀ ਜ਼ਿੰਮੇਵਾਰੀ ਲੈ ਲਈ। ਬਤੌਰ ਅਧਿਆਪਕ ਮੇਰਾ ਤਜਰਬਾ ਸੀ ਕਿ ਜੇ ਤੁਸੀਂ ਕਿਸੇ ਹੋਰ ਸਕੂਲ ਬਦਲੀ ਨਹੀਂ ਚਾਹੁੰਦੇ ਤਾਂ 6ਵੀਂ ਦੀ ਅੰਗਰੇਜ਼ੀ ਲੈ ਕੇ ਉਸ ਨੂੰ 10ਵੀਂ ਤਕ ਪੜ੍ਹਾਉਣੀ ਚਾਹੀਦੀ ਹੈ ਅਤੇ ਮੁੜ 6ਵੀਂ ਵਿੱਚ ਆ ਜਾਣਾ ਚਾਹੀਦਾ ਹੈ। ਸੀਨੀਅਰ ਅਧਿਆਪਕ 9ਵੀਂ, 10ਵੀਂ ਤੋਂ ਹੇਠਲੀਆਂ ਜਮਾਤਾਂ ਨੂੰ ਪੜ੍ਹਾਉਣਾ ਹੇਠੀ ਸਮਝਦੇ ਹਨ। ਇਸ ਫੋਕੀ ਹਉਮੈ ਤੋਂ ਬਾਹਰ ਨਿਕਲ ਕੇ 6ਵੀਂ ਤੋਂ ਲੈ ਕੇ ਉਸੇ 6ਵੀਂ ਨੂੰ 10ਵੀਂ ਤਕ ਤੋੜ ਪਹੁੰਚਾਉਣਾ ਚਾਹੀਦਾ ਹੈ। ਅੰਗਰੇਜ਼ੀ ਬੱਚਿਆਂ ਨੂੰ ਜਿੰਨੀ ਸਿਖਾਓਗੇ, ਉਸ ਤੋਂ ਵੱਧ ਅੰਗਰੇਜ਼ੀ ਸਿਖਾਉਣੀ ਖੁਦ ਸਿੱਖੋਗੇ, ਸਿੱਟਾ ਵੀ ਕਰਾਮਾਤੀ ਹੋਵੇਗਾ। ਸਕੂਲ ਅਧਿਆਪਕਾਵਾਂ ਦੀ ਇੱਛਾ ਸੀ ਕਿ ਮੈਂ 8ਵੀਂ ਨੂੰ ਅੰਗਰੇਜ਼ੀ ਪੜ੍ਹਾਵਾਂ ਪਰ ਮੈਂ 6ਵੀਂ ਜਮਾਤ ਨੂੰ 8ਵੀਂ ਤੱਕ ਪਹੁੰਚਦਿਆਂ ਇਸ ਜਮਾਤ ਤੋਂ ਵਿਲੱਖਣਤਾ ਦਾ ਪ੍ਰਦਰਸ਼ਨ ਕਰਵਾਉਣਾ ਸੋਚਿਆ ਹੋਇਆ ਸੀ। 7ਵੀਂ ਬਣ ਚੁੱਕੀ ਜਮਾਤ ਨੂੰ ਪੜ੍ਹਾ ਕੇ ਦਫਤਰ ਬੈਠਾ ਸੀ ਕਿ ਅੰਗਰੇਜ਼ੀ ਵਿਸ਼ੇ ਦੇ ਮਾਹਿਰ ਜ਼ਿਲ੍ਹਾ ਮੈਂਟਰ ਆ ਗਏ। ਸਕੂਲ ਮੁਖੀ ਕੁਲਜਿੰਦਰ ਕੌਰ ਨੂੰ ਉਹ ਬਰਾਂਡੇ 'ਚ ਹੀ ਮਿਲ ਗਏ ਤੇ ਬੀਬੀ ਨੂੰ ਦਫਤਰ ਵਿੱਚ ਬੈਠੇ ਬੰਦੇ, ਭਾਵ, ਮੇਰੇ ਬਾਰੇ ਪੁੱਛਿਆ। ਉਸ ਨੇ ਸਹਿਜ ਸੁਭਾਅ ਦੱਸਿਆ ਕਿ ਇਹ ਪਿੰਡ ਦੇ ਸਰਪੰਚ ਹਨ ਅਤੇ 7ਵੀਂ ਜਮਾਤ ਨੂੰ ਅੰਗਰੇਜ਼ੀ ਪੜ੍ਹਾ ਕੇ ਹੁਣੇ-ਹੁਣੇ ਦਫਤਰ ਬੈਠੇ ਹਨ। ਸਰਪੰਚ? ਅੰਗਰੇਜ਼ੀ ਪੜ੍ਹਾਉਂਦਾ? ਬੀਬੀ ਨੇ ਜ਼ਿਲ੍ਹਾ ਮੈਂਟਰ ਦੀ ਹਕਾਰਤ ਭਰੀ ਉਤਸੁਕਤਾ ਦੇਖਦਿਆਂ ਜਾਣਬੁੱਝ ਕੇ ਮੇਰਾ ਸੇਵਾਮੁਕਤ ਅਧਿਆਪਕ ਹੋਣਾ ਨਾ ਦੱਸਿਆ। ਉਹ ਸਿੱਧੇ 7ਵੀਂ ਜਮਾਤ ਵਿੱਚ ਚਲੇ ਗਏ ਅਤੇ ਮੈਨੂੰ ਦਫਤਰੋਂ ਬੁਲਾ ਲਿਆ। "ਸਰਪੰਚ ਜੀ, ਅੰਗਰੇਜ਼ੀ ਦਾ ਕੀ ਪੜ੍ਹਾਇਆ ਹੈ?" ਉਹਨਾਂ ਦੇ ਪ੍ਰਸ਼ਨ ਦੇ ਉੱਤਰ ਵਿੱਚ ਮੇਰਾ ਇਹੀ ਕਹਿਣਾ ਬਣਦਾ ਸੀ ਕਿ ਖੁਦ ਚੈੱਕ ਕਰ ਲਵੋ। ਇਕ ਅਧਿਆਪਕ ਦਾ ਉੱਤਰ ਹੋਰ ਕੀ ਹੋ ਸਕਦਾ ਹੈ? "ਨਹੀਂ ਦਿਖਾਓ ਕੀ ਪੜ੍ਹਾਇਆ?" ਮੈਨੂੰ ਜਦੋਂ ਕੁਝ ਨਾ ਸੁਝਿਆ ਤਾਂ ਉਹਨਾਂ ਨੂੰ ਕਿਹਾ ਕਿ ਉਹ ਅੰਗਰੇਜ਼ੀ ਦੇ ਕਿਸੇ ਵੀ ਅੱਖਰ ਨਾਲ ਸ਼ੁਰੂ ਹੋਣ ਵਾਲੇ ਵਰਬਜ਼ (Verbs) ਪੁੱਛ ਲੈਣ। ਵਿਦਿਆਰਥੀਆਂ ਨੂੰ ਆਦੇਸ਼ ਦਿੱਤਾ ਗਿਆ ਕਿ ਹਰ ਕੋਈ ਆਪਣੀ ਵਾਰੀ ਉੱਤੇ ਨਵਾਂ ਵਰਬ ਦੱਸੇਗਾ। 27 ਵਿਦਿਆਰਥੀਆਂ ਵਿੱਚੋਂ 4 ਕੋਈ ਵਰਬ ਨਾ ਦੱਸ ਸਕੇ। ਪੁੱਛਦੇ-ਪੁੱਛਦੇ ਦੂਜਾ ਗੇੜ ਸ਼ੁਰੂ ਹੋ ਗਿਆ। ਅਜੇ 35ਵੇਂ ਵਰਬ ਤਕ ਪਹੁੰਚੇ ਸਨ ਕਿ ਉਹਨਾਂ ਚਾਕ ਚੁੱਕ ਕੇ ਬੋਰਡ ਉੱਤੇ ਸ਼ਬਦ Sentence ਲਿਖ ਕੇ ਉਸ ਨੂੰ Verb ਅਤੇ Noun ਵਜੋਂ ਵਾਕ ਬਣਾਉਣ ਲਈ ਇਕ ਵਿਦਿਆਰਥੀ ਨੂੰ ਕਿਹਾ। ਉਸ ਨੇ ਦੋਨੋਂ ਵਾਕ ਬਣਾ ਦਿੱਤੇ। ਉਹਨਾਂ ਮੇਰਾ ਹੱਥ ਫੜਿਆ; 'ਕੀ ਪੜ੍ਹਾਉਂਦੇ ਹੋ' ਵਾਲਾ ਪ੍ਰਸ਼ਨ ਹੁਣ 'ਕਿਵੇਂ ਪੜ੍ਹਾਉਂਦੇ ਹੋ' ਵਿਚ ਬਦਲ ਗਿਆ ਸੀ। ਮੈਂ ਦੱਸਿਆ- ਇਹਨਾਂ 'ਚੋਂ ਕੁਝ ਬੱਚੇ ਸ਼ਬਦ ਸ਼ੲਨਟੲਨਚੲ ਨੂੰ ਅਦਜੲਚਟਿਵੲ ਵਜੋਂ ਵੀ ਵਾਕ ਬਣਾ ਸਕਦੇ। ਅੰਗਰੇਜ਼ੀ ਸ਼ਬਦਾਂ ਦੀ ਅਜਿਹੀ ਬਹੁ-ਅਰਥੀ ਅਤੇ ਬਹੁ-ਰੂਪੀ ਵਰਤੋਂ ਬਾਰੇ ਅਧਿਆਪਕ ਨੂੰ ਨਾਲ ਦੀ ਨਾਲ ਹੀ ਦੱਸਦੇ ਰਹਿਣਾ ਚਾਹੀਦਾ ਹੈ।

ਜ਼ਿਲ੍ਹਾ ਮੈਂਟਰ ਸੁਣ ਕੇ ਹੈਰਾਨ ਰਹਿ ਗਏ ਕਿ ਐਸ ਸਾਲ ਸ਼ੁਰੂ ਹੋਣ ਵਾਲੇ 63 ਤਰਬਜ 7ਵੀਂ ਦੇ ਇਹਨਾਂ ਬੱਚਿਆਂ ਦੀਆਂ ਨੋਟ ਬੁਕਾਂ ਵਿੱਚ ਦਰਜ ਹਨ ਅਤੇ ਬਹੁਤੇ 63 ਵੀ ਦੱਸ ਸਕਦੇ ਹਨ। ਇੰਚਾਰਜ ਬੀਬੀ ਨੇ ਉਹਨਾਂ ਨੂੰ ਹੁਣ ਮੇਰੇ ਸੇਵਾਮੁਕਤ ਅਧਿਆਪਕ ਹੋਣ ਦੀ ਗੱਲ ਦੱਸ ਦਿੱਤੀ। ਜ਼ਿਲ੍ਹਾ ਮੈਂਟਰ ਅੰਗਰੇਜ਼ੀ ਵਿਸ਼ੇ ਵਿੱਚ ਮਾਹਿਰ ਸੀ। ਸਾਡੀ ਦੋਸਤੀ ਹੋ ਗਈ।

8ਵੀਂ ਤੱਕ ਪਹੁੰਚਦਿਆਂ ਇਸ ਜਮਾਤ ਦੇ ਕਈ ਬੱਚੇ ਬੱਚੀਆਂ ਠੀਕ ਅਧਿਆਪਕ ਵਾਂਗ ਅੰਗਰੇਜ਼ੀ ਦੀ ਪਾਠ ਪੁਸਤਕ ਦਾ ਪਾਠ ਪੜ੍ਹ ਸਕਦੇ ਸਨ। ਅੰਗਰੇਜ਼ੀ ਦੀ ਗਰਾਮਰ ਦੀ ਕੋਈ ਵੀ ਆਈਟਮ ਜਮਾਤ ਨੂੰ ਸਮਝਾ ਵੀ ਸਕਦੇ ਸਨ। ਜਮਾਤ ਵਿੱਚ ਮੇਰਾ ਅੰਗਰੇਜ਼ੀ ਬੋਲਣਾ ਉਹ ਪਸੰਦ ਕਰਨ ਲੱਗ ਪਏ ਸਨ। ਇਕ ਦਿਨ ਮੈਂ ਗਰਾਮਰ ਵਿਚੋਂ ਕੰਪਲੈਕਸ ਵਾਕ ਦਾ ਅਨਾਲਿਸਿਸ ਸਮਝਾਇਆ। ਮੇਰੀ ਖੁਦ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਕੁਝ ਨੇ ਹੂਬਹੂ ਮੇਰੇ ਵਾਂਗ ਕਰ ਦਿਖਾਇਆ; ਉਹ ਵੀ ਪੰਜਾਬੀ ਦੇ ਕਿਸੇ ਵਾਕ ਦਾ ਸਹਾਰਾ ਲਏ ਬਿਨਾਂ। ਬੱਚਿਆਂ ਦਾ ਆਤਮ-ਵਿਸ਼ਵਾਸ ਡੁੱਲ੍ਹ-ਡੁੱਲ੍ਹ ਪੈਂਦਾ ਸੀ। ਮੈਂ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਨੂੰ ਆਪਣੀ ਜਮਾਤ ਵਿੱਚ ਆਉਣ ਲਈ ਬੇਨਤੀ ਕੀਤੀ। ਇਕ ਦਿਨ ਉਹਨਾਂ ਅਚਾਨਕ ਸਕੂਲ ਆਉਣ ਦਾ ਪ੍ਰੋਗਰਾਮ ਦੇ ਦਿੱਤਾ। ਮੈਂ ਘਰੋਂ ਸਕੂਲ ਵਾਪਿਸ ਆ ਗਿਆ। ਉਹ ਆਉਂਦੇ ਹੀ ਸਿੱਧੇ 8ਵੀਂ ਜਮਾਤ ਵਿੱਚ ਗਏ। 8ਵੀਂ ਦੀਆਂ ਵਿਦਿਆਰਥਣਾਂ ਨੇ ਉਦਾਹਰਨਾਂ ਸਮੇਤ ਤਰਬ ਦੀਆਂ ਕਿਸਮਾਂ ਆਪਣੇ ਵਲੋਂ ਮੌਕੇ ਉੱਤੇ ਬੋਰਡ ਉੱਤੇ ਹਰ ਵੰਨਗੀ ਦੇ ਕਈ-ਕਈ ਵਾਕ ਬਣਾ ਕੇ ਵਿਦਿਆਰਥੀਆਂ ਦੀ ਭਾਗੀਦਾਰੀ ਕਰਾਉਂਦਿਆਂ ਗਰਾਮਰ ਦਾ ਟੌਪਿਕ ਸਮਝਾ ਦਿੱਤਾ। ਸਕੱਤਰ ਸਾਹਿਬ ਜਮਾਤ ਤੋਂ ਬਾਹਰ ਜਾਣ ਲੱਗੇ ਤਾਂ ਮੈਂ ਉਹਨਾਂ ਨੂੰ ਬੱਚਿਆਂ ਨਾਲ ਗੱਲਬਾਤ ਕਰਨ ਦੀ ਬੇਨਤੀ ਕੀਤੀ। ਉਹ ਮੁੜ ਅੰਦਰ ਆ ਗਏ।

ਅੰਗਰੇਜ਼ੀ ਵਿੱਚ ਗੱਲਬਾਤ ਸ਼ੁਰੂ ਹੋ ਗਈ। ਉਹਨਾਂ ਬੱਚਿਆਂ ਨੂੰ ਕਿਹਾ ਕਿ ਉਹ ਉਹਨਾਂ ਤੋਂ ਕੁਝ ਪੁੱਛਣਾ ਚਾਹੁੰਦੇ ਹਨ?... ਇੱਕ ਬੱਚੇ ਦਾ ਪ੍ਰਸ਼ਨ ਸੀ: ਉਹ ਸਕੂਲ 'ਚ ਕਿਵੇਂ ਮਹਿਸੂਸ ਕਰਦੇ ਹਨ? ਦੂਜੇ ਦਾ ਪ੍ਰਸ਼ਨ ਸੀ: ਉਹ ਉਹਨਾਂ ਦੀ ਜਮਾਤ 'ਚ ਕਿਵੇਂ ਮਹਿਸੂਸ ਕਰਦੇ ਹਨ? ਤੀਜੇ ਬੱਚੇ ਨੇ ਸੇਲਰੀ ਬਾਰੇ ਪੁੱਛ ਲਿਆ। ਕ੍ਰਿਸ਼ਨ ਕੁਮਾਰ ਜੀ ਨੇ ਮੁਸਕਰਾਉਂਦਿਆਂ ਸ਼ਬਦ ਸ਼ੁਡਿਚਿਇਨਟ ਕਿਹਾ ਅਤੇ ਮੁਸਕਰਾਉਂਦੇ ਜਮਾਤ ਵਿੱਚੋਂ ਬਾਹਰ ਆ ਗਏ।

# ਸੁਪਨਾ ਸੰਭਾਵਨਾ ਅਤੇ ਸੱਚ



**ਡਾ. ਗੁਰਬਖ਼ਸ਼ ਸਿੰਘ ਭੰਡਾਲ**

ਸੁਪਨਾ, ਸੰਭਾਵਨਾ ਅਤੇ ਸੱਚ ਦਾ ਬਹੁਤ ਗੂੜ੍ਹਾ ਸਬੰਧ। ਇਕ-ਦੂਜੇ ਦੀ ਪੂਰਤੀ ਦਾ ਸਾਧਨ ਤੇ ਸਬੱਬ। ਇਕ-ਦੂਜੇ ਦੀ ਹੱਲਾਸ਼ੇਰੀ ਅਤੇ ਨਿਸ਼ਠਾ ਦੀ ਦਾਸਤਾਨ।

ਸਭ ਤੋਂ ਪਹਿਲਾਂ ਸੁਪਨਾ ਲੈਣਾ ਪੈਂਦਾ ਤਾਂ ਸੰਭਾਵਨਾ ਪੈਦਾ ਹੁੰਦੀ। ਇਸ ਸੰਭਾਵਨਾ ਵਿਚੋਂ ਹੀ ਸੱਚ ਪ੍ਰਗਟ ਹੁੰਦਾ, ਜੋ ਸਫਲਤਾ ਦੀ ਸਿਖਰ ਵੀ ਹੋ ਸਕਦਾ।

ਸੁਪਨਾ ਹਰੇਕ ਲੈਂਦਾ। ਹਰੇਕ ਦੇ ਸੁਪਨੇ ਦਾ ਰੰਗ ਵੱਖਰਾ। ਸੁਪਨਾ, ਉਮਰ, ਆਸ ਅਤੇ ਆਰਜ਼ੂ 'ਤੇ ਨਿਰਭਰ। ਕਿਸ ਨੇ, ਕਿਹੜਾ ਸੁਪਨਾ, ਕਦੋਂ ਲੈਣਾ ਅਤੇ ਸੁਪਨੇ ਦੇ ਕੀ ਅਰਥ ਹਨ? ਇਹ ਹਰ ਸ਼ਖ਼ਸ ਲਈ ਵੱਖ-ਵੱਖ। ਸੁਪਨੇ ਇਕਸਾਰ ਨਹੀਂ ਹੁੰਦੇ। ਇਨ੍ਹਾਂ ਦੀ ਵਿਭਿੰਨਤਾ, ਖ਼ੂਬਸੂਰਤੀ ਤੇ ਰੰਗ-ਬਰੰਗਤਾ ਕਾਰਨ ਹੀ ਦੁਨੀਆਂ ਖ਼ੂਬਸੂਰਤ ਅਤੇ ਜ਼ਿੰਦਗੀ ਬਹੁਤ ਹੀ ਹੁਸੀਨ।

ਸੁਪਨੇ ਬਹੁਤ ਕਿਸਮ ਦੇ ਹੁੰਦੇ। ਕਿਸੇ ਦਾ ਸੁਪਨਾ ਚੰਗੇਰੀ ਵਿਦਿਆ ਪ੍ਰਾਪਤ ਕਰਨਾ, ਕੋਈ ਜਵਾਨੀ ਦੇ ਰੰਗ ਤਮਾਸ਼ੇ ਮਾਣਨ ਤੀਕ ਸੀਮਤ, ਕਿਸੇ ਲਈ ਸੁਪਨਿਆਂ ਦੇ ਅਰਥ ਸਮਾਜ ਨੂੰ ਨਵੀਂ ਸੇਧ ਦੇਣ ਜਾਂ ਕਿਸੇ ਲਈ ਕੁਝ ਅਜਿਹਾ ਸਿਰਜਣਾ, ਜੋ ਵਿਲੱਖਣ ਅਤੇ ਵਿਕੋਲਿਤਰਾ ਹੋਵੇ। ਕੋਈ ਸੁਪਨਾ ਸਮਾਜ ਨੂੰ ਸਮਰਪਿਤ, ਕੋਈ ਪਰਿਵਾਰ ਨੂੰ ਅਤੇ ਕੋਈ ਦੇਸ਼ ਨੂੰ; ਪਰ ਕੁਝ ਸੁਪਨੇ ਖ਼ੁਦ ਨੂੰ ਹੀ ਅਰਪਿਤ ਹੁੰਦੇ। ਸੁਪਨਾ ਕੋਈ ਵੀ ਹੋਵੇ। ਇਹ ਤਾਂ ਹੀ ਸਾਰਥਕ, ਜੇ ਇਸ ਦੇ ਅਰਥ ਵਡੇਰੇ ਹੋਣ। ਅਰਥਹੀਣ ਸੁਪਨਿਆਂ ਦੀ ਕਾਹਦੀ ਸਾਰਥਕਤਾ?

ਸੁਪਨਾ ਅਜਿਹਾ ਹੋਵੇ ਕਿ ਸਮਾਜਕ ਸਰਦਲ ਨੂੰ ਚਮਤਕਾਰੀ ਅਹਿਸਾਸ ਹੋਵੇ, ਇਸ ਦੀਆਂ ਬਰੂਹਾਂ ਵਿਚ ਪਾਣੀ ਡੋਲਣ ਅਤੇ ਤੇਲ ਚੋਣ ਦਾ ਵੇਲਾ ਆਵੇ। ਸੁਪਨਾ ਲੋਕਾਈ, ਭਲਾਈ ਜਾਂ ਬੰਦਿਆਈ ਲਈ ਹੋਵੇ ਤਾਂ ਬਹੁਭਾਵੀ ਤੇ ਬਹੁਅਰਥੀ ਹੁੰਦਾ।

ਸੁਪਨਾ ਅਜਿਹਾ ਲੈਣਾ ਚਾਹੀਦਾ, ਜਿਸ ਦੀ ਸੰਭਾਵਨਾ ਹੋਵੇ, ਜਿਸ 'ਚੋਂ ਕਿਰਦੀਆਂ ਕਿਰਨਾਂ ਰੂਹ ਨੂੰ ਚਮਕਾਉਣ ਅਤੇ ਮਨ-ਮਸਤਕ ਨੂੰ ਖਿਆਲਾਂ ਦੀ ਤਾਜ਼ਗੀ ਤੇ ਭਰਪੂਰਤਾ ਬਖ਼ਸ਼ਣ।

ਸੁਪਨਾ, ਅੱਖਾਂ ਵਿਚ ਵੀ ਤੈਰਦਾ, ਸੋਚ-ਸੈਰ ਵੀ ਅਤੇ ਕਰਮ-ਯੋਗਤਾ ਦਾ ਕਿਆਮ ਵੀ। ਬਹੁਤ ਸਾਰੇ ਸੁਪਨੇ ਮਨ 'ਤੇ ਦਸਤਕ ਦਿੰਦੇ। ਕੁਝ ਸੁਪਨੇ ਅਸਲੀਅਤ ਦਾ ਬਾਣਾ ਪਹਿਨਣ ਲਈ ਤਿਆਰ, ਪਰ ਕੁਝ ਸੁਪਨੇ ਸਿਰਫ ਖਿਆਲੀ। ਅਜਿਹੇ ਸੁਪਨੇ ਸਿਰਫ ਸੁਪਨਾ ਲੈਣ ਲਈ ਹੀ ਹੁੰਦੇ, ਕਿਉਂਕਿ ਇਨ੍ਹਾਂ ਦੀ ਸੰਭਾਵਨਾ ਦੇ ਸੱਚ ਲਈ ਜਿਸ ਸਿਰੜ, ਸਾਧਨਾ ਅਤੇ ਸਮਰਪਣ ਦੀ ਲੋੜ ਹੁੰਦੀ, ਉਸ ਦੀ ਘਾਟ ਦਾ ਖ਼ੁਦ ਨੂੰ ਹੀ ਇਲਮ ਹੁੰਦਾ।

ਸੁਪਨਾ ਤਾਂ ਪੱਕੀ ਫਸਲ ਨੂੰ ਦੇਖ ਕੇ ਕਿਸਾਨ ਵੀ ਲੈਂਦਾ, ਜਵਾਨੀ ਦੀ ਦਹਿਲੀਜ਼ 'ਤੇ ਚੜ੍ਹ ਰਹੇ ਗਭਰੀਟ ਵੀ, ਪੂਰਨੇ ਪਾਉਂਦਿਆਂ ਜਵਾਕ ਦੇ ਨੈਣਾਂ ਵਿਚ ਵੀ ਤਰਦਾ ਜਾਂ ਘਰ ਦੀ ਉਸਾਰੀ ਲਈ ਇੱਟਾਂ ਢੋਂਦੇ ਮਜਦੂਰ ਨੂੰ ਆਪਣੇ ਘਰ ਦਾ ਵੀ ਆਉਂਦਾ।

ਸੁਪਨਾ ਅਤੇ ਇਸ ਦਾ ਸੱਚ ਸਿਰਫ ਇਕ, ਪਰ ਸੁਪਨੇ ਤੋਂ ਸੱਚ ਵੱਲ ਨੂੰ ਜਾਂਦੀਆਂ ਸੰਭਾਵਨਾਵਾਂ ਕਈ। ਸਭ ਤੋਂ ਅਸਾਨ, ਮਨ ਭਾਉਂਦੀ ਅਤੇ ਛੁਟੇਰੀ ਸੰਭਾਵਨਾ ਵਧੀਆ ਪ੍ਰਾਪਤੀ ਹੁੰਦੀ।

ਜਦ ਕੋਈ ਸੁਪਨੇ ਲੈਣ ਤੀਕ ਹੀ ਸੀਮਤ ਨਾ ਹੋ ਕੇ ਇਸ ਦੀ ਪੂਰਤੀ ਵੰਨੀਂ ਅਹੁਲਦਾ ਤਾਂ ਸੁਪਨੇ ਵਿਚੋਂ ਸੰਭਾਵਨਾਵਾਂ ਉਦੈ ਹੁੰਦੀਆਂ।

ਸਾਰੇ ਸੁਪਨੇ ਸੱਚ ਨਹੀਂ ਹੋ ਸਕਦੇ, ਪਰ ਬਹੁਤ ਸਾਰੇ ਸੁਪਨਿਆਂ ਦੇ ਸੱਚ ਹੋਣ ਦੀਆਂ ਸੰਭਾਵਨਾਵਾਂ ਹੁੰਦੀਆਂ। ਸੁਪਨੇ ਦੀ ਸੰਭਾਵਨਾ, ਸੁਪਨੇ ਦੀ ਪੂਰਤੀ ਲਈ ਲੋੜੀਂਦੇ ਉਦਮ, ਵਸੀਲੇ, ਯਤਨ ਅਤੇ ਸਿਰੜ 'ਤੇ ਨਿਰਭਰ। ਸੰਭਾਵਨਾ ਤਾਂ ਹੀ ਪੈਦਾ ਹੁੰਦੀ, ਜੇ ਇਸ ਸੁਪਨੇ ਦੀ ਸਮਝ ਹੋਵੇ। ਪੂਰਤੀ ਨੂੰ ਜਾਂਦੇ ਰਾਹਾਂ ਦੀ ਸਾਰ ਹੋਵੇ। ਸੁਪਨ-ਮਾਰਗ ਵਿਚ ਆਉਣ ਵਾਲੀਆਂ ਮੁਸ਼ਕਿਲਾਂ, ਔਕੜਾਂ ਦਾ ਅਹਿਸਾਸ ਹੋਵੇ। ਰਾਹ ਵਿਚ ਖੱਡਿਆਂ ਨੂੰ ਟੱਪਣ, ਖਾਈਆਂ ਨੂੰ ਮੇਟਣ ਅਤੇ ਰਾਹ ਦੇ ਕੰਡਿਆਂ ਨੂੰ ਮਿਧਣ ਦੀ ਆਰਜ਼ਾ ਹੋਵੇ। ਸਫਰ ਦੀਆਂ ਮੁਸ਼ਕਿਲਾਂ ਨੂੰ ਟੱਕਰਨ ਅਤੇ ਇਨ੍ਹਾਂ ਨੂੰ ਦਰੜ ਕੇ ਅੱਗੇ ਜਾਣ ਵਾਲਿਆਂ ਲਈ ਸੁਪਨਿਆਂ ਦੀਆਂ ਸੰਭਾਵਨਾਵਾਂ ਵੀ ਹਾਜ਼ਰ।

ਸੰਭਾਵਨਾ ਨੂੰ ਹਰ ਕੋਣ ਤੇ ਹਰ ਨੁਕਤੇ ਤੋਂ ਵਿਚਾਰ ਕੇ ਅਤੇ ਇਸ ਦੀ ਖ਼ੂਬਸੂਰਤੀ ਜਾਂ ਬਦਸੂਰਤੀ ਦੀ ਨਿਰਖ-ਪਰਖ ਕਰਕੇ ਰਾਹਾਂ ਦੀ ਨਿਸ਼ਾਨਦੇਹੀ ਤੇ ਦਿਸਹੱਦਿਆਂ ਦੇ ਹਾਣ ਦੀ ਸੋਚ ਕਰਕੇ ਹੀ ਸੰਭਾਵਨਾ ਨੂੰ ਹੱਕ-ਹਾਸਲ ਬਣਾ ਸਕਦੇ ਹਾਂ। ਕੁਝ ਸੁਪਨਿਆਂ ਦੀ ਸੰਭਾਵਨਾ ਸਿਰਫ ਪੇਤਲੀ ਜਿਹੀ ਹੁੰਦੀ, ਜਦ ਕਿ ਕੁਝ ਦੀ ਬਹੁਤ ਗਾੜ੍ਹੀ। ਸੰਭਾਵਨਾ ਸਮਰੱਥਾ, ਸ਼ਕਤੀ, ਸਮਝ, ਸਾਧਨਾ ਅਤੇ ਸਿਰੜ ਨਾਲ ਲਬਰੇਜ਼ ਹੋਵੇ ਤਾਂ ਸੰਭਾਵਨਾ ਦਾ ਸੱਚ ਸਨਮੁੱਖ ਹੁੰਦਾ।

ਕੁਝ ਲੋਕ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਹੁੰਦੇ। ਕਾਮਯਾਬ ਹੋਣ ਦੀਆਂ ਬਹੁਤ ਸਾਰੀਆਂ ਸੰਭਾਵਨਾਵਾਂ ਹੁੰਦੀਆਂ। ਮਾਪਿਆਂ ਦੇ ਨੈਣਾਂ ਵਿਚ ਸੁਪਨੇ ਹੁੰਦੇ, ਪਰ ਸੰਭਾਵਨਾ ਦੀ ਪੂਰਤੀ ਤਾਂ ਹੀ ਹੁੰਦੀ, ਜੇ ਸਿਆਣਪ ਤੇ ਸਖ਼ਤ ਮਿਹਨਤ ਅਤੇ ਪ੍ਰਤੀਬੱਧਤਾ ਦੀ ਪਾਣ ਚੜ੍ਹਾਈ ਜਾਵੇ। ਕੁਝ ਤਾਂ ਆਮ ਲਿਆਕਤ ਵਾਲੇ ਵੀ ਮਿਹਨਤ ਤੇ ਟੀਚੇ ਪ੍ਰਤੀ ਸਮਰਪਣ ਕਾਰਨ ਉਚੇਰੀਆਂ ਕਾਮਯਾਬੀਆਂ ਹਾਸਲ ਕਰਦੇ; ਪਰ ਕਈ ਵਾਰ ਕੁਝ ਲਾਇਕ ਲੋਕ ਵੀ ਆਪਣੀ ਗਲਤਫਹਿਮੀ ਨਾਲ ਮਿਹਨਤ ਤੋਂ ਗੁਰੇਜ਼ ਕਰਨ ਕਰਕੇ ਸਫਲ ਨਹੀਂ ਹੋ ਸਕਦੇ। ਸਫਲਤਾ ਵਿਚ ਵੱਧ ਹਿੱਸਾ ਮਿਹਨਤ ਦਾ ਹੁੰਦਾ, ਲਿਆਕਤ ਤਾਂ ਬਾਅਦ ਵਿਚ ਆਉਂਦੀ।

ਸੁਪਨੇ ਦਾ ਸੱਚ ਭਾਲਦੇ, ਜੋ ਮਰਦ ਅਖਵਾਣ। ਸਾਬਤ ਕਦਮੀਂ ਤੁਰਦਿਆਂ, ਉਚ-ਮੰਜ਼ਿਲਾਂ ਪਾਣ। ਹਿੰਮਤ ਯਾਰ ਬਣਾ ਕੇ ਜਿਨ੍ਹਾਂ ਕਰੀ ਕਮਾਈ, ਉਨ੍ਹਾਂ ਦੇ ਸੁਪਨ-ਸੱਚ ਨੇ, ਖਾਲੀ ਰੂਹ ਰੁਸ਼ਨਾਈ। ਸਮਿਆਂ ਵੇ! ਤੇਰੀ ਬੀਹੀ ਵਿਚ ਕਈ ਸੁਪਨੇ ਮੋਏ, ਜਿਨ੍ਹਾਂ ਦੀ ਜੂਹੇ ਕਾਲ ਹੀ ਜਿੰਦ ਨੂੰ ਕੋਹੇ। ਸੁਪਨਸ਼ੀਲ ਅੱਖ ਦਾ ਨਾ ਕੋਈ ਸੁਪਨਾ ਤਿੜਕੇ, ਨਾ ਕਿਸੇ ਮਾਸੂਮ ਨੂੰ ਕੋਈ ਜਾਬਰ ਝਿੜਕੇ। ਬਾਲ-ਮਨਾਂ ਵਿਚ ਜਗਦੇ ਕੁਝ ਧਰੋ ਚਿਰਾਗ, ਤਾਂ ਕਿ ਮਿਟ ਜਾਣ ਮੱਥੇ ਦੇ ਲਿਖੇ ਕਾਲੇ ਭਾਗ। ਕਲਮਾਂ ਬੀਜਣ ਸੁਪਨੇ ਜੋ ਸਮੇਂ ਦੇ ਹਾਣੀ, ਤੇ ਕਲਮ-ਕੀਰਤੀ ਬਣ ਜੇ ਬਾਬੇ ਬਿਰਖ ਦੀ ਬਾਣੀ। ਤਿੜਕੇ ਹੋਏ ਸੁਪਨੇ ਦੇ ਜੋ ਭਰੇ ਤਰੋਪੇ, ਉਹੀ ਬਣਦੇ ਸੁਪਨੇ ਦੇ ਗਲ ਪਏ ਸਰੋਪੇ। ਸੁਪਨੇ ਵੰਨੀਂ ਜਾਣ ਦਾ ਸਫਰ ਰੱਖੋ ਜਾਰੀ, ਤਾਂ ਹੀ ਵਕਤ-ਵਿਰਾਸਤ ਨੇ ਜਾਣਾ ਬਲਿਹਾਰੀ।

ਸੰਭਾਵਨਾ ਨੂੰ ਸੰਭਾਵਨਾ ਹੀ ਨਾ ਰਹਿਣ ਦਿਓ, ਸਗੋਂ ਕਿਸੇ ਵੀ ਸੰਭਾਵਨਾ ਨੂੰ ਸੱਚ ਦੇ ਮਾਰਗ ਤੋਰਨ ਲਈ ਖ਼ੁਦ ਪਹਿਲ ਕਰੋ। ਸੁਪਨੇ ਤੋਂ ਸੰਭਾਵਨਾ ਅਤੇ ਸੰਭਾਵਨਾ ਤੋਂ ਸੱਚ ਦੇ ਸਫਰ ਦੀ ਪੂਰਨਤਾ ਵਿਚੋਂ ਹੀ ਕੁਝ ਹਾਸਲ ਹੁੰਦਾ।

ਸੰਭਾਵਨਾ ਨੂੰ ਸੱਚ ਬਣਾਉਣ ਲਈ ਨਿਸ਼ਠਾ, ਨਿਰੰਤਰਤਾ ਅਤੇ ਨੇਕ-ਨੀਤੀ ਦੀ ਲੋੜ। ਸਿਰਫ ਮੱਛੀ ਦੀ ਅੱਖ 'ਤੇ ਨਿਸ਼ਾਨਾ ਸੇਧਤ ਕਰਕੇ ਹੀ ਟੀਚਾ ਹਾਸਲ ਕਰ ਸਕਦੇ ਹਾਂ। ਭਟਕਣਾ ਵਿਚ ਕੁਝ ਵੀ ਪ੍ਰਾਪਤ ਨਹੀਂ ਹੁੰਦਾ।

ਜੀਵਨ ਵਿਚ ਜਿੰਨੀ ਜਲਦੀ ਆਪਣਾ ਟੀਚਾ ਮਿੱਥੋਗੇ, ਸੰਭਾਵਨਾ ਨੂੰ ਸੱਚ ਕਰਨ ਦਾ ਸੰਕਲਪ ਲਵੋਗੇ। ਪ੍ਰਾਪਤੀ ਤੀਕ ਮਾਨਸਿਕ ਅਤੇ ਸਰੀਰਕ ਬੇਚੈਨੀ ਵਿਚ ਰਹੋਗੇ ਤਾਂ ਸੱਚ ਤੁਹਾਡਾ ਹੋਵੇਗਾ। ਸਫਲਤਾ ਸਿਰਫ ਉਨ੍ਹਾਂ ਨੂੰ ਮਿਲਦੀ, ਜਿਨ੍ਹਾਂ ਵਿਚ ਮੰਜ਼ਿਲ 'ਤੇ ਪਹੁੰਚਣ ਦਾ ਜ਼ੁਦਾਅ ਤੇ ਚਾਅ ਹੋਵੇ। ਉਹ ਇਕ ਸੁਪਨੇ ਦੀ ਪੂਰਤੀ ਪਿਛੋਂ ਦੂਜਾ ਸੁਪਨਾ ਲੈਂਦੇ। ਉਨ੍ਹਾਂ ਲਈ ਸੁਪਨੇ ਲੈਣਾ ਅਤੇ ਇਨ੍ਹਾਂ ਨੂੰ ਪੂਰਾ ਕਰਨਾ, ਇਕ ਜੀਵਨ-ਜਾਚ। ਇਹ ਜੀਵਨ-ਜਾਚ ਜੇ ਹਰੇਕ ਵਿਅਕਤੀ ਦਾ ਕਰਮ-ਧਰਮ ਬਣ ਜਾਵੇ ਤਾਂ ਸੁਪਨਾ ਮਨ ਦਾ ਮਾਣ ਬਣਦਾ।

ਕੁਝ ਲੋਕ ਮਸ਼ਹੂਰ ਹੋਣ ਲਈ ਸੁਪਨਾ ਲੈਂਦੇ। ਚਕਾਚੌਂਧੀਂ ਮਸ਼ਹੂਰੀ ਚੰਗੇਰਾ ਕਰਕੇ ਨਹੀਂ, ਸਗੋਂ ਕੁਝ ਅਜਿਹਾ ਕਰਕੇ ਜੋ ਸਮਾਜ ਵਿਚ ਖਲਬਲੀ ਪੈਦਾ ਕਰੇ। ਕਿਸੇ ਨੀਚ ਹਰਕਤ, ਘਟੀਆ ਕਰਤੂਤ ਜਾਂ ਕਮੀਨਗੀ ਦੀ ਇੰਤਹਾ ਵਿਚੋਂ ਮਸ਼ਹੂਰ ਹੋਣ ਦਾ ਸੁਪਨਾ ਲੈਣਾ, ਸਭ ਤੋਂ ਵੱਡਾ ਗੁਨਾਹ। ਮਨੁੱਖਤਾ ਕਦੇ ਵੀ ਅਜਿਹੇ ਸੁਪਨਸਾਜ਼ਾਂ ਨੂੰ ਮੁਆਫ ਨਹੀਂ ਕਰਦੀ, ਪਰ ਜਦ ਕੋਈ ਸੁਪਨਾ ਕੁਝ ਚੰਗਾ ਕਰਨ ਦਾ ਹੋਵੇ, ਬੇਆਸੇ ਦੇ ਆਸ-ਚਿਰਾਗ ਵਿਚ ਰੂਹ-ਤੇਲ ਪਾਉਣਾ, ਸੁਗਮ-ਸੋਚ ਦੀ ਬੱਤੀ ਨਾਲ ਬਲਦਾ ਰੱਖਣਾ, ਸੁੰਨੇ ਵਿਹੜੇ ਨੂੰ ਹਾਸਿਆਂ ਦੀ ਹਵੇਲੀ ਬਣਾਉਣਾ ਜਾਂ ਕਿਸੇ ਬਾਪ ਦੀ ਲਾਚਾਰੀ ਨੂੰ ਦੂਰ ਕਰਨ ਤੇ ਬੁਢਾਪੇ ਦੀ ਡੰਗੋਰੀ ਬਣਨਾ ਜਾਂ ਕਿਸੇ ਅਰਥਹੀਣ ਹਰਫ ਨੂੰ ਪੂੰਝ ਕੇ ਇਸ 'ਚ ਅਰਥਾਂ ਦੀ ਸੂਹੀ ਭਾਅ ਪੈਦਾ ਕਰਨ ਦਾ ਹੁਨਰ ਆ ਜਾਵੇ ਤਾਂ ਸੁਪਨੇ ਦੀ ਸਾਰਥਕਤਾ ਆਪਣੀ ਹੋਂਦ 'ਤੇ ਮਾਣ ਕਰਦੀ।

ਕੁਝ ਲੋਕ ਸੁਪਨਾ ਲੈਂਦੇ, ਸੰਭਾਵਨਾ ਵੀ ਹੁੰਦੀ, ਪਰ ਇਸ ਦੇ ਸੱਚ ਤੋਂ ਟਾਲਾ ਵੱਟਦੇ, ਪਰ ਸੱਚ ਦੀ ਉਡੀਕ ਕਰਦੇ। ਬਿਨਾ ਮਿਹਨਤ ਦੇ ਕੁਝ ਹਾਸਲ ਨਹੀਂ ਹੋਵੇਗਾ। ਅਜਿਹੀ ਬੇਅਰਥ ਆਸ ਨੂੰ ਬੇਆਸ ਹੋਣਾ ਹੀ ਪੈਂਦਾ ਅਤੇ ਖ਼ੁਦ ਨੂੰ ਹਾਰ-ਹੀਣਤਾ ਵਿਚ ਕੋਹਣਾ ਹੀ ਪੈਂਦਾ।

ਕੁਝ ਲੋਕ ਸਿਰਫ ਸੁਪਨੇ ਹੀ ਲੈਂਦੇ। ਨਾ ਉਹ ਸੰਭਾਵਨਾ ਵੰਨੀਂ ਉਲਰਦੇ, ਤੇ ਸੱਚ ਦਾ ਤਾਂ ਉਹ ਧਿਆਨ ਵੀ ਨਹੀਂ ਧਰਦੇ। ਉਹ ਸਿਰਫ ਸੁਪਨਸਾਜ਼ ਹੁੰਦੇ।

ਰਾਤ ਵੇਲੇ ਲਏ ਸੁਪਨੇ ਨਿਰਾ ਛਲਾਵਾ। ਸੁਪਨੇ ਲੈਣੇ ਨੇ ਤਾਂ ਦਿਨ ਨੂੰ ਲਓ, ਆਪਣੇ ਅੰਤਰੀਵ ਵਿਚ ਉਤਾਰੋ ਅਤੇ ਸੁਪਨਿਆਂ ਦਾ ਹਾਣੀ ਬਣ ਕੇ ਇਸ ਦੀ ਸੰਪੂਰਨਤਾ ਨੂੰ ਜ਼ਿੰਦਗੀ ਦਾ ਲਕਸ਼ ਬਣਾਓ।

ਸੁਪਨਾ ਕੋਈ ਵੱਡਾ ਜਾਂ ਛੋਟਾ ਨਹੀਂ ਹੁੰਦਾ। ਸਿਰਫ ਇਸ ਦੀ ਸੰਭਾਵਨਾ ਦਾ ਸੱਚ ਹੀ ਇਸ ਨੂੰ ਵੱਡਾ ਜਾਂ ਛੋਟਾ ਬਣਾਉਂਦਾ। ਮਹਾਨ ਇਨਸਾਨ ਸੁਪਨਿਆਂ ਵਿਚੋਂ ਵੱਡਾ ਸੱਚ ਦੇਖਦੇ ਤਾਂ ਹੀ ਉਨ੍ਹਾਂ ਦਾ ਸੁਪਨਾ ਤੇ ਸੱਚ-ਦੋਵੇਂ ਹੀ ਵੱਡੇ। ਛੋਟੇ ਲੋਕ ਤਾਂ ਸੁਪਨਿਆਂ ਦੇ ਨਿੱਕੇ ਸੱਚ ਨਾਲ ਹੀ ਵੱਡੇਪਣ ਦਾ ਭਰਮ ਪਾਲਦੇ।

ਕਈ ਵਾਰ ਸੁਪਨੇ ਦਾ ਸੱਚ ਸਿਰ ਨੂੰ ਚੜ੍ਹ ਜਾਂਦਾ ਤਾਂ ਮਨੁੱਖ ਵਿਚੋਂ ਮਨੁੱਖਤਾ ਮਰ ਜਾਂਦੀ। ਉਹ ਇਨਸਾਨੀਅਤ ਦਾ ਮਰਸੀਆ ਪੜ੍ਹਨ ਤੀਕ ਹੀ ਸੀਮਤ ਹੁੰਦਾ। ਇਸ ਮਰਸੀਏ ਦੇ ਨਾਲ ਖ਼ੁਦ ਦਾ ਮਰਸੀਆ ਵੀ ਪੜ੍ਹਿਆ ਜਾਂਦਾ।

ਸੁਪਨਾ, ਸੰਭਾਵਨਾ ਅਤੇ ਇਸ ਦੇ ਸੱਚ ਨੂੰ ਨਿਮਰਤਾ ਤੇ ਹਲੀਮੀ ਨਾਲ ਹਜ਼ਮ ਕਰਨ ਵਾਲੇ ਮਾਨਵਤਾ ਦਾ ਮਾਣਮੱਤਾ ਮੁਹਾਂਦਰਾ। ਉਨ੍ਹਾਂ ਵਿਚੋਂ ਮਨਫੀ ਹੁੰਦਾ ਹੰਕਾਰ, ਹੈਂਕੜ, ਹੱਠਧਰਮੀ ਜਾਂ ਹਿਮਾਕਤ। ਉਹ ਠਰੰਮੇ ਤੇ ਸਹਿਜ ਦਾ ਸਿਰਨਾਵਾਂ।

ਸੁਪਨੇ ਤੋਂ ਸੰਭਾਵਨਾ ਤੇ ਫਿਰ ਇਸ ਦੇ ਸੱਚ ਦਾ ਸਫਰ ਬਹੁਤ ਲੰਮੇਰਾ। ਕਸ਼ਟਮਈ ਅਤੇ ਕਠਿਨਾਈਆਂ ਭਰਪੂਰ। ਬਹੁਤ ਵਾਰ ਟੁੱਟਣਾ ਪੈਂਦਾ, ਪਰ ਫਿਰ ਜੁੜ ਕੇ ਸਫਰ ਜਾਰੀ ਰਹਿੰਦਾ। ਇਸ ਟੁੱਟਣ ਤੇ ਜੁੜਨ ਦੀ ਪ੍ਰਕ੍ਰਿਆ ਵਿਚੋਂ ਜੋ ਆਪਣਾ ਲੋਹਾ ਮੰਨਵਾ ਲੈਂਦੇ, ਉਨ੍ਹਾਂ ਲਈ ਕੁਝ ਵੀ ਅਸੰਭਵ ਨਹੀਂ ਹੁੰਦਾ। ਸਿਰਫ ਦੇਰ ਹੋ ਸਕਦੀ, ਪਰ ਪ੍ਰਾਪਤੀ ਜਰੂਰ ਹੁੰਦੀ। ਜਦ ਕਿਸੇ ਨੂੰ ਸੁਪਨਾ ਲੈਣ ਤੋਂ ਹੀ ਵਰਜਿਆ ਜਾਵੇ ਜਾਂ ਕਿਸੇ ਦੇ ਦੀਦਿਆਂ ਵਿਚ ਸਤਮਾਹੇ ਸੁਪਨੇ ਦਾ ਸੋਗ ਧਰ ਦਿਤਾ ਜਾਵੇ ਤਾਂ ਸੁਪਨ-ਸੱਟ ਸਦਾ ਚਸਕਦੀ। ਇਸ ਪੀੜਾ ਵਿਚ ਬਹੁਤ ਕੁਝ ਖੁਰ ਜਾਂਦਾ, ਜਿਸ ਨੇ ਸੰਸਾਰ ਨੂੰ ਸੁੰਦਰ ਤੇ ਸਜੀਵ ਬਣਾਉਣਾ ਹੁੰਦਾ। ਅਜੋਕਾ ਮਨੁੱਖ ਸੁਪਨੇ ਅਰਪਣ ਜਾਂ ਕਿਸੇ ਦੇ ਨੈਣਾਂ ਵਿਚ ਸੁਪਨਾ ਧਰਨ ਦੀ ਥਾਂ ਸੁਪਨਾ ਖੋਹਣ ਲਈ ਵੱਧ ਉਤਸੁਕ। ਇਸ ਹਾਬੜੀ ਉਤਸੁਕਤਾ 'ਚ ਗਰਕ ਰਹੀ ਮਨੁੱਖਤਾ। ਮਨੁੱਖ ਸਿਰਫ ਖ਼ੁਦ ਤੀਕ ਹੀ ਸੀਮਤ।

ਸੁਪਨੇ ਲੈਣਾ, ਇਸ ਦਾ ਵਿਗਸਣਾ। ਇਸ ਦੀਆਂ ਸੰਭਾਵਨਾਵਾਂ ਦਾ ਪੁੰਗਰਨਾ, ਚੁਫੇਰੇ ਫੈਲਾਓ ਅਤੇ ਇਸ ਵਿਚੋਂ ਸੱਚ ਦੇ ਸੂਰਜ ਦੀ ਰੋਸ਼ਨੀ ਤੇ ਨਿੱਘ ਨਾਲ ਸਮੁੱਚੀ ਕਾਇਨਾਤ ਨੂੰ ਸਰਸ਼ਾਰ ਕਰਨਾ, ਇਕ ਸ਼ੁਭ ਸ਼ਗਨ। ਪਹਿਲ ਕਰਨਾ, ਸ਼ੁਭ ਬਚਨ। ਉਦਮ ਤੇ ਹੌਸਲਾ ਅਫਜ਼ਾਈ ਸੋਹਣੇ ਸ਼ਖ਼ਸ ਦਾ ਪਹਿਲਾ ਕਰਤੱਵ। ਇਸ ਦੀ ਪਾਲਣਾ ਦਾ ਕਿਸੇ ਸਮਾਜ ਵਿਚ ਸ਼ੁਰੂ ਹੋਣਾ, ਜਿਉਂਦੇ ਮਨੁੱਖ ਦਾ ਅਹਿਸਾਸ।

ਕਦੇ ਵੀ ਸੁਪਨਾ ਚੋਰੀ ਨਾ ਕਰੋ, ਨਿਆਰੇ ਮੁਹਾਂਦਰੇ ਵਾਲਾ ਸੁਪਨਾ ਖ਼ੁਦ ਸਿਰਜੋ। ਵੱਖਰੀ ਅਤੇ ਨਰੋਈ ਪਛਾਣ, ਸੁਪਨ-ਸੱਚ ਰਾਹੀਂ ਪ੍ਰਗਟ ਹੋਵੇਗੀ, ਜੋ ਸਿਰਫ ਤੁਹਾਡੀ ਹੋਵੇਗੀ। ਵਿਲੱਖਣ ਸੁਪਨੇ ਦਾ ਮੁੱਲ ਪੈਂਦਾ। ਜੇ ਸੁਪਨਿਆਂ ਵਿਚ ਅੰਤਰ ਨਾ ਹੋਵੇ ਤਾਂ ਵਿਭਿੰਨ ਕਿੰਜ ਹੋਵੋਗੇ?

ਕਿਸੇ ਦੀ ਸੁਪਨ-ਸੰਭਾਵਨਾ ਨੂੰ ਸੱਚ ਕਰਨ ਲਈ ਮਦਦ ਜਰੂਰ ਕਰੋ, ਕਿਉਂਕਿ ਕੀਤੀ ਹੋਈ ਮਦਦ ਤੁਹਾਡੀ ਸੁਪਨ ਪੂਰਤੀ ਵਿਚ ਵੀ ਸਾਰਥਕ ਹੋਵੇਗੀ। ਕਿਸੇ ਹੋਰ ਦੀ ਪੂਰਤੀ ਦੇ ਨਾਲ ਤੁਸੀਂ ਵੀ ਬਹੁਤ ਕੁਝ ਹਾਸਲ ਕਰੋਗੇ।

ਸੁਪਨੇ ਤੋਂ ਸੰਭਾਵਨਾ ਦਾ ਸਫਰ ਬਹੁਤ ਸਾਰੇ ਮੌਕਿਆਂ ਨੂੰ ਸਾਡੇ ਸਨਮੁੱਖ ਕਰਦਾ, ਜਿਨ੍ਹਾਂ ਦੀ ਸੁਯੋਗ ਵਰਤੋਂ ਨਾਲ ਬਹੁਤ ਕੁਝ ਹਾਸਲ ਕੀਤਾ ਜਾ ਸਕਦਾ। ਔਕੜਾਂ ਨਹੀਂ, ਸਗੋਂ ਸੰਭਾਵਨਾਵਾਂ ਦੇਖੋ, ਤੁਹਾਡੇ ਲਈ ਅਕਾਸ਼ ਵੀ ਨਿੱਕਾ ਹੋਵੇਗਾ।

ਸੰਭਾਵਨਾਵਾਂ ਅਥਾਹ ਹੁੰਦੀਆਂ, ਕਦੇ ਵੀ ਨਹੀਂ ਮੁਕਦੀਆਂ। ਜਦ ਸੰਭਾਵਨਾਵਾਂ ਨਾ ਦਿੱਸਣ ਤਾਂ ਸਮਝੋ ਬੰਦਾ ਹਾਰ ਗਿਆ ਏ। ਕੁਝ ਲੋਕ ਤਾਂ ਅਜਿਹੀਆਂ ਸੰਭਾਵਨਾਵਾਂ ਦਾ ਸੱਚ ਪ੍ਰਗਟ ਕਰਦੇ, ਜਿਨ੍ਹਾਂ ਦਾ ਕਿਆਸ ਵੀ ਨਹੀਂ ਕੀਤਾ ਜਾ ਸਕਦਾ। ਸੁਪਨਾ ਉਹ ਸੰਭਾਵਨਾ, ਜੋ ਸੱਚ ਬਣਨ ਲਈ ਅੰਗੜਾਈ ਭਰਦੀ। ਕਿਸੇ ਮਰਦ ਅਗੰਮੜੇ ਦੀ ਦਸਤਕ ਲਈ ਉਤਾਵਲਾ। ਇਸ ਦੂਰੀ ਨੂੰ ਉਦਮੀ ਹੀ ਮੇਟਦੇ।

ਜਦ ਕੋਈ ਸੁਪਨਾ ਲੈਂਦਾ ਹੈ ਤਾਂ ਉਹ ਟੀਚਾ ਮਿੱਥਦਾ ਹੈ। ਇਸ ਟੀਚੇ ਦੀ ਪ੍ਰਾਪਤੀ ਵੱਲ ਪੁੱਟਿਆ ਕਦਮ, ਕੋਸ਼ਿਸ਼ ਦਾ ਅਰੰਭ। ਕੋਸ਼ਿਸ਼ ਨੂੰ ਪਿਆ ਹੋਇਆ ਬੂਰ ਪ੍ਰਾਪਤੀ ਦਾ ਅਹਿਸਾਸ ਮਨ-ਜੂਹ ਵਿਚ ਪੈਦਾ ਕਰਦਾ।

ਜਦ ਸੁਪਨਾ ਲੈਂਦੇ ਤਾਂ ਅਸੰਭਵ ਜਾਪਦਾ, ਪਰ ਜਦ ਇੱਛਾ ਸ਼ਕਤੀ ਨੂੰ ਸੁਪਨਾ ਪੂਰਤੀ ਵੰਨੀਂ ਸੇਧਤ ਕਰਦੇ ਤਾਂ ਕਈ ਸੰਭਾਵਨਾਵਾਂ ਸਾਹਮਣੇ ਆਉਂਦੀਆਂ। ਅਖੀਰ ਵਿਚ ਸਿਰੜ ਤੇ ਇਰਾਦਾ ਸੰਭਾਵਨਾਵਾਂ ਦਾ ਸੱਚ ਹੁੰਦਾ।

ਸੁਪਨਾ ਨਾ ਲੈਣ ਵਾਲੇ ਵਿਅਕਤੀ ਜਿਉਂਦੇ ਨਹੀਂ, ਸੁਪਨੇ ਸਿਰਫ ਜਿਉਂਦਿਆਂ ਨੂੰ ਆਉਂਦੇ। ਮਰੇ ਹੋਏ ਸੁਪਨੇ ਨਹੀਂ ਲੈ ਸਕਦੇ। ਦੇਖਣਾ ਕਿ ਤੁਸੀਂ ਜਿਉਂਦੇ ਹੋ ਜਾਂ ਮਾਨਸਿਕ ਤੌਰ 'ਤੇ ਮਰ ਚੁਕੇ ਹੋ?

ਹਰ ਇਕ ਨੂੰ ਆਪਣਾ ਜੀਵਨ ਸਫਰ ਇਸ ਤਰ੍ਹਾਂ ਨਿਰਧਾਰਤ ਕਰਨਾ ਚਾਹੀਦਾ ਕਿ ਹਰ ਮੋੜ 'ਤੇ ਸੁਪਨਾ ਤੇ ਇਸ ਦਾ ਸੱਚ ਇਕ ਦੂਜੇ ਨੂੰ ਗਲਵੱਕੜੀ ਪਾ ਕੇ ਮਿਲਣ।

ਜ਼ਿੰਦਗੀ ਵਿਚ ਕਈ ਵਾਰ ਅਜਿਹਾ ਪਲ ਆਉਂਦਾ ਕਿ ਸੱਚ, ਸੁਪਨਾ ਹੀ ਲੱਗਦਾ, ਜਦ ਕਿ ਸੁਪਨਾ ਸੱਚ ਜਾਪਣ ਲੱਗ ਪੈਂਦਾ। ਮਿੱਟ ਜਾਂਦਾ ਸੁਪਨੇ ਤੇ ਸੱਚ ਵਿਚਲਾ ਫਰਕ।

ਜੀਵਨ ਵਿਚ ਕੁਝ ਵੀ ਗਾਰੰਟੀਸ਼ੁਦਾ ਨਹੀਂ। ਸਿਰਫ ਜੀਵਨ ਵਿਚ ਸੰਭਾਵਨਾਵਾਂ ਅਤੇ ਮੌਕੇ ਹੀ ਹੁੰਦੇ, ਜਿਨ੍ਹਾਂ ਨੂੰ ਵਰਤ ਕੇ ਪ੍ਰਾਪਤੀਆਂ ਕੀਤੀਆਂ ਜਾ ਸਕਦੀਆਂ। ਕੁਝ ਵੀ ਨਿਸ਼ਚਿਤ ਨਹੀਂ। ਕੋਈ ਵਿਗਿਆਨੀ ਬਣਨ ਵੱਲ ਜਾਂਦਾ ਜਾਂਦਾ ਇਕ ਵਧੀਆ ਕਲਾਕਾਰ ਬਣ ਜਾਂਦਾ।

ਭਵਿੱਖ ਉਨ੍ਹਾਂ ਦਾ ਹੀ ਜੋ ਸੰਭਾਵਨਾ ਵਿਚੋਂ ਸਰਘੀ ਦੀ ਆਮਦ ਦਾ ਅੰਦਾਜ਼ਾ ਲਾਉਂਦੇ। ਉਨ੍ਹਾਂ ਦੇ ਜੀਵਨ ਵਿਚ ਸ਼ਾਮ ਨਹੀਂ, ਸਗੋਂ ਸਵੇਰ ਹੀ ਹੁੰਦੀ।

ਹਰ ਦਿਨ ਨਵਾਂ ਸੁਪਨਾ ਨਵੀਆਂ ਸੰਭਾਵਨਾਵਾਂ, ਨਵੀਂ ਸੋਚ ਅਤੇ ਨਵੀਂ ਸ਼ਕਤੀ ਲੈ ਕੇ ਮਨ-ਦਰ 'ਤੇ ਦਸਤਕ ਦਿੰਦਾ। ਇਹ ਵਿਅਕਤੀ 'ਤੇ ਨਿਰਭਰ ਕਿ ਇਸ ਦਾ ਕਿੰਨਾ ਕੁ ਲਾਹਾ ਲੈਣਾ ਅਤੇ ਕਿਹੜਾ ਸੱਚ ਆਪਣਾ ਬਣਾਉਣਾ?

ਨਵਾਂ ਸੁਪਨਾ ਤੇ ਸੰਭਾਵਨਾ ਤਬਦੀਲੀ ਦੀ ਸੂਚਕ। ਨਵੀਆਂ ਤਰਜ਼ੀਹਾਂ, ਤਦਬੀਰਾਂ ਤੇ ਤਕਦੀਰਾਂ ਦੀ ਨਿਸ਼ਾਨਦੇਹੀ। ਤਰੱਕੀ ਅਤੇ ਬੁਲੰਦੀ ਦਾ ਪ੍ਰਮਾਣ।

ਸੰਸਾਰ ਦੀਆਂ ਸਮੁੱਚੀਆਂ ਪ੍ਰਾਪਤੀਆਂ, ਸੁਪਨੇ ਲੈਣ, ਸੰਭਾਵਨਾਵਾਂ ਅਤੇ ਇਨ੍ਹਾਂ ਦੀ ਪੂਰਤੀ ਵਿਚੋਂ ਹੀ ਪੈਦਾ ਹੋਈਆਂ। ਸੁਪਨੇ ਤੋਂ ਵੱਡਾ ਤਾਂ ਕੋਈ ਸੱਚ ਨਹੀਂ। ਬੱਚਾ ਜਦ ਸੁਪਨੇ ਦੇਖਣ ਲੱਗ ਪਵੇ ਤਾਂ ਇਸ ਨੂੰ ਪੂਰਾ ਕਰਨ ਲਈ ਉਹ ਖ਼ੁਦ ਵੀ ਉਚੇਚ ਕਰਦਾ, ਹੱਲ ਤਲਾਸ਼ਦਾ ਅਤੇ ਪੂਰਤੀ ਦੀ ਲਗਨ ਦਿਨ-ਰਾਤ ਉਕਸਾਉਂਦੀ।

ਜਦ ਕੋਈ ਵਿਅਕਤੀ ਕੁਝ ਚੰਗੇਰਾ ਕਰਨ ਦਾ ਸੁਪਨਾ ਲੈਂਦਾ ਤਾਂ ਦਰਅਸਲ ਉਹ ਪੂਰਨ ਮਨੁੱਖ ਬਣਨ ਵੰਨੀਂ ਰੁਚਿਤ ਹੁੰਦਾ। ਇਹ ਰੁਚੀ ਹੀ ਉਸ ਦੇ ਇਨਸਾਨ ਹੋਣ ਦਾ ਪ੍ਰਮਾਣ।

ਸੁਪਨਾ, ਸੰਭਾਵਨਾ ਤੇ ਸੱਚ, ਸਭ ਦਾ ਹਾਸਲ ਹੋਵੇ। ਹਰੇਕ ਹੀ ਸੁਪਨ-ਪ੍ਰਾਪਤੀ ਨੂੰ ਆਪਣਾ ਇਸ਼ਟ ਮੰਨ ਕੇ ਅਰਾਧਨਾ ਕਰੇ। ਇਸ ਦੀ ਆਸਥਾ ਦੌਰਾਨ ਖ਼ੁਦ 'ਤੇ ਪੂਰਨ ਭਰੋਸਾ ਰੱਖੋਗੇ ਤਾਂ ਸੁਪਨ-ਪੂਰਤੀ ਨੂੰ ਕੋਈ ਨਹੀਂ ਰੋਕ ਸਕਦਾ। ਕਾਮਨਾ, ਸ਼ੁਭ-ਚਿੰਤਨ ਹੋਵੇ। ਚੇਤਨਾ, ਚਿਰਾਗ ਬਣ ਕੇ ਹਰ ਮਸਤਕ ਨੂੰ ਪ੍ਰਾਪਤੀ ਨਾਲ ਰੁਸ਼ਨਾਵੇ, ਇਹ ਕਾਮਨਾ ਤਾਂ ਕੀਤੀ ਹੀ ਜਾ ਸਕਦੀ।

# ਕਿਵੇਂ ਹੁੰਦਾ ਹੈ ਆਨਲਾਈਨ ਫਰਾਡ ? ਇਸ ਦੇ ਬਚਾਅ ਲਈ ਸਾਵਧਾਨੀਆਂ

**ਲੇਖਕ : ਜਗਦੇਵ ਸ਼ਰਮਾ ਬੁਗਰਾ**
**ਸੰਪਰਕ: 98727-87243**



ਵਰਤਮਾਨ ਯੁੱਗ ਕੰਪਿਊਟਰ ਦਾ ਯੁੱਗ ਹੈ ਅਤੇ ਸਮਾਰਟ ਫੋਨ ਦੇ ਰੂਪ ਵਿਚ ਅੱਜ ਹਰ ਇੱਕ ਦੇ ਹੱਥ ਵਿਚ ਮਿਨੀ ਕੰਪਿਊਟਰ ਹੈ। ਇਸ ਮੋਬਾਈਲ ਫੋਨ ਨੇ ਮਨੁੱਖੀ ਜ਼ਿੰਦਗੀ ਬਹੁਤ ਸੁਖਾਲੀ ਕਰ ਦਿੱਤੀ ਹੈ। ਵ੍ਹੱਟਸਐਪ, ਫੇਸਬੁੱਕ, ਟਵਿੱਟਰ, ਇੰਸਟਾਗ੍ਰਾਮ ਆਦਿ ਨੇ ਦੁਨੀਆ ਬਹੁਤ ਛੋਟੀ ਕਰ ਦਿੱਤੀ ਹੈ। ਰੋਜ਼ਾਨਾ ਜ਼ਿੰਦਗੀ ਵਿਚ ਕੰਮ ਆਉਣ ਵਾਲੀ ਬਹੁਤ ਸਾਰੀ ਜਾਣਕਾਰੀ ਇਸ ਯੰਤਰ ਵਿਚ ਮਿਲਦੀ ਹੈ। ਦਿਨਾਂ ਮਹੀਨਿਆਂ ਵਿਚ ਹੋਣ ਵਾਲੇ ਕੰਮ ਹੁਣ ਘੰਟਿਆਂ ਮਿੰਟਾਂ ਵਿਚ ਹੋਣ ਲੱਗ ਪਏ ਹਨ।

ਸਾਇੰਸ ਦੀ ਤਰੱਕੀ ਨਾਲ ਸਾਡੀ ਜ਼ਿੰਦਗੀ ਬੇਸ਼ੱਕ ਕਾਫੀ ਸੁਖਾਲੀ ਹੋ ਗਈ ਹੈ ਪਰ ਇਹ ਆਪਣੇ ਨਾਲ ਬਹੁਤ ਸਾਰੀਆਂ ਸਮੱਸਿਆਵਾਂ ਵੀ ਲੈ ਕੇ ਆਈ ਹੈ। ਆਨਲਾਈਨ ਫਰਾਡ ਦਾ ਹੀ ਮਸਲਾ ਹੈ। ਠੱਗਾਂ, ਚੋਰਾਂ, ਧੋਖੇਬਾਜ਼ਾਂ ਦੀ ਅੱਖ ਹਮੇਸ਼ਾ ਪੈਸਿਆਂ ਉੱਪਰ ਰਹਿੰਦੀ ਹੈ। ਉਹ ਹਰ ਹਰਬਾ ਵਰਤ ਕੇ ਤੁਹਾਡੀ ਜਮ੍ਹਾਂ ਪੂੰਜੀ ਉਡਾ ਲਿਜਾਣਾ ਸੋਚਦੇ ਹਨ ਤਾਂ ਕਿ ਰਾਤੋ-ਰਾਤ ਅਮੀਰ ਹੋ ਸਕਣ। ਇਹਨਾਂ ਲੋਕਾਂ ਦੁਆਰਾ ਵਰਤੇ ਜਾਂਦੇ ਢੰਗ ਤਰੀਕਿਆਂ ਬਾਰੇ ਜਾਣਕਾਰੀ ਦੇਣ ਲਈ ਭਾਰਤੀ ਰਿਜ਼ਰਵ ਬੈਂਕ ਨੇ 28-30 ਪੰਨਿਆਂ ਦਾ ਕਿਤਾਬਚਾ ਲਿਆਂਦਾ ਗਿਆ ਹੈ ਜਿਸ ਦਾ ਨਾਂ ਰੱਖਿਆ ਹੈ: ਰਾਜੂ ਅਤੇ ਚਾਲੀ ਚੋਰ। ਇਸ ਵਿਚ ਦਰਜ ਸਮੱਗਰੀ ਦਾ ਸੰਖੇਪ ਵਰਨਣ ਇਸ ਤਰ੍ਹਾਂ ਹੈ:

-ਤੁਹਾਨੂੰ ਫੋਨ ਆਉਂਦਾ ਹੈ ਕਿ ਤੁਹਾਡੇ ਕੇਵਾਈਸੀ ਵੇਰਵੇ ਅਧੂਰੇ ਹਨ। ਇਨ੍ਹਾਂ ਨੂੰ ਮੁਕੰਮਲ ਕਰਨ ਦੇ ਬਹਾਨੇ ਮਹੱਤਵਪੂਰਨ ਜਾਣਕਾਰੀ ਲੈ ਲਈ ਜਾਂਦੀ ਹੈ।

-ਫੋਨ ਉੱਤੇ ਦੱਸਿਆ ਜਾਂਦਾ ਹੈ ਕਿ ਤੁਹਾਡੇ ਏਟੀਐੱਮ ਕਾਰਡ ਦੀ ਮਿਆਦ ਲੰਘਣ ਵਾਲੀ ਹੈ ਅਤੇ ਬਲੌਕ ਹੋਣ ਦਾ ਡਰ ਹੈ। ਇਹ ਕਹਿ ਕੇ ਕਾਰਡ ਬਾਰੇ ਜਾਣਕਾਰੀ ਹਾਸਲ ਕਰ ਲਈ ਜਾਂਦੀ ਹੈ।

-ਪਹਿਲਾਂ ਤੁਹਾਨੂੰ ਦੱਸਿਆ ਜਾਂਦਾ ਹੈ ਕਿ ਇੱਕ ਪਾਲਿਸੀ ਬਹੁਤ ਹੀ ਸਸਤੇ ਰੇਟ 'ਤੇ ਤੁਹਾਨੂੰ ਜਾਰੀ ਕਰ ਦਿੱਤੀ ਗਈ ਹੈ ਅਤੇ ਤੁਹਾਡੇ ਇਨਕਾਰ ਕਰਨ ਅਤੇ ਡੀਐਕਟੀਵੇਟ ਕਰਨ ਦੇ ਬਹਾਨੇ ਓਟੀਪੀ ਮੰਗਿਆ ਜਾਂਦਾ ਹੈ ਅਤੇ ਤੁਹਾਡੇ ਖਾਤੇ ਵਿਚਲੀ ਰਕਮ ਗਾਇਬ ਕਰ ਦਿੱਤੀ ਜਾਂਦੀ ਹੈ।

-ਤੁਹਾਨੂੰ ਕ੍ਰੈਡਿਟ ਕਾਰਡ ਦੇ ਖਰਚੇ ਤੋਂ ਛੋਟ ਦੇ ਬਹਾਨੇ ਕ੍ਰੈਡਿਟ ਕਾਰਡ ਦੀ ਜਾਣਕਾਰੀ ਲੈ ਕੇ ਚੂਨਾ ਲਗਾ ਦਿੱਤਾ ਜਾਂਦਾ ਹੈ।

-ਤੁਸੀਂ ਕੋਈ ਵਸਤੂ ਆਨਲਾਈਨ ਵੇਚਣ ਦਾ ਇਸ਼ਤਿਹਾਰ ਦਿੱਤਾ ਹੈ ਤਾਂ ਝੱਟ ਹੀ ਕੋਈ ਧੋਖੇਬਾਜ਼ ਗ੍ਰਾਹਕ ਬਣ ਕੇ ਤੁਹਾਨੂੰ ਮੂੰਹ ਮੰਗੀ ਕੀਮਤ ਦੇਣ ਲਈ ਤਿਆਰ ਹੋ ਜਾਂਦਾ ਹੈ ਅਤੇ ਬਹੁਤ ਥੋੜ੍ਹੀ ਰਕਮ ਤੁਹਾਡੇ ਖਾਤੇ ਵਿਚ ਵੀ ਪਾ ਦਿੰਦਾ ਹੈ ਪਰ ਇਸ ਦੇ ਨਾਲ ਹੀ ਫਰਾਡ ਦਾ ਖੇਡ ਸ਼ੁਰੂ ਹੁੰਦਾ ਹੈ।

-ਵਿਦੇਸ਼ੀਂ ਬੈਠੇ ਤੁਹਾਡੇ ਕਿਸੇ ਜਾਣਕਾਰ ਨੂੰ ਮੁਸੀਬਤ ਵਿਚ ਫਸਿਆ ਦੱਸ ਕੇ ਤੁਹਾਨੂੰ ਕਿਸੇ ਖਾਤੇ ਵਿਚ ਪੈਸੇ ਪਾਉਣ ਲਈ ਆਖਿਆ ਜਾਂਦਾ ਹੈ।

-ਇਸੇ ਤਰ੍ਹਾਂ ਤੁਹਾਡੇ ਕਿਸੇ ਜਾਣਕਾਰ ਦੀ ਫੇਕ ਆਈਡੀ ਬਣਾ ਕੇ ਉਸ ਦੀ ਐਮਰਜੈਂਸੀ ਵਿੱਤੀ ਸਹਾਇਤਾ ਵਾਸਤੇ ਕਿਹਾ ਜਾਂਦਾ ਹੈ।

-ਇਹ ਕਹਿ ਕੇ ਕਿ ਤੁਹਾਨੂੰ ਤੁਹਾਡੀ ਪੁੱਗ ਚੁੱਕੀ ਬੀਮਾ ਪਾਲਿਸੀ ਉੱਤੇ ਬੋਨਸ ਦੇਣਾ ਹੈ ਅਤੇ ਤੁਹਾਡੇ ਖਾਤੇ ਦੀ ਜਾਣਕਾਰੀ ਵਰਤ ਕੇ ਫਰਾਡ ਕੀਤਾ ਜਾਂਦਾ ਹੈ।

-ਏਟੀਐੱਮ ਵਿਚੋਂ ਪੈਸੇ ਕਢਵਾਉਂਦੇ ਵਕਤ ਤੁਹਾਡਾ ਕਾਰਡ ਬਦਲ ਦੇਣਾ ਹੁਣ ਆਮ ਹੋ ਗਿਆ ਹੈ।

-ਤੁਹਾਡੇ ਏਟੀਐੱਮ ਕਾਰਡ ਦੀ ਜਾਣਕਾਰੀ ਇਕੱਤਰ ਕਰਨ ਲਈ ਏਟੀਐੱਮ ਰੂਮ ਵਿਚ ਬਹੁਤ ਹੀ ਮਹੀਨ ਕੈਮਰੇ ਫਿੱਟ ਕਰ ਦਿੱਤੇ ਜਾਂਦੇ ਹਨ ਜਿਸ ਦੇ ਜ਼ਰੀਏ ਕਾਰਡ ਅਤੇ ਪਾਸਵਰਡ ਦੀ ਜਾਣਕਾਰੀ ਲੈ ਲਈ ਜਾਂਦੀ ਹੈ।

-ਏਟੀਐੱਮ ਮਸ਼ੀਨ ਦੇ ਸੁਰਾਖ਼ ਵਿਚ ਯੰਤਰ ਫਿੱਟ ਕਰ ਕੇ ਸਾਰੀ ਜਾਣਕਾਰੀ ਕਾਪੀ ਕਰ ਲਈ ਜਾਂਦੀ ਹੈ।

-ਤੁਹਾਨੂੰ ਆਨਲਾਈਨ ਨੌਕਰੀ ਦੀ ਪੇਸ਼ਕਸ਼ ਆਉਂਦੀ ਹੈ ਅਤੇ ਕਿਸੇ ਅਣਜਾਣ ਸਾਈਟ 'ਤੇ ਕਲਿਕ ਕਰਨ ਨੂੰ ਕਿਹਾ ਜਾਂਦਾ ਹੈ। ਉਸ ਸਾਈਟ ਉੱਪਰ ਤੁਹਾਡੇ ਦੁਆਰਾ ਦਿੱਤੀ ਜਾਣਕਾਰੀ ਨੂੰ ਧੋਖੇਬਾਜ਼ ਫਰਾਡ ਕਰਨ ਲਈ ਇਸਤੇਮਾਲ ਕਰ ਸਕਦਾ ਹੈ।

-ਘਰੋਂ ਬੈਠ ਕੇ ਕੰਮ ਕਰੋ ਅਤੇ ਮੋਟੀ ਕਮਾਈ ਕਰੋ, ਵਾਲਾ ਸੂਤਰ ਵੀ ਇਸੇ ਤਰ੍ਹਾਂ ਦੇ ਫਰਾਡ ਲਈ ਵਰਤਿਆ ਜਾਂਦਾ ਹੈ। ਨੌਕਰੀ ਲਈ ਚੋਣ ਹੋ ਗਈ ਦੱਸ ਕੇ ਕੁੱਝ ਰਕਮ ਜ਼ਮਾਨਤ ਰਾਸ਼ੀ ਵਜੋਂ ਮੰਗੀ ਜਾਂਦੀ ਹੈ।

-ਮੋਬਾਈਲ ਟਾਵਰ ਲਗਵਾਉਣ ਲਈ ਚਾਹਵਾਨ ਮਿਲੋ। ਝੱਟ ਤੁਹਾਡੀ ਅਰਜ਼ੀ ਮਨਜ਼ੂਰ ਕਰ ਕੇ ਜ਼ਮਾਨਤ ਰਕਮ ਜਮ੍ਹਾਂ ਕਰਵਾਉਣ ਲਈ ਕਿਹਾ ਜਾਂਦਾ ਹੈ।

-ਰੇਲਵੇ ਸਟੇਸ਼ਨ, ਬੱਸ ਸਟੈਂਡ, ਮਾਲ ਵਰਗੀਆਂ ਸਾਂਝੀਆਂ ਥਾਵਾਂ ਉੱਪਰ ਚਾਰਜਿੰਗ ਕੇਬਲ ਰਾਹੀਂ ਡੇਟਾ ਚੋਰੀ ਕਰਨ ਦੀਆਂ ਘਟਨਾਵਾਂ ਵੀ ਵਾਪਰਨ ਲੱਗੀਆਂ ਹਨ।

-ਕਈ ਵਾਰੀ ਆਨਲਾਈਨ ਅਦਾਇਗੀ ਕਰਨ ਵੇਲੇ ਨੈੱਟ ਦੀ ਸਮੱਸਿਆ ਆ ਜਾਂਦੀ ਹੈ ਅਤੇ ਤੁਹਾਨੂੰ ਮੁਫ਼ਤ ਦੀ ਵਾਈ ਫਾਈ ਦੈ ਪੇਸ਼ਕਸ਼ ਕੀਤੀ ਜਾਂਦੀ ਹੈ। ਉਸ ਵਾਈ ਫਾਈ ਰਾਹੀਂ ਇਕੱਤਰ ਕੀਤੀ ਸੂਚਨਾ ਨੂੰ ਫਰਾਡ ਕਰਨ ਲਈ ਵਰਤਿਆ ਜਾਂਦਾ ਹੈ।

-ਪੈਨਸ਼ਨਰਾਂ ਨੂੰ ਆਨਲਾਈਨ ਲਾਈਫ ਸਰਟੀਫਿਕੇਟ ਦੇਣ ਲਈ ਆਖ ਕੇ ਓਟੀਪੀ ਸ਼ੇਅਰ ਕਰਨ ਲਈ ਆਖਿਆ ਜਾਂਦਾ ਹੈ।

-ਤੁਹਾਡੇ ਈਮੇਲ ਆਈਡੀ ਉੱਤੇ ਤੁਹਾਡਾ ਮਿੱਤਰ ਬਣ ਕੇ ਐਮਰਜੈਂਸੀ ਆਰਥਿਕ ਸਹਾਇਤਾ ਵਾਸਤੇ ਬੇਨਤੀ ਕੀਤੀ ਜਾਂਦੀ ਹੈ।

-ਮੈਸੇਜ ਐਪ ਉੱਤੇ ਕਿਸੇ ਖਾਸ ਐਪ ਨੂੰ ਵਰਤਣ ਵਜੋਂ ਗਿਫਟ ਵਾਊਚਰ ਦੀ ਆਫਰ ਦੇ ਕੇ ਕਾਲ ਡਿਟੇਲ ਅੱਪਡੇਟ ਕਰਨ ਲਈ ਭੇਜੇ ਗਏ ਓਟੀਪੀ ਨੂੰ ਵਰਤ ਕੇ ਫਰਾਡ ਕਰ ਲਿਆ ਜਾਂਦਾ ਹੈ।

-ਕਈ ਫੇਕ ਏਜੰਸੀਆਂ ਕਰਜ਼ ਦੀ ਆਫਰ ਲੈ ਕੇ ਹਾਜ਼ਰ ਹੁੰਦੀਆਂ ਹਨ। ਤੁਹਾਡੇ ਘਰੋਂ ਤੁਹਾਡੇ ਦਸਤਾਵੇਜ਼ ਲੈ ਲਏ ਜਾਂਦੇ ਹਨ। ਲੋਨ ਤੁਹਾਡੇ ਦਸਤਾਵੇਜ਼ਾਂ ਨਾਲ ਤੁਹਾਡੇ ਨਾਂ ਹੋਵੇਗਾ ਜਦਕਿ ਫਾਇਦਾ ਕੋਈ ਹੋਰ ਹੀ ਉਠਾ ਗਿਆ ਹੋਵੇਗਾ।

-ਕ੍ਰਿਕਟ ਵਰਗੀ ਗੇਮ ਵਿਚ ਸੱਟੇ ਰਾਹੀਂ ਸੌਖਿਆਂ ਲੱਖਪਤੀ ਬਣਨ ਦਾ ਝਾਂਸਾ ਦਿੱਤਾ ਜਾਂਦਾ ਹੈ। ਰਜਿਸਟਰੇਸ਼ਨ ਦੇ ਨਾਂ 'ਤੇ ਪੈਸੇ ਮੰਗ ਲਏ ਜਾਂਦੇ ਹਨ।

-ਫੇਕ ਕਾਲ ਰਾਹੀਂ ਟੀਕਾਕਰਨ ਲਈ ਤੁਹਾਡੇ ਆਧਾਰ ਕਾਰਡ, ਪੈਨ ਕਾਰਡ ਵਗੈਰਾ ਦੀ ਜਾਣਕਾਰੀ ਲੈ ਕੇ ਧੋਖਾ ਕੀਤਾ ਜਾਂਦਾ ਹੈ।

-ਸੜਕ ਕਿਨਾਰੇ ਸਸਤੀਆਂ ਬੀਮਾ ਪਾਲਿਸੀਆਂ ਦਾ ਲਾਲਚ ਦਿੱਤਾ ਜਾਂਦਾ ਹੈ ਜਦ ਕਿ ਅਜਿਹੀ ਕੋਈ ਕੰਪਨੀ ਹੋਂਦ ਵਿਚ ਹੀ ਨਹੀਂ ਹੁੰਦੀ।

-ਸਰਕਾਰ ਦੀਆਂ ਸਮਾਜ ਭਲਾਈ ਸਕੀਮਾਂ ਦਾ ਫ਼ਾਇਦਾ ਦੇਣ ਦੇ ਬਹਾਨੇ ਤੁਹਾਡੇ ਕੋਲੋਂ ਤੁਹਾਡੇ ਬੈਂਕ ਖਾਤੇ, ਆਧਾਰ ਕਾਰਡ ਅਤੇ ਪੈਨ ਕਾਰਡ ਵਗੈਰਾ ਦੀ ਜਾਣਕਾਰੀ ਲੈ ਲਈ ਜਾਂਦੀ ਹੈ।

-ਆਨਲਾਈਨ ਸੇਲ ਰਾਹੀਂ ਵਸਤੂਆਂ ਦੇ ਰੇਟ ਅੱਧਿਆਂ ਤੋਂ ਵੀ ਘੱਟ ਦੱਸ ਕੇ 50% ਰਕਮ ਪਹਿਲਾਂ ਭੇਜਣ ਨੂੰ ਕਿਹਾ ਜਾਂਦਾ ਹੈ ਪਰ ਆਰਡਰ ਕੀਤੀ ਵਸਤੂ ਭੇਜੀ ਹੀ ਨਹੀਂ ਜਾਂਦੀ।

-ਤੁਹਾਨੂੰ ਜੈਕਪਾਟ ਲਾਟਰੀ ਦਾ ਝਾਂਸਾ ਦਿੱਤਾ ਜਾਂਦਾ ਹੈ ਅਤੇ ਕੁਝ ਰਕਮ ਪ੍ਰਾਸੈਸਿੰਗ ਚਾਰਜਜ਼ ਦੇ ਤੌਰ 'ਤੇ ਮੰਗੀ ਜਾਂਦੀ ਹੈ। ਜਦੋਂ ਤੁਸੀਂ ਮੰਗੀ ਗਈ ਰਾਸ਼ੀ ਭੇਜ ਦਿੰਦੇ ਹੋ, ਉਸੇ ਵਕਤ ਹੋਰ ਰਕਮ ਟੈਕਸ ਵਸੂਲੀ ਦੇ ਬਹਾਨੇ ਮੰਗੀ ਜਾਂਦੀ ਹੈ।

-ਸੁੰਦਰ ਲੜਕੀਆਂ ਰਾਹੀਂ ਤੁਹਾਡੇ ਨਾਲ ਅਸ਼ਲੀਲ ਹਰਕਤਾਂ ਕੀਤੀਆਂ ਜਾਂਦੀਆਂ ਹਨ ਅਤੇ ਕੁਝ ਦੇਰ ਬਾਅਦ ਤੁਹਾਨੂੰ ਕਿਸੇ ਨਕਲੀ ਪੁਲੀਸ ਵਾਲੇ ਵੱਲੋਂ ਤੁਹਾਡੇ ਖਿਲਾਫ ਆਈ ਸ਼ਿਕਾਇਤ ਸਬੰਧੀ ਫੋਨ ਆਉਂਦਾ ਹੈ। ਤੁਹਾਨੂੰ ਡਰਾ ਧਮਕਾ ਕੇ ਪੈਸੇ ਬਟੋਰ ਲਏ ਜਾਂਦੇ ਹਨ।

-ਜਾਅਲੀ ਰਿਕਵਰੀ ਏਜੰਟ ਬਣ ਕੇ ਤੁਹਾਡੇ ਕੋਲੋਂ ਪੈਸੇ ਬਟੋਰ ਕੇ ਤਿੱਤਰ ਹੋ ਜਾਂਦੇ ਹਨ।

-ਕ੍ਰੈਡਿਟ ਕਾਰਡ ਵਗੈਰਾ ਚਾਲੂ ਕਰਨ ਦੇ ਬਹਾਨੇ ਐਕਟੀਵੇਸ਼ਨ ਕੋਡ ਮੰਗਿਆ ਜਾਂਦਾ ਹੈ ਅਤੇ ਉਸ ਕੋਡ ਆਸਰੇ ਫਰਾਡ ਕਰ ਲਿਆ ਜਾਂਦਾ ਹੈ।

-ਹੀ ਕ੍ਰੈਡਿਟ ਕਾਰਡ ਲਿਮਿਟ ਵਧਾਉਣ ਦਾ ਲਾਲਚ ਦੇ ਕੇ ਲਿਮਿਟ ਅੱਪ ਗਰਡੇਸ਼ਨ ਕੋਡ ਮੰਗਦੇ ਹਨ।

-ਧੋਖੇ ਨਾਲ ਤੁਹਾਡੇ ਖਾਤੇ ਵਿਚਲਾ ਰਜਿਸਟਰਡ ਮੋਬਾਈਲ ਨੰਬਰ ਬਦਲ ਦਿੱਤਾ ਜਾਂਦਾ ਹੈ, ਹੁਣ ਧੋਖੇਬਾਜ਼ ਕੁਝ ਵੀ ਕਰ ਸਕਦਾ ਹੈ।

-ਤੁਹਾਨੂੰ ਲਾਲਚ ਦਿੱਤਾ ਜਾਂਦਾ ਹੈ ਕਿ ਤੁਹਾਡੇ ਦੁਆਰਾ ਕੀਤੀ ਖਰੀਦ ਉੱਤੇ ਕੈਸ਼ਬੈਕ ਬਣਦਾ ਹੈ। ਤੁਸੀਂ ਉਹਨਾਂ ਦੇ ਦੱਸਣ ਮੁਤਾਬਿਕ ਬਟਨ ਦੱਬੀ ਜਾਂਦੇ ਹੋ। ਤੁਹਾਨੂੰ ਪੈਸੇ ਮੋੜਨ ਦੀ ਬਜਾਇ ਪੈਸੇ ਧੋਖੇਬਾਜ਼ ਦੇ ਖਾਤੇ ਵਿਚ ਪੁਆ ਲਏ ਜਾਂਦੇ ਹਨ।

-ਜਾਅਲੀ ਦਾਨੀ ਸੰਸਥਾਵਾਂ ਇਸ਼ਤਿਹਾਰ ਦੇ ਕੇ, ਵਾਪਸੀ ਯੋਗ ਜ਼ਮਾਨਤ ਰਾਸ਼ੀ ਠੱਗ ਕੇ ਨੌਂ ਦੋ ਗਿਆਰਾਂ ਹੋ ਜਾਂਦੀਆਂ ਹਨ।

-ਬਜ਼ੁਰਗ ਪੈਨਸ਼ਨਰਾਂ ਕੋਲੋਂ ਐੱਫਡੀ ਉੱਪਰ ਵੱਧ ਵਿਆਜ ਦਾ ਲਾਲਚ ਦੇ ਕੇ ਘਰੋਂ ਹੀ ਦਸਤਖ਼ਤ ਕਰਵਾ ਲਏ ਜਾਂਦੇ ਹਨ। ਜਾਅਲੀ ਐੱਫਡੀ ਮਾਲਕ ਨੂੰ ਦੇ ਕੇ ਅਸਲੀ ਐੱਫਡੀ ਉੱਤੇ ਧੋਖੇਬਾਜ਼ ਓਵਰਡ੍ਰਾਫਟ ਦੀ ਸਹੂਲਤ ਲੈ ਜਾਂਦਾ ਹੈ।

-ਬਿਨਾ ਪੜਤਾਲ ਕੀਤਿਆਂ ਕਿਸੇ ਅਣਜਾਣ ਜਾਅਲੀ ਐਪ ਨੂੰ ਡਾਊਨਲੋਡ ਕਰਨਾ ਵੀ ਠੱਗੀ ਨੂੰ ਸੱਦਾ ਦਿੰਦਾ ਹੈ।

-ਵਪਾਰਕ ਅਦਾਰਿਆਂ ਵਿਚ ਅਨਜਾਣ ਦੇ ਹੱਥ ਅਪਣਾ ਕਾਰਡ ਫੜਾ ਦੇਣਾ, ਕਾਰਡ ਦਾ ਕਲੋਨ ਬਣਾਉਣ ਵਿਚ ਸਹਾਈ ਹੋ ਜਾਂਦਾ ਹੈ।

-ਆਪਣੇ ਜਾਣ-ਪਛਾਣ ਵਾਲ਼ਿਆਂ ਨਾਲ ਕਾਰਡ ਦਾ ਵੇਰਵਾ ਫੋਨ ਰਾਹੀਂ ਸਾਂਝਾ ਕਰਨਾ ਮਹਿੰਗਾ ਪੈ ਸਕਦਾ ਹੈ।

-ਖਰੀਦਦਾਰ ਕਿਊਆਰ ਕੋਡ ਸਕੈਨਿੰਗ ਰਾਹੀਂ ਅਦਾਇਗੀ ਕਰਦਿਆਂ ਜਾਅਲੀ ਅਦਾਇਗੀ ਦਿਖਾ ਕੇ ਦੁਕਾਨਦਾਰ ਨਾਲ ਠੱਗੀ ਕਰ ਲੈਂਦੇ ਹਨ।

-ਏਟੀਐੱਮ ਰੂਮ ਵਿਚ ਸਹਾਇਤਾ ਦੇਣ ਦੇ ਬਹਾਨੇ ਸਹਾਇਕ ਤੁਹਾਡੇ ਨਾਲ ਧੋਖਾ ਕਰ ਸਕਦਾ ਹੈ।

-ਆਨਲਾਈਨ ਖਰੀਦਦਾਰੀ ਵੇਲੇ ਪਹਿਲਾਂ ਪੈਸੇ ਭੇਜ ਦੇਣੇ ਕਈ ਵਾਰੀ ਗਲਤ ਸਾਬਤ ਹੋ ਜਾਂਦੇ ਹਨ।

ਇਨ੍ਹਾਂ ਨੁਕਤਿਆਂ ਦੇ ਮੱਦੇਨਜ਼ਰ ਹੇਠ ਲਿਖੀਆਂ ਸਾਵਧਾਨੀਆਂ ਅਨੁਸਾਰ ਠੱਗੀ ਤੋਂ ਬਚਿਆ ਜਾ ਸਕਦਾ ਹੈ:

-ਓਟੀਪੀ ਅਤੇ ਯੂਪੀਆਈ ਪਿਨ ਤੁਹਾਡੀ ਦੌਲਤ ਨੂੰ ਲੱਗੇ ਜਿੰਦਰੇ ਦੀ ਚਾਬੀ ਹਨ। ਇਸ ਲਈ ਕਦੇ ਵੀ ਕਿਸੇ ਨਾਲ ਇਹ ਸਾਂਝੇ ਨਾ ਕਰੋ।

-ਤੁਹਾਡੇ ਮਹੱਤਵਪੂਰਨ ਦਸਤਾਵੇਜ਼ਾਂ ਦੀ ਜਾਣਕਾਰੀ ਜਿਵੇਂ ਆਧਾਰ ਕਾਰਡ, ਪੈਨ ਕਾਰਡ, ਖਾਤੇ ਸਬੰਧੀ ਜਾਣਕਾਰੀ ਅਤੇ ਸਿਮ ਵੇਰਵੇ ਕਿਸੇ ਅਣਜਾਣ ਨਾਲ ਸਾਂਝੇ ਨਾ ਕਰੋ।

-ਜੈਕਪਾਟ, ਲਾਟਰੀ ਦੇ ਲਾਲਚ ਵਿਚ ਨਾ ਫਸੋ।

-ਨੌਕਰੀ ਦਾ ਝਾਂਸਾ ਦੇ ਕੇ ਜ਼ਮਾਨਤ ਰਾਸ਼ੀ ਮੰਗਣ ਵਾਲਿਆਂ ਤੋਂ ਬਚੋ।

-ਕਿਸੇ ਵੀ ਅਨਜਾਣ ਦੇ ਖਾਤੇ ਵਿਚ ਪੈਸੇ ਪੜਤਾਲ ਕਰ ਲੈਣ ਤੋਂ ਬਾਅਦ ਹੀ ਪਾਓ।

-ਆਪਣੇ ਭਾਂਤ ਭਾਂਤ ਦੇ ਪਾਸਵਰਡ ਫੋਨ ਜਾਂ ਪਾਸਬੁੱਕ ਵਿਚ ਕਦੇ ਵੀ ਲਿਖ ਕੇ ਨਾ ਰੱਖੋ।

-ਆਪਣਾ ਹਰ ਪਾਸਵਰਡ ਸਮੇਂ ਸਮੇਂ ਬਦਲਦੇ ਰਹੋ।

-ਆਪਣੇ ਫੋਨ ਵਿਚ ਐਂਟੀ-ਵਾਇਰਸ ਸਾਫਟਵੇਅਰ ਇੰਸਟਾਲ ਕਰਵਾਓ।

-ਆਨਲਾਈਨ ਖਰੀਦਦਾਰੀ ਕਰਦਿਆਂ ਕੋਸ਼ਿਸ਼ ਕਰੋ ਕਿ ਅਦਾਇਗੀ ਚੀਜ਼ ਪ੍ਰਾਪਤ ਕਰਨ ਵੇਲੇ ਹੀ ਕੀਤੀ ਜਾਵੇ।

-ਫਰਾਡ ਹੋਣ ਦੀ ਸੂਰਤ ਵਿਚ ਬਿਨਾ ਸਮਾਂ ਗੁਆਇਆਂ ਆਪਣੀ ਬੈਂਕ ਬਰਾਂਚ ਨੂੰ ਸੂਚਿਤ ਕਰੋ। ਛੁੱਟੀ ਹੋਣ ਦੀ ਸੂਰਤ ਵਿਚ ਬੈਂਕ ਦੇ ਗ੍ਰਾਹਕ ਸੇਵਾ ਕੇਂਦਰ 'ਤੇ ਗੱਲ ਕਰੋ। ਆਪਣਾ ਖਾਤਾ ਅਤੇ ਕਾਰਡ ਦੋਨੋਂ ਹੀ ਫਰੀਜ਼ ਕਰਵਾਉਣਾ ਨਾ ਭੁੱਲੋ। ਆਪਣੇ ਨਾਲ ਹੋਈ ਠੱਗੀ ਬਾਬਤ ਨੇੜੇ ਦੇ ਸਾਈਬਰ ਕ੍ਰਾਈਮ ਪੁਲੀਸ ਸਟੇਸ਼ਨ ਵਿਚ ਲਿਖਤੀ ਸ਼ਿਕਾਇਤ ਦਿਓ। ਬੈਂਕ ਦੇ ਸਾਈਬਰ ਸੈੱਲ ਨੂੰ ਸੂਚਿਤ ਕਰਨਾ ਵੀ ਨਾ ਭੁੱਲੋ। ਆਪ ਫੋਨ ਕਰ ਕੇ 155260 ਨੰਬਰ 'ਤੇ ਵੀ ਸੂਚਿਤ ਕਰ ਸਕਦੇ ਹੋ।

ਇਹ ਸਾਵਧਾਨੀਆਂ ਵਰਤ ਕੇ ਰੋਜ਼ਾਨਾ ਹੋਣ ਵਾਲੀਆਂ ਧੋਖਾਧੜੀਆਂ ਤੋਂ ਕਾਫੀ ਹੱਦ ਤੱਕ ਬਚਿਆ ਜਾ ਸਕਦਾ ਹੈ।

JARNAIL SINGH



ART CLASSES
604-825-4659
604-724-6922
604-595-5885
#106- 12882-85 Ave. Surrey



# ਸਿਹਤ ਸੰਸਾਰ





## ਸੰਪੂਰਨ ਆਹਾਰ ਦੁੱਧ

ਦੁੱਧ ਨੂੰ ਸੰਪੂਰਨ ਆਹਾਰ ਕਿਹਾ ਗਿਆ ਹੈ। ਬੱਚੇ ਹੋਣ ਜਾਂ ਬੁੱਢੇ, ਸਾਰਿਆਂ ਦੇ ਲਈ ਦੁੱਧ ਦਾ ਸੇਵਨ ਜ਼ਰੂਰੀ ਹੈ। ਅਮਰੀਕਾ ਵਿਚ 'ਦ ਨੈਸ਼ਨਲ ਅਕੈਡਮੀ ਆਫ ਸਾਇੰਸਿਜ' ਦੇ ਅਨੁਸਾਰ 4-8 ਸਾਲ ਦੀ ਉਮਰ ਦੇ ਬੱਚਿਆਂ ਨੂੰ ਕੈਲਸ਼ੀਅਮ ਦੀ 800 ਮਿ: ਗ੍ਰਾ: ਮਾਤਰਾ ਦੀ ਜ਼ਰੂਰਤ ਹੁੰਦੀ ਹੈ, ਟੀਨ ਏਜਰਸ ਨੂੰ 1300 ਅਤੇ 19-50 ਸਾਲ ਦੀ ਉਮਰ ਦੇ ਵਿਅਕਤੀਆਂ ਨੂੰ 1000 ਮਿ: ਗ੍ਰਾ: ਕੈਲਸ਼ੀਅਮ ਦੀ ਪ੍ਰਤੀ ਦਿਨ ਜ਼ਰੂਰਤ ਹੁੰਦੀ ਹੈ। ਬਿਨਾਂ ਦੁੱਧ ਨੂੰ ਆਪਣੀ ਖੁਰਾਕ ਵਿਚ ਸ਼ਾਮਿਲ ਕੀਤੇ ਕੈਲਸ਼ੀਅਮ ਦੀ ਇਸ ਜ਼ਰੂਰਤ ਨੂੰ ਪੂਰਾ ਕਰਨਾ ਮੁਸ਼ਕਿਲ ਹੈ। ਹਾਲ ਹੀ ਵਿਚ ਇਕ ਖੋਜ ਵਿਚ ਇਹ ਸਾਹਮਣੇ ਆਇਆ ਹੈ ਕਿ ਜਿਨ੍ਹਾਂ ਔਰਤਾਂ ਨੇ ਬਚਪਨ ਵਿਚ ਦੁੱਧ ਦਾ ਸੇਵਨ ਬਹੁਤ ਘੱਟ ਜਾਂ ਨਹੀਂ ਕੀਤਾ, ਉਨ੍ਹਾਂ ਦੀਆਂ ਹੱਡੀਆਂ ਕਮਜ਼ੋਰ ਪਾਈਆਂ ਗਈਆਂ ਅਤੇ ਬਿਰਧ ਅਵਸਥਾ ਵਿਚ ਉਨ੍ਹਾਂ ਵਿਚ ਫ੍ਰੈਕਚਰ ਹੋਣ ਦੀ ਸੰਭਾਵਨਾ ਵੀ ਜ਼ਿਆਦਾ ਪਾਈ ਗਈ। ਇਨ੍ਹਾਂ ਨੂੰ ਓਸਟਿਓਪੋਰੋਸਿਸ ਹੋਣ ਦੀ ਸੰਭਾਵਨਾ ਵੀ ਜ਼ਿਆਦਾ ਪਾਈ ਗਈ, ਇਸ ਲਈ ਦੁੱਧ ਦਾ ਸੇਵਨ ਬਹੁਤ ਹੀ ਜ਼ਰੂਰੀ ਹੈ।

**ਲੇਖਕ : ਸੋਨੀ ਮਲਹੋਤਰਾ**

## ਸਿਹਤ ਲਈ ਵੀ ਲਾਭਕਾਰੀ ਹਨ ਮਸਾਲੇ



ਸ਼ਾਇਦ ਹੀ ਕੋਈ ਘਰ ਅਜਿਹਾ ਹੋਵੇ, ਜਿਥੇ ਮਸਾਲਿਆਂ ਦੀ ਵਰਤੋਂ ਨਾ ਹੁੰਦੀ ਹੋਵੇ। ਇਨ੍ਹਾਂ ਦੀ ਵਰਤੋਂ ਭੋਜਨ ਵਿਚ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਹੁੰਦੀ ਹੈ। ਭਾਵੇਂ ਮਸਾਲੇ ਘੱਟ ਹੀ ਪਾਓ, ਉਸ ਭੋਜਨ ਦਾ ਸਵਾਦ ਚੰਗਾ ਲਗਦਾ ਹੈ। ਮਸਾਲੇ ਸਾਡੀ ਸਿਹਤ ਲਈ ਲਾਭਕਾਰੀ ਹਨ।

ਭੋਜਨ ਵਿਚ ਮਸਾਲਿਆਂ ਦੀ ਵਰਤੋਂ ਕਰਨ ਨਾਲ ਭੁੱਖ ਖੁੱਲ੍ਹ ਕੇ ਲਗਦੀ ਹੈ। ਮਸਾਲੇਦਾਰ ਭੋਜਨ ਖਾਣ ਦੇ ਲਈ ਵਧੇਰੇ ਆਕਰਸ਼ਤ ਕਰਦੇ ਹਨ। ਮਸਾਲਿਆਂ 'ਚੋਂ ਸਾਨੂੰ ਕਈ ਤਰ੍ਹਾਂ ਦੇ ਪੌਸ਼ਟਿਕ ਤੱਤ ਤੇ ਵਿਟਾਮਿਨ ਮਿਲਦੇ ਹਨ। ਕਈ ਮਸਾਲੇ ਦਵਾਈ ਦੇ ਰੂਪ ਵਿਚ ਵਰਤੇ ਜਾਂਦੇ ਹਨ।

ਹਰੀ ਮਿਰਚ : ਹਰੀ ਮਿਰਚ ਦੀ ਵਰਤੋਂ ਸਾਡੀ ਸਿਹਤ ਲਈ ਲਾਭਕਾਰੀ ਹੈ। ਹਰੀ ਮਿਰਚ ਵਿਚ ਸਾਨੂੰ ਵਿਟਾਮਿਨ 'ਈ' ਅਤੇ 'ਸੀ' ਦੀ ਪ੍ਰਾਪਤੀ ਹੁੰਦੀ ਹੈ। ਹਰੀ ਮਿਰਚ ਕੱਟ ਕੇ ਨਿੰਬੂ ਵਿਚ ਮਿਲਾ ਕੇ ਖਾਣ ਨਾਲ ਮਿਰਚ ਵਿਚ ਤਿੱਖਾਪਣ ਨਹੀਂ ਰਹਿੰਦਾ। ਲਾਲ ਮਿਰਚ ਇੰਨੀ ਲਾਭਕਾਰੀ ਨਹੀਂ ਹੈ ਜਿੰਨੀ ਹਰੀ ਮਿਰਚ।

ਧਨੀਆ : ਇਸ ਵਿਚ ਆਇਰਨ, ਕੈਲਸ਼ੀਅਮ, ਵਿਟਾਮਿਨ 'ਏ' ਅਤੇ 'ਡੀ' ਪਾਇਆ ਜਾਂਦਾ ਹੈ।

ਹਲਦੀ : ਇਸ ਵਿਚ ਵਿਟਾਮਿਨ 'ਡੀ' ਅਤੇ ਕੈਲਸ਼ੀਅਮ ਦੀ ਮਾਤਰਾ ਮਿਲਦੀ ਹੈ।

ਕਾਲੀ ਮਿਰਚ : ਇਸ ਵਿਚ ਕੈਲਸ਼ੀਅਮ, ਆਇਰਨ ਅਤੇ ਵਿਟਾਮਿਨ 'ਏ' ਹੁੰਦਾ ਹੈ।

ਜੀਰਾ : ਜੀਰੇ ਵਿਚ ਆਇਰਨ, ਵਿਟਾਮਿਨ 'ਏ' ਅਤੇ 'ਬੀ6' ਅਤੇ ਕੈਲਸ਼ੀਅਮ ਦੀ ਮਾਤਰਾ ਹੁੰਦੀ ਹੈ।

ਮੇਥੀ, ਸਰ੍ਹੋਂ, ਰਾਈ ਅਤੇ ਇਮਲੀ : ਇਨ੍ਹਾਂ ਵਿਚ ਆਇਰਨ ਅਤੇ ਕੈਲਸ਼ੀਅਮ ਦੀ ਮਾਤਰਾ ਵਧੇਰੇ ਹੁੰਦੀ ਹੈ। ਇਸ ਲਈ ਇਨ੍ਹਾਂ ਵਿਚ ਪਾਚਕ ਰਸ ਪਾਇਆ ਜਾਂਦਾ ਹੈ।

## ਅਨੇਕਾਂ ਰੋਗਾਂ ਨੂੰ ਦੂਰ ਕਰਦਾ ਹੈ ਕੇਲਾ



ਕੇਲਾ ਸਿਰਫ਼ ਇਕ ਫਲ ਹੀ ਨਹੀਂ ਹੈ, ਬਲਕਿ ਇਹ ਅਨੇਕਾਂ ਰੋਗਾਂ ਨਾਲ ਲੜਨ ਵਾਲਾ ਵੀ ਹੈ। ਕੇਲੇ ਦੁਆਰਾ ਦਿਮਾਗ ਨੂੰ ਸੇਰੋਟੋਨਿਨ ਨਾਂਅ ਦਾ ਪਦਾਰਥ ਮਿਲਦਾ ਹੈ। ਸੇਰੋਟੋਨਿਨ ਦੀ ਕਮੀ ਦੇ ਕਾਰਨ ਦਿਮਾਗ ਵਿਚ ਪ੍ਰੇਸ਼ਾਨੀ ਹੋ ਜਾਂਦੀ ਹੈ। ਕੇਲੇ ਦੇ ਸੇਵਨ ਨਾਲ ਦਿਮਾਗ ਨੂੰ ਸੋਰੇਟਿਨ ਦੀ ਪੂਰੀ ਖੁਰਾਕ ਮਿਲ ਜਾਂਦੀ ਹੈ।

ਕੇਲੇ ਵਿਚ ਮੋਟਾਪਾ ਵਧਾਉਣ ਵਾਲਾ ਕੋਲੈਸਟਰੋਲ ਨਾਂਅ ਦਾ ਤੱਤ ਨਹੀਂ ਹੁੰਦਾ। ਇਸ ਵਿਚ ਲੋੜ ਤੋਂ ਵੱਧ ਮਾਤਰਾ ਪੋਟਾਸ਼ੀਅਮ ਪਾਇਆ ਜਾਂਦਾ ਹੈ। ਪੋਟਾਸ਼ੀਅਮ ਉੱਚ ਖੂਨ ਦਬਾਅ ਨੂੰ ਕਾਬੂ ਕਰਦਾ ਹੈ, ਨਾਲ ਕਈ ਤਰ੍ਹਾਂ ਦੀਆਂ ਦਿਲ ਦੀਆਂ ਬਿਮਾਰੀਆਂ ਵਿਚ ਲਾਭ ਪਹੁੰਚਾਉਂਦਾ ਹੈ। ਕੇਲੇ ਵਿਚ ਪਾਇਆ ਜਾਣ ਵਾਲਾ ਕੈਲਸ਼ੀਅਮ ਅੰਤੜੀਆਂ ਦੀ ਸੜਨ ਨੂੰ ਰੋਕਦਾ ਹੈ ਅਤੇ ਅੰਤੜੀਆਂ ਦੀ ਸਫਾਈ ਕਰਨ ਵਿਚ ਵੀ ਬਹੁਤ ਲਾਭਦਾਇਕ ਭੂਮਿਕਾ ਨਿਭਾਉਂਦਾ ਹੈ।

ਪੱਕੇ ਹੋਏ ਕੇਲੇ ਵਿਚ ਖਾਸ ਖੁਸ਼ਬੂ, ਉਸ ਵਿਚ ਏਮਾਈਲ ਐਸਟੇਟ ਦੇ ਕਾਰਨ ਰਹਿੰਦੀ ਹੈ। ਕੱਚਾ ਕੇਲਾ ਕੋਲੋਰੋਫਿਲ ਨਾਮੀ ਤੱਤ ਦੇ ਕਾਰਨ ਹਰਾ ਰਹਿੰਦਾ ਹੈ ਪਰ ਪੱਕਣ ਤੋਂ ਬਾਅਦ ਐਨਜਾਇਮਾ ਦੀ ਕਿਰਿਆ ਨਾਲ ਜੈਥੋਫਿਲ ਅਤੇ ਕੇਰੋਟਿਨ ਨਾਮੀ ਪੀਲੇ ਰਸਾਇਣਾਂ ਵਿਚ ਬਦਲ ਜਾਂਦਾ ਹੈ। ਕੇਲੇ ਦੇ ਛਿਲਕਿਆਂ ਦੇ ਹੇਠਾਂ ਵਿਟਾਮਿਨ ਹੁੰਦੇ ਹਨ ਜੋ ਕੇਲੇ ਦੇ ਪੱਕਣ 'ਤੇ ਉਸ ਦੇ ਗੁੱਦੇ ਵਿਚ ਚਲੇ ਜਾਂਦੇ ਹਨ, ਨਾਲ ਹੀ ਛਿਲਕਾ ਪਤਲਾ ਅਤੇ ਕਾਲਾ ਅਤੇ ਚਿਤੀਦਾਰ ਹੁੰਦਾ ਹੈ। ਕੇਲੇ ਵਿਚ ਫਾਸਫੋਰਸ ਜ਼ਿਆਦਾ ਹੁੰਦਾ ਹੈ ਜੋ ਮਨ ਅਤੇ ਦਿਮਾਗ ਨੂੰ ਸ਼ਕਤੀ ਪ੍ਰਦਾਨ ਕੀਤਾ ਹੈ। ਕੇਲੇ ਵਿਚ ਪੈਕਟਿਨ ਨਾਂਅ ਦਾ ਇਕ ਅਜਿਹਾ ਪਦਾਰਥ ਪਾਇਆ ਜਾਂਦਾ ਹੈ, ਜੋ ਮਲ ਨੂੰ ਮੁਲਾਇਮ ਨੂੰ ਬਣਾ ਕੇ ਪੇਟ ਦੀ ਸਫਾਈ ਕਰਦਾ ਹੈ।

ਕੇਲੇ ਨੂੰ ਨਿਯਮਤ ਖਾਣ ਨਾਲ ਉਨੀਂਦਰਾ ਦੂਰ ਹੁੰਦਾ ਹੈ, ਨਾਲ ਹੀ ਕਬਜ਼ ਵੀ ਦੂਰ ਹੁੰਦੀ ਹੈ। ਪਿਸ਼ਾਬ ਦੀ ਜਲਣ ਨੂੰ ਦੂਰ ਕਰਨ ਵਿਚ ਕੇਲਾ ਰਾਮਬਾਣ ਸਿੱਧ ਹੁੰਦਾ ਹੈ। ਇਹ ਅਤਿਸਾਰ, ਅੰਤੜੀ ਅਤੇ ਕੁਸ਼ਟ ਰੋਗ (ਕੋਹੜ) ਅਤੇ ਦਿਲ ਦੀਆਂ ਬਿਮਾਰੀਆਂ ਦੀ ਕੁਦਰਤੀ ਦਵਾਈ ਮੰਨਿਆ ਜਾਂਦਾ ਹੈ। ਕੇਲੇ ਦੇ ਛਿਲਕੇ ਦੇ ਅੰਦਰ ਵਾਲਾ ਪਤਲਾ ਅਤੇ ਮੁਲਾਇਮ ਰੇਸ਼ਾ ਕਬਜ਼ ਨੂੰ ਦੂਰ ਕਰਕੇ ਅੰਤੜੀਆਂ ਨੂੰ ਠੀਕ ਕਰਦਾ ਹੈ। ਕੇਲੇ ਦੀ ਵਰਤੋਂ ਨਾਲ ਕਮਜ਼ੋਰ ਵਿਅਕਤੀਆਂ ਦੀ ਪਾਚਣ ਸ਼ਕਤੀ ਠੀਕ ਹੁੰਦੀ ਹੈ। ਕੇਲੇ ਦੀ ਵਰਤੋਂ ਨਾਲ ਬੱਚਿਆਂ ਦਾ ਭਾਰ ਤੁਰੰਤ ਵਧਦਾ ਹੈ। ਕੇਲਾ ਭੁੱਖ ਨੂੰ ਵਧਾਉਂਦਾ ਹੈ ਅਤੇ ਬੱਚਿਆਂ ਵਿਚ ਤਾਕਤ ਵੀ ਵਧਾਉਂਦਾ ਹੈ। ਬੱਚਿਆਂ ਨੂੰ ਦੁੱਧ ਦੇ ਨਾਲ ਕੇਲਾ ਖਵਾਉਂਦੇ ਰਹਿਣ ਨਾਲ ਉਨ੍ਹਾਂ ਦੀ ਸਿਹਤ ਸੰਤੁਲਤ ਰਹਿੰਦੀ ਹੈ। ਸ਼ਹਿਦ ਦੇ ਨਾਲ ਮਿਲਾ ਕੇ ਕੇਲਾ ਖਵਾਉਣ ਨਾਲ ਇਨਫੈਕਸ਼ਨ ਰੋਗਾਂ ਤੋਂ ਬਚਾਅ ਹੁੰਦਾ ਹੈ। ਸਵੇਰੇ ਨਾਸ਼ਤੇ ਵਿਚ ਇਕ ਕੇਲਾ ਖਾ ਕੇ ਦੁੱਧ ਪੀਣ ਨਾਲ ਪਿੱਤ ਵਿਕਾਰ ਦੂਰ ਹੋ ਜਾਂਦੇ ਹਨ।

## ਮਾਈਗ੍ਰੇਨ ਲੱਛਣ ਅਤੇ ਇਲਾਜ



ਮਾਈਗ੍ਰੇਨ ਇਕ ਅਜਿਹੀ ਬਿਮਾਰੀ ਹੈ, ਜੋ ਦਿਮਾਗ ਨਾਲ ਸਿੱਧਾ ਸਬੰਧ ਰੱਖਦੀ ਹੈ। ਇਸ ਨੂੰ ਆਮ ਭਾਸ਼ਾ ਵਿਚ ਸਿਰ ਦਰਦ ਵੀ ਕਿਹਾ ਜਾਂਦਾ ਹੈ। ਅਸੀਂ ਇਸ ਸਿਰ ਦਰਦ ਨੂੰ ਬੜੀ ਹੀ ਸਾਧਾਰਨ ਰੂਪ ਨਾਲ ਲੈਂਦੇ ਹਾਂ। ਥੋੜ੍ਹੀ ਜਿਹੀ ਲਾਪ੍ਰਵਾਹੀ ਕਾਰਨ ਇਸ ਦੇ ਘਾਤਕ ਸਿੱਟਿਆਂ 'ਚੋਂ ਗੁਜ਼ਰਨਾ ਪੈਂਦਾ ਹੈ।

ਮਾਈਗ੍ਰੇਨ ਆਮ ਤੌਰ 'ਤੇ ਦਿਮਾਗ਼ ਦੇ ਅੰਦਰ ਖ਼ੂਨ ਵਾਲੀਆਂ ਨਾੜੀਆਂ ਦੇ ਕੰਮਕਾਜ ਵਿਚ ਰੁਕਾਵਟ ਆਉਣ ਦੀ ਪ੍ਰਕਿਰਿਆ ਹੈ। ਮਾਈਗ੍ਰੇਨ ਦੇ ਰੋਗੀਆਂ ਨੂੰ ਹਮੇਸ਼ਾ ਸਿਰ ਦਰਦ ਦੀ ਸ਼ਿਕਾਇਤ ਰਹਿੰਦੀ ਹੈ। ਕਦੀ-ਕਦੀ ਤਾਂ ਇਹ ਦਰਦ ਏਨਾ ਤੇਜ਼ ਹੋ ਜਾਂਦਾ ਹੈ, ਦੁਨੀਆ ਦਾ ਸਭ ਤੋਂ ਵੱਡਾ ਦਰਦ ਮੰਨਿਆ ਜਾਣ ਲੱਗਦਾ ਹੈ। ਮਾਈਗ੍ਰੇਨ ਤਿੰਨ ਤਰ੍ਹਾਂ ਦਾ ਹੁੰਦਾ ਹੈ-ਖ਼ਾਸ ਮਾਈਗ੍ਰੇਨ, ਸਾਧਾਰਨ ਮਾਈਗ੍ਰੇਨ ਅਤੇ ਰਹਿ-ਰਹਿ ਕੇ ਉਠਣ ਵਾਲਾ ਮਾਈਗ੍ਰੇਨ।

ਵਿਸ਼ੇਸ਼ ਮਾਈਗ੍ਰੇਨ ਹੋਣ 'ਤੇ ਰੋਗੀ ਦੀ ਨਜ਼ਰ ਧੁੰਦਲੀ ਪੈਣਾ, ਕਮਜ਼ੋਰ ਹੋਣਾ, ਬੋਲਣ ਵਿਚ ਪ੍ਰੇਸ਼ਾਨੀ ਹੋਣਾ, ਚੱਕਰ ਆਉਣਾ, ਕਿਸੇ ਵਸਤੂ ਨੂੰ ਛੂਹ ਕੇ ਵੀ ਨਾ ਪਹਿਚਾਣਨਾ ਆਦਿ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਲੱਛਣਾਂ ਦੇ ਥੋੜ੍ਹੀ ਦੇਰ ਬਾਅਦ ਤੇਜ਼ ਦਰਦ ਸ਼ੁਰੂ ਹੋਣ ਲਗਦਾ ਹੈ। ਇਸ ਤਰ੍ਹਾਂ ਦਾ ਦਰਦ ਸਿਰ ਦੇ ਇਕ ਹੀ ਪਾਸੇ ਹੁੰਦਾ ਹੈ, ਬੋਲਚਾਲ ਦੀ ਭਾਸ਼ਾ ਵਿਚ ਇਸ ਨੂੰ ਅੱਧਾ ਸਿਰਦਰਦ ਵੀ ਕਿਹਾ ਜਾਂਦਾ ਹੈ। ਦਰਦ ਉਠਣ ਦੇ ਬਾਅਦ ਕਦੀ-ਕਦੀ ਉਲਟੀ ਵੀ ਆਉਣ ਲਗਦੀ ਹੈ।

ਸਾਧਾਰਨ ਮਾਈਗ੍ਰੇਨ ਵਾਰ-ਵਾਰ ਪੈਦਾ ਹੁੰਦਾ ਹੈ। ਪਰ ਬਿਨਾਂ ਸੰਕੇਤ ਦਿੱਤਿਆਂ ਇਸ ਦਾ ਦਰਦ ਵਿਸ਼ੇਸ਼ ਮਾਈਗ੍ਰੇਨ ਤੌਂ ਘੱਟ ਨਹੀਂ ਮੰਨਿਆ ਜਾਂਦਾ। ਦਰਦ ਉਠਣ 'ਤੇ ਰੋਗੀ ਛਟਪਟਾ ਉਠਦਾ ਹੈ। ਸਾਧਾਰਨ ਮਾਈਗ੍ਰੇਨ ਦੇ ਰੋਗੀਆਂ ਨੂੰ ਉਨੀਂਦਰਾ, ਘੁਟਨ, ਕੋਈ ਚੰਗਾ ਨਾ ਲੱਗਣਾ ਆਦਿ ਮਹਿਸੂਸ ਹੋਣ ਲਗਦਾ ਹੈ।

ਰਹਿ-ਰਹਿ ਕੇ ਉਠਣ ਵਾਲਾ ਮਾਈਗ੍ਰੇਨ, ਵਾਰ-ਵਾਰ ਉਠਦਾ ਹੈ। ਸਾਲ, ਮਹੀਨੇ, ਘੰਟੇ ਜਾਂ ਪਲ-ਭਰ ਦੇ ਵਕਫੇ ਪਿਛੋਂ ਇਹ ਦਰਦ ਉਠ ਸਕਦਾ ਹੈ। ਇਸ ਨਾਲ ਰੋਗੀ ਦੀਆਂ ਅੱਖਾਂ ਲਾਲ ਹੋ ਜਾਂਦੀਆਂ ਹਨ, ਅੱਖਾਂ ਵਿਚੋਂ ਪਾਣੀ ਆਉਣ ਲਗਦਾ ਹੈ, ਅੱਖਾਂ ਵਿਚ ਦਰਦ ਲਹਿਰ ਹੋਣ ਲਗਦੀ ਹੈ, ਅੱਖਾਂ ਦੇ ਅੱਗੇ ਧੁੰਦਲਾਪਨ ਦਿਖਾਈ ਦੇਣ ਲਗਦਾ ਹੈ।

ਮਾਈਗ੍ਰੇਨ ਰੋਗ ਹੋਣ ਦੀ ਕੋਈ ਖਾਸ ਉਮਰ ਨਹੀਂ ਹੁੰਦੀ। ਇਹ ਕਿਸੇ ਵੀ ਉਮਰ ਵਿਚ ਕਿਸੇ ਵੀ ਵਿਅਕਤੀ ਨੂੰ ਹੋ ਸਕਦਾ ਹੈ। ਦੋ ਸਾਲ ਦੇ ਬੱਚਿਆਂ ਤੋਂ ਲੈ ਕੇ ਵੱਡੀ ਉਮਰ ਦੇ ਬਜ਼ੁਰਗਾਂ ਨੂੰ ਵੀ ਇਹ ਰੋਗ ਹੋ ਸਕਦਾ ਹੈ। ਜ਼ਿਆਦਾ ਉਮਰ ਹੋਣ 'ਤੇ ਬਜ਼ੁਰਗਾਂ ਵਿਚ ਇਸ ਰੋਗ ਦੀ ਤੀਬਰਤਾ ਨਸ਼ਟ ਹੋਣ ਲਗਦੀ ਹੈ। ਜਦੋਂ ਕਿ ਔਰਤਾਂ ਨੂੰ ਵੱਡੀ ਉਮਰ ਵਿਚ ਮਾਈਗ੍ਰੇਨ ਦੀ ਸ਼ਿਕਾਇਤ ਵੱਧ ਜਾਂਦੀ ਹੈ। 20 ਸਾਲ ਤੱਕ ਦੀ ਉਮਰ ਵਾਲੇ ਨੌਜਵਾਨਾਂ ਦੇ ਮੁਕਾਬਲੇ, ਮੁਟਿਆਰਾਂ ਇਸ ਬਿਮਾਰੀ ਦਾ ਜ਼ਿਆਦਾ ਸ਼ਿਕਾਰ ਹੁੰਦੀਆਂ ਹਨ।

**ਲੇਖਕ : ਅਨੰਤ ਕੁਮਾਰ ਅਨੰਤ**

ਮਾਈਗ੍ਰੇਨ ਨਾਲ ਸਬੰਧਤ ਸਿਰ ਦਰਦ ਹਲਕਾ ਵੀ ਹੋ ਸਕਦਾ ਹੈ, ਅਸਹਿ ਵੀ ਹੋ ਸਕਦਾ ਹੈ। ਇਹ ਦਰਦ ਲਗਾਤਾਰ ਵੀ ਚਲ ਸਕਦਾ ਹੈ ਅਤੇ ਰੁਕ-ਰੁਕ ਕੇ ਵੀ ਹੋ ਸਕਦਾ ਹੈ। ਕਦੀ-ਕਦੀ ਇਸ ਦਾ ਦਰਦ ਹਥੌੜੇ ਚੱਲਣ ਵਰਗਾ ਵੀ ਮਹਿਸੂਸ ਹੁੰਦਾ ਹੈ ਤੇ ਕਦੀ-ਕਦੀ ਸੂਈਆਂ ਵਰਗੀ ਚੋਭ ਵਰਗਾ। ਜੇਕਰ ਇਸ ਦਾ ਇਲਾਜ ਨਾ ਕੀਤਾ ਜਾਵੇ ਤਾਂ ਇਹ ਦਰਦ ਬਹੁਤ ਦਿਨਾਂ ਤੱਕ ਚੱਲੇਗਾ। ਵਧੇਰੇ ਦਿਨਾਂ ਤੱਕ ਦਰਦ ਹੋਣ ਨਾਲ ਹੋਰ ਬਿਮਾਰੀਆਂ ਦੇ ਪੈਦਾ ਹੋਣ ਦਾ ਖਤਰਾ ਵੀ ਬਣਿਆ ਰਹਿੰਦਾ ਹੈ।

ਮਾਈਗ੍ਰੇਨ ਰੋਗੀਆਂ ਦਾ ਸਰਵੇਖਣ ਕੀਤਾ ਜਾਵੇ ਤਾਂ ਪਤਾ ਲੱਗੇਗਾ ਕਿ ਹਰੇਕ ਮਰੀਜ਼ ਦੇ ਕਾਰਨ ਵੱਖਰੇ-ਵੱਖਰੇ ਹੁੰਦੇ ਹਨ। ਚਾਹੇ ਕੁਝ ਕਾਰਨ ਮਿਲਦੇ-ਜੁਲਦੇ ਹੁੰਦੇ ਹਨ। ਉਦਾਹਰਨ ਦੇ ਤੌਰ 'ਤੇ ਰੋਜ਼ਮਰ੍ਹਾ ਦੇ ਕੰਮਕਾਜ ਦੇ ਬਦਲਣ, ਵਧੇਰੇ ਨੀਂਦ ਜਾਂ ਉਤੇਜਨਾ, ਤਣਾਅ, ਸ਼ੋਰ-ਸ਼ਰਾਬਾ, ਤੇਜ਼ ਰੌਸ਼ਨੀ, ਵਧੇਰੇ ਮਿਹਨਤ, ਜ਼ਿਆਦਾ ਕਸਰਤ, ਮੌਸਮ ਦਾ ਬਦਲਣਾ, ਖਾਸ ਤਰ੍ਹਾਂ ਦਾ ਭੋਜਨ, ਹਾਰਮੋਨਜ਼ ਦੀ ਗੜਬੜੀ ਆਦਿ ਹੋ ਸਕਦੇ ਹਨ।

ਮਾਈਗ੍ਰੇਨ ਵਰਗੀ ਖ਼ਤਰਨਾਕ ਬਿਮਾਰੀ ਨਾਲ ਕੁਝ ਗੱਲਾਂ 'ਤੇ ਅਮਲ ਕਰਕੇ ਤੁਰੰਤ ਹੀ ਛੁਟਕਾਰਾ ਪਾਇਆ ਸਕਦਾ ਹੈ।

- ਸਭ ਤੋਂ ਪਹਿਲਾਂ ਸਾਨੂੰ ਮਾਈਗ੍ਰੇਨ ਦੇ ਦਰਦ ਦਾ ਹਿਸਾਬ ਰੱਖਣਾ ਹੋਵੇਗਾ, ਜਿਸ ਨਾਲ ਉਸ ਦਰਦ ਦੇ ਸ਼ੁਰੂ ਹੋਣ ਤੇ ਖਤਮ ਹੋਣ ਦਾ ਪਤਾ ਲੱਗ ਸਕੇ। ਇਸ ਤੋਂ ਇਲਾਵਾ ਰੋਜ਼ ਖਾਣ-ਪੀਣ ਦੀ ਸਮੱਗਰੀ ਦੀ ਮਾਤਰਾ, ਰੋਜ਼ਮਰ੍ਹਾ ਅਤੇ ਮਾਹੌਲ ਦਾ ਲੇਖਾ-ਜੋਖਾ ਕਰੋ, ਜਿਸ ਤੋਂ ਮਾਈਗ੍ਰੇਨ ਸਬੰਧੀ ਪਤਾ ਲਗਾਇਆ ਜਾ ਸਕੇ।
- ਕਦੀ ਵੀ ਖਾਲੀ ਪੇਟ ਬਾਹਰ ਨਾ ਨਿਕਲੋ, ਕਿਉਂਕਿ ਬੇਵਕਤ ਭੋਜਨ ਲੈਣ ਨਾਲ ਵੀ ਇਸ ਦੀ ਸ਼ੁਰੂਆਤ ਹੋ ਸਕਦੀ ਹੈ। ਜ਼ਿਆਦਾ ਤਲੀਆਂ-ਭੁੱਜੀਆਂ ਵਸਤਾਂ, ਸ਼ਰਾਬ, ਚਾਕਲੇਟ ਆਦਿ ਵਸਤੂਆਂ ਤੋਂ ਪਰਹੇਜ਼ ਕਰੋ। ਸਹੀ ਤਾਪਮਾਨ ਵਿਚ ਰਹੋ। ਨਾ ਹੀ ਬਹੁਤਾ ਠੰਢ 'ਚ ਅਤੇ ਨਾ ਹੀ ਬਹੁਤਾ ਧੁੱਪ ਵਿਚ ਰਹੋ।
- ਬਾਹਰ ਨਿਕਲਦੇ ਸਮੇਂ ਧੁੱਪ ਦੀਆਂ ਐਨਕਾਂ ਦੀ ਵਰਤੋਂ ਜ਼ਰੂਰ ਕਰੋ। ਮਾਈਗ੍ਰੇਨ ਦਰਦਨਾਸ਼ਕ ਦਵਾਈਆਂ ਹਮੇਸ਼ਾ ਆਪਣੇ ਕੋਲ ਰੱਖੋ। ਦਰਦਨਾਸ਼ਕ ਗੋਲੀਆਂ ਲੈਣ ਤੋਂ ਬਾਅਦ ਨੀਂਦ ਲਵੋ। ਮਾਈਗ੍ਰੇਨ ਦੇ ਦਰਦ ਤੋਂ ਜਲਦੀ ਛੁਟਕਾਰਾ ਮਿਲੇ, ਇਸ ਲਈ ਤਣਾਅ ਤੇ ਚਿੰਤਾ ਤੋਂ ਦੂਰ ਰਹੋ। ਸਿਰ 'ਚ ਤੇਲ ਮਾਲਸ਼ ਹਰ ਰੋਜ਼ ਜ਼ਰੂਰ ਕਰੋ। ਜੇਕਰ ਦਰਦ ਤੇਜ਼ ਗਤੀ ਨਾਲ ਚਲ ਰਿਹਾ ਹੈ ਤਾਂ ਡਾਕਟਰ ਦੀ ਸਲਾਹ ਲੈਣਾ ਕਦੀ ਨਾ ਭੁੱਲੋ।

# ਟਿੱਕਟਾਂ ਦੀ ਵੰਡ

**ਲੇਖਕ : ਬਰਾੜ-ਭਗਤਾ ਭਾਈ ਕਾ**
**ਸੰਪਰਕ :** 1-604-751-1113



ਜਿਵੇਂ ਜਿਵੇਂ ਵੋਟਾਂ ਦਾ ਸਮਾਂ ਨੇੜੇ ਆਉਂਦਾ ਜਾ ਰਿਹਾ ਸੀ ਤਿਵੇਂ ਤਿਵੇਂ ਲੋਕ ਪਿੰਡ ਦੀ ਸੱਥ ਚ ਆ ਕੇ ਵੋਟਾਂ ਬਾਰੇ ਕੰਸੋਆਂ ਲੈਣ ਦੇ ਰੁਝਾਣ ਚ ਲੱਗੇ ਹੋਏ ਸਨ। ਨਵੀਂ ਪਾਰਟੀ ਚੋਣ ਮੈਦਾਨ ਚ ਆਉਣ ਨਾਲ ਦਿਨ-ਬ-ਦਿਨ ਚੋਣਾਂ ਦਾ ਮਹੌਲ ਬਦਲਦਾ ਜਾ ਰਿਹਾ ਸੀ। ਲੋਕ ਰੇਡੀਓ, ਟੀਵੀ, ਅਖਬਾਰਾਂ ਅਤੇ ਪੜ੍ਹੇ ਤੇ ਅਣਪੜ੍ਹ ਲੋਕਾਂ ਤੋਂ ਐਧਰਲੀਆਂ ਓਧਰਲੀਆਂ ਭਾਂਤ-ਭਾਂਤ ਦੀਆਂ ਚੁੱਟਕਲੀ ਖਬਰਾਂ ਸੁਣਕੇ ਸੱਥ ਚ ਆ ਕੇ ਇਉਂ ਛੱਡ ਰਹੇ ਸਨ ਜਿਵੇਂ ਲੋਕਾਂ ਨੂੰ ਦਿਖਾਉਣ ਵਾਸਤੇ ਜੋਗੀ ਪਟਾਰੀ ਚੋਂ ਸੱਪ ਕੱਢ ਕੇ ਛੱਡ ਦੇਵੇ। ਝਾੜੂ ਵਾਲਿਆਂ ਦੀ ਰੈਲੀ ਦੀਆਂ ਖ਼ਬਰਾਂ ਸੁਣ ਕੇ ਆਇਆ ਨਿਧਾਨੇ ਬੁੜ੍ਹੇ ਕਾ ਤੇਜੂ ਸੱਥ ਚ ਆ ਕੇ ਕਹਿੰਦਾ,

"ਐਤਕੀ ਤਾਂ ਬਈ ਬੱਕਰੀ ਨੋਟ ਵੀ ਖਾਊਗੀ ਤੇ ਦੁੱਧ ਮਨ੍ਹੀ ਦੇਣਾ।"

ਮਾਹਲੇ ਨੰਬਰਦਾਰ ਨੇ ਪੁੱਛਿਆ, "ਕੀਹਦੀ ਗੱਲ ਕਰਦੈਂ ਤੇਜ ਸਿਆਂ?"

ਸੀਤਾ ਮਰਾਸੀ ਕਹਿੰਦਾ, "ਇਹ ਤਾਂ ਵੋਟਾਂ ਆਲਿਆਂ ਦੀ ਗੱਲ ਕਰਦਾ ਲੱਗਦਾ ਨੰਬਰਦਾਰਾ ਜਿਮੇਂ ਕਿਤੇ ਕੱਲ੍ਹ ਝਾੜੂ ਆਲਿਆਂ ਦੀ ਰੈਲੀ ਤੇ ਜਾ ਕੇ ਆਇਆ ਹੁੰਦਾ। ਤੇਜੂ ਦਾ ਤਾਂ ਕਹਿਣ ਤੋਂ ਭਾਵ ਐ ਬਈ ਐਤਕੀ ਪੈਸੇ ਲੋਕ ਨੀਲੇ ਚਿੱਟਿਆਂ ਤੋਂ ਲੈਣਗੇ ਤੇ ਵੋਟਾਂ ਝਾੜੂ ਆਲਿਆਂ ਨੂੰ ਪਾਉਣਗੇ।"

ਬਾਬਾ ਸੰਤੋਖ ਸਿਉਂ ਤੇਜੂ ਨੂੰ ਕਹਿੰਦਾ, "ਉਰ੍ਹੇ ਨੂੰ ਹੋ ਸ਼ੇਰਾ ਭੋਰਾ। ਐਥੇ ਬਹਿ ਕੇ ਦੱਸ ਕੀਹਦੀ ਬੱਕਰੀ ਖਰੋਟ ਖਾ ਗੀ। ਬੰਦਿਆਂ ਨੂੰ ਤਾਂ ਯਾਰ ਖਰੋਟ ਜੁੜਦੇ ਨ੍ਹੀ, ਬੱਕਰੀ ਨੂੰ ਕਿਹੜਾ ਘਰ ਖਰੋਟ ਪਾਉਂਦਾ ਬਈ?"

ਸੱਥ ਦੇ ਨਾਲ ਬਲੌਰੇ ਕੇ ਘਰੇ ਪੱਠੇ ਕੁਤਰੀ ਜਾਂਦੇ ਪੀਟਰ ਇੰਜਨ ਦੇ ਖੜਕੇ ਚ ਬਾਬੇ ਸੰਤੋਖ ਸਿਉਂ ਨੂੰ ਤੇਜੂ ਦੀ ਕਹੀ ਬੱਕਰੀ ਦੇ ਨੋਟ ਵਾਲੀ ਗੱਲ ਸਮਝ ਨਾ ਆਈ ਕਰਕੇ ਬੁੱਘਰ ਦਖਾਣ ਬਾਬੇ ਨੂੰ ਕਹਿੰਦਾ, "ਖਰੋਟਾਂ ਦੀ ਗੱਲ ਨ੍ਹੀ ਬਾਬਾ, ਗੱਲ ਤਾਂ ਵੋਟਾਂ ਦੀ ਕਰਦੇ ਐ ਇਹੇ।"

ਬੰਤਾ ਬੁੜ੍ਹਾ ਤੇਜੂ ਨੂੰ ਕਹਿੰਦਾ, "ਤੂੰ ਸਣਾ ਬਈ ਪਹਿਲਾਂ ਤੇਜ ਸਿਆਂ ਕੀ ਸੁਣ ਕੇ ਆਇਐਂ ਵੋਟਾਂ ਬਾਰੇ?"

ਤੇਜੂ ਕਹਿੰਦਾ, "ਮੈਂ ਤਾਂ ਇਉਂ ਕਹਿਨੈਂ, ਆਹ ਜਿੱਦਣ ਦੇ ਝਾੜੂ ਆਲਿਆਂ ਨੇ ਫੰਘ ਜੇ ਫਲਾਏ ਐ, ਓਦਣ ਤੋਂ ਨੀਲੇ ਤੇ ਚਿੱਟਿਆਂ ਦੀ ਢਿੱਬਰੀ ਦੀਆਂ ਚੂੜੀਆਂ ਕੁਸ ਵੱਧ ਕਸੀਆਂ ਗਈਆਂ ਲੱਗਦੀਐਂ। ਅੱਗੇ ਤਾਂ ਇਹ ਪਤੰਦਰ ਆਪਸ ਵਿੱਚ ਈ ਇੱਕ ਦੂਜੇ ਤੇ ਤੋਪ ਦੇ ਗੋਲੇ ਆਂਗੂੰ ਵਰ੍ਹੀ ਜਾਂਦੇ ਰਹਿੰਦੇ ਸੀ ਜਿਮੇਂ ਕੋਈ ਪਰਾਣੇ ਜਾਮੇਂ ਦੀ ਦੁਸ਼ਮਣੀ ਹੁੰਦੀ ਐ। ਹੁਣ ਜਿੱਦਣ ਦੇ ਝਾੜੂ ਆਲੇ ਭੋਰਾ ਖੰਘ ਜੀ ਖੰਘੇ ਐ, ਹੁਣ ਆਪਸ ਵਿੱਚ ਏਕਾ ਜਾ ਕਰਗੇ ਲੱਗਦੇ ਐ। ਹੁਣ ਝਾੜੂ ਆਲਿਆਂ ਨੂੰ ਕੱਠੇ ਹੋ ਕੇ ਇਉਂ ਪੈਂਦੇ ਐ ਜਿਮੇਂ ਕਲਫੂ ਚ ਦਿੱਤੀ ਢਿੱਲ ਵੇਲੇ ਲੋਕ ਸੌਦਾ ਲੈਣ ਨੂੰ ਛੋਟੇ ਘੋਲੀਏ ਆਲੇ ਜੱਜ ਦੀ ਕਰਿਆਣੇ ਆਲੀ ਹੱਟੀ ਨੂੰ ਪੈ ਗੇ ਸੀ।"

ਏਨੇ ਚਿਰ ਨੂੰ ਨਾਥਾ ਅਮਲੀ ਇੱਕ ਨਾਹਰਾ ਲਾਉਂਦਾ 'ਨਾ ਡੋਡਿਆਂ ਨੂੰ ਨਾ ਦਾਰੂ ਨੂੰ, ਵੋਟ ਪਾਉਣੀ ਝਾੜੂ ਨੂੰ' ਗਾਉਂਦਾ ਗਾਉਂਦਾ ਨੰਦ ਬਾਜੀਗਰ ਦੇ ਢੋਲ ਵਾਂਗੂੰ ਸੱਥ ਚ ਆ ਖੜਕਿਆ। ਆਉਂਦਾ ਹੀ ਬਾਬੇ ਸੰਤੋਖ ਸਿਉਂ ਨੂੰ ਕਹਿੰਦਾ, "ਲੈ

ਬਈ ਬਾਬਾ! ਇੱਕ ਪਾਲਟੀ ਹੋਰ ਉੱਠ ਪੀ ਐ। ਕਹਿੰਦੇ ਬੜੀ ਮਾਨਦਾਰ ਪਾਲਟੀ ਐ। ਮੈਨੂੰ ਤਾਂ ਬਾਬਾ ਲੋਕਾਂ ਦੀ ਸਮਝ ਨ੍ਹੀ ਆਉਂਦੀ ਬਈ ਹਜੇ ਤਾਂ ਪਹਿਲੀ ਪਾਲਟੀ ਆਲਿਆਂ ਨੇ ਗੋਲਕ ਦੀਆਂ ਕੁੰਜੀਆਂ ਵਖਾਈਆਂ ਮਨ੍ਹੀ, ਇਹ ਪਾਲਟੀ ਮਾਨਦਾਰ ਕਾਸਤੇ ਹੋ ਗੀ। ਮਾਨਦਾਰੀ ਦਾ ਤਾਂ ਪਤਾ ਫੇਰ ਈ ਲੱਗੂ ਜਦੋਂ ਰਾਜ ਤੇ ਬੈਠਣਗੇ। ਰਾਜ ਇਨ੍ਹਾਂ ਨੂੰ ਮਿਲਣਾ ਨ੍ਹੀ ਕੁੰਜੀਆਂ ਅਗਲਿਆਂ ਨੇ ਫੜਾਉਣੀਆਂ ਨ੍ਹੀ।"

ਬਾਬਾ ਸੰਤੋਖ ਸਿਉਂ ਕਹਿੰਦਾ, "ਵੋਟਾਂ ਤਾਂ ਹਜੇ ਦੂਰ ਐ ਲਾਂਗੜ ਹੁਣੇ ਕਸੀ ਫਿਰਦੇ ਐ ਇਹੇ। ਇਹ ਨਮੀਂ ਪਾਲਟੀ ਚ ਕਿਹੜੇ-ਕਿਹੜੇ ਉੱਠੇ ਐ ਅਮਲੀਆ?"

ਮਾਹਲਾ ਨੰਬਰਦਾਰ ਕਹਿੰਦਾ, "ਬਥੇਰੇ ਉੱਠੇ ਐ। ਐਤਕੀਂ ਤਾਂ ਰਾਜ ਪਲਟੂਗਾ ਲੱਗਦੈ। ਬਾਕੀ ਭਾਈ ਫੇਰ ਵਾਘਰੂ ਨੂੰ ਪਤਾ।

ਰਤਨ ਸਿਉਂ ਸੂਬੇਦਾਰ ਕਹਿੰਦਾ, "ਉਹ ਤਾਂ ਨੰਬਰਦਾਰ ਤੇਰੀ ਗੱਲ ਠੀਕ ਐ ਬਈ ਨਮੀਂ ਪਾਰਟੀ ਆਲੇ ਉੱਠੇ ਤਾਂ ਕਈ ਐ, ਪਰ ਕੋਈ ਵਜਨਦਾਰ ਬੰਦਾ ਤਾਂ ਦੀਂਹਦਾ ਨ੍ਹੀ ਇਨ੍ਹਾਂ ਚ। ਵਿੱਚੇ ਈ ਇੱਕ ਡਰਾਮੇ ਜੇ ਆਲੇ ਨੂੰ ਟਿਕਟ ਦੇ ਤਾ। ਇੱਕ ਕਹਿੰਦੇ ਕੋਈ ਛੋਟੀ ਜੀ ਉਮਰੀ ਦੀ ਕੁੜੀ ਠਾਈ ਐ। ਬਾਹਵਾ ਜਮਾਤਾਂ ਪੜ੍ਹੀ ਵੀ ਐ। ਕਹਿੰਦੇ ਉਹ ਕਿਸੇ ਗਰੀਬ ਗੁਰਬੇ ਦਾ ਘਰ ਵਖਾ ਕੇ ਈ ਟਿੱਕਟ ਲੈ ਗੀ। ਨਾ ਈਂ ਉਹਨੇ ਕਹਿੰਦੇ ਟਿਕਟ ਮੰਗੀ ਸੀ ਉਈਂ ਘਰੇ ਜਾ ਕੇ ਉਹਨੂੰ ਟਿਕਟ ਦੇ ਆਏ ਜਿਮੇਂ ਜੰਨ ਗਏ ਜਾਨੀ ਪਿੰਡ ਦੀ ਕੁੜੀ ਨੂੰ ਪੱਤਲ ਦੇ ਕੇ ਆਉਂਦੇ ਹੁੰਦੇ ਐ। ਸੁਣ ਲੋ ਮਾਨਦਾਰਾਂ ਦੀਆਂ ਗੱਲਾਂ। ਓਧਰ ਲੁਦੇਆਣੇ ਵੱਲੀਂ ਪਹਿਲਾਂ ਦੋ ਜਾਣਿਆਂ ਦਾ ਆਪਸ ਵਿੱਚ ਮਕਾਬਲਾ ਕਰਾਇਆ। ਕਹਿੰਦੇ ਜਿਹੜਾ ਵੱਧ ਵੋਟਾਂ ਲੈ ਜੂ ਉਹਨੂੰ ਟਿਕਟ ਦੇਮਾਂਗੇ।"




ਅਮਲੀ ਸੂਬੇਦਾਰ ਦੀ ਗੱਲ ਟੋਕ ਕੇ ਕਹਿੰਦਾ, "ਕਹਿੰਦੇ ਜੀਹਨੇ ਤਾਂ ਫੌਜੀ ਸਾਹਬ ਸੈਂਕੜੇ ਦੇ ਨੇੜੇ ਤੇੜੇ ਵੋਟਾਂ ਲਈਆਂ ਉਹਨੂੰ ਤਾਂ ਪੁੱਛਿਆ ਨ੍ਹੀ, ਜੀਹਨੂੰ ਸੱਤ ਵੋਟਾਂ ਪਈਆਂ, ਉਹਨੂੰ ਇਉਂ ਟਿਕਟ ਫੜਾ ਤੀ ਜਿਮੇਂ ਆਪਣੇ ਪਿੰਡ ਆਲਾ ਹਰੀ ਪਤੌੜਾਂ ਆਲਾ ਖਬਾਰ ਆਲੇ ਕਾਤਕ ਚ ਪਤੌੜਾਂ ਤੇ ਇੰਮਲੀ ਦੀ ਚਟਣੀ ਪਾ ਕੇ ਪਤੌੜ ਫੜਾ ਦਿੰਦੈ। ਲੈ ਦੱਸ! ਵੇਖ ਲਾ ਬਾਬਾ ਮਾਨਦਾਰ ਪਾਲਟੀ ਦਾ ਫੈਂਸਲਾ।"

ਸੀਤਾ ਮਰਾਸੀ ਕਹਿੰਦਾ, "ਮੈਂ ਤਾਂ ਸੁਣਿਐ ਅਕੇ ਆਹ ਜਿਹੜੇ ਹੋਟਲਾਂ ਹਾਟਲਾਂ ਆਲਿਆਂ ਨੇ ਗਾਹਕਾਂ ਨੂੰ ਚਾਹਾਂ ਚੂਹਾਂ ਫੜਾਉਣ ਆਲੇ ਰੱਖੇ ਵੇ ਐ ਉਨ੍ਹਾਂ ਨੂੰ ਵੀ ਦੋ-ਦੋ, ਚਾਰ-ਚਾਰ ਟਿੱਕਟਾਂ ਦੇਣੀਆਂ। ਪਤਾ ਨ੍ਹੀ ਸੱਚ ਐ ਕੁ ਝੂਠ ਐ?"

ਨਾਥਾ ਅਮਲੀ ਕਹਿੰਦਾ, "ਉਹ ਵੀ ਸੁਣ ਲਾ ਹੁਣ। ਗੱਲ ਤਾਂ ਤੈਂ ਛੇੜ ਈ ਲਈ ਐ, ਆਹ ਹੁਣੇ ਈ ਨਰੰਜਨ ਮਾਹਟਰ ਸੁੱਖੂ ਪਾਹੜੇ ਕੇ ਘਰੇ ਦੱਸ ਕੇ ਗਿਆ, ਕਹਿੰਦਾ 'ਇੱਕ ਪਕੌੜਿਆਂ ਆਲਾ ਕੋਈ ਹਲਵਾਈ ਵੀ ਠਾਇਆ। ਇੱਕ ਕਹਿੰਦਾ ਕੁਲਫੀਆਂ ਆਲਾ ਕੋਈ। ਇੱਕ ਔਧਰ ਬੋਹੇ ਬਲ੍ਹਾਢੇ ਅੱਲ ਕਹਿੰਦਾ ਆਟਾ ਚੱਕੀ ਚਲਾਉਂਦਾ ਕੋਈ ਉਹਦੇ ਮੌਰਾਂ ਚ ਕਲੀਡਰ ਪਾ ਤਾ ਦੱਸਦੇ ਐ। ਇੱਕ ਕੋਈ ਪੈਂਚਰਾਂ ਪੂੰਚਰਾਂ ਆਲਾ ਵੀ ਉੱਠਿਐ। ਇਨ੍ਹਾਂ ਚ ਤੂੰ ਆਪ ਈ ਦੱਸਦੇ ਬਾਬਾ ਜਿੱਤਣ ਆਲਾ ਕਿਹੜਾ। ਓਥੇ ਜਿੱਤੇ ਵੇ ਜਿੱਥੇ ਚੰਦੀਗੜ ਜਾਂਦੇ ਹੁੰਦੇ ਐ, ਆਹ ਹਲਵਾਈ ਤੋਂ ਕੀ ਜਲੇਬੀਆਂ ਕਢਾਉਣੀਐਂ ਓਥੇ ਲਜਾ ਕੇ ਕੁ ਪਕੌੜਿਆਂ ਦੀ ਰੇੜ੍ਹੀ ਲਵਾਉਣੀ ਐਂ? ਆਹ ਕੁਲਫੀਆਂ ਆਲੇ ਬਾਰੇ ਕਹਿੰਦੇ ਹੋਣਗੇ ਜੇ ਜਿੱਤਗੇ ਤਾਂ ਕੁਲਫੀਆਂ ਆਲੇ ਤੋਂ ਕੁਲਫੀਆਂ ਖਾ ਲਿਆ ਕਰਾਂਗੇ। ਆਟਾ ਚੱਕੀ ਆਲੇ ਤੋਂ ਆਟਾ ਊਟਾ ਪਿਹਾ ਲਿਆ ਕਰਾਂਗੇ। ਮੈਨੂੰ ਨ੍ਹੀ ਬਾਬਾ ਸਮਝ ਆਈ ਬਈ ਇਹ ਕੀ ਕਰੀ ਜਾਂਦੇ ਐ। ਇਹ ਰੇਹੜੀ ਲਾਉਣ ਆਲੇ ਡੱਗੀ ਵੇਚਣ ਆਲੇ, ਖਾਰੀ ਵੇਚਣ ਆਲੇ ਕਿੱਥੋਂ ਜਿੱਤ ਜਾਣਗੇ ਯਾਰ। ਕਿਸੇ ਚੱਜ ਦੇ ਬੰਦੇ ਨੂੰ ਤਾਂ ਟਿਕਟ ਦਿੱਤੀ ਨ੍ਹੀ, ਹੋਰ ਈ ਜੀਹਨੂੰ ਕੋਈ ਜਾਣਦਾ ਨ੍ਹੀ ਉਹਨੂੰ ਵਾਧੂ ਈ ਚੰਡੋਲ ਤੇ ਚੜ੍ਹਾਉਣ ਲੱਗੇ ਐ।"

ਬਾਬਾ ਸੰਤੋਖ ਸਿਉਂ ਕਹਿੰਦਾ, "ਆਹ ਜਿਹੜੇ ਵੱਡੇ ਵੱਡੇ ਕਹਿੰਦੇ ਕਹਾਉਂਦੇ ਲੀਡਰ ਐ ਇਨ੍ਹਾਂ ਦਾ ਹਜੇ ਨਾਉਂ ਈਂ ਲਿਆ ਕਿਸੇ ਨੇ ਜਿਨ੍ਹਾਂ ਨੂੰ ਬੱਚਾ-ਬੱਚਾ ਜਾਣਦੈ।"

ਅਮਲੀ ਨੇ ਬਾਬੇ ਨੂੰ ਪੁੱਛਿਆ, "ਕੀਹਦੀ ਗੱਲ ਕਰਦੈਂ ਬਾਬਾ ਤੂੰ ਸੁੱਚਾ ਪੁਰੀਏ ਛੋਟੇ ਦੀ ਕੁ ਕਿਸੇ ਹੋਰ ਦੀ?"

ਸੂਬੇਦਾਰ ਅਮਲੀ ਦੀ ਗੱਲ ਤੇ ਹੱਸ ਕੇ ਬੋਲਿਆ, "ਸੁੱਚਾ ਪੁਰੀਆ ਛੋਟਾ ਨ੍ਹੀ ਓਏ ਅਮਲੀਆ। ਛੋਟੇਪੁਰ ਆਲਾ ਸੁੱਚਾ ਸਿਉਂ ਐਂ। ਹੋਰ ਈ ਪਾਸੇ ਪੁੱਠੀਆਂ ਤਾਰਾ ਜੋੜੀ ਜਾਨੈਂ। ਹੋਰ ਵੀ ਕਈ ਵੱਡੇ ਵੱਡੇ ਰਹਿੰਦੇ ਐ। ਇੱਕ ਉਹ ਬਾਦਲਾਂ ਦਾ ਭਤੀਜਾ ਭਤੂਜਾ ਕੋਈ ਉਹ ਵੀ ਰਹਿੰਦਾ, ਫੇਰ ਵੇਖ ਲਾ ਕੋਈ ਖਹਿਰਾ ਖੂਹਰਾ ਵੀ ਐ। ਇਨ੍ਹਾਂ ਦੀ ਵਾਰੀ ਪਤਾ ਨ੍ਹੀ ਆਊ ਕੁ ਨਹੀਂ।"

ਮੱਦੀ ਪੰਡਤ ਕਹਿੰਦਾ, "ਇਨ੍ਹਾਂ ਦੀ ਵਾਰੀ ਕਾਹਦੀ ਆਉਣੀ ਐ। ਸਾਰੀਆਂ ਤਾਂ ਪਾਲਟੀਆਂ ਦਾ ਭਚੱਕਾ ਵੇਖਿਆਏ ਇਹੇ। ਕਿਸੇ ਨੇ ਸੇਰ ਦਾਣੇ ਨ੍ਹੀ ਪਾਏ। ਹੁਣ ਝਾੜੂ ਆਲਿਆਂ ਚ ਆ ਗੇ।"

ਸੀਤਾ ਮਰਾਸੀ ਟਿੱਚਰ ਚ ਕਹਿੰਦਾ, "ਛੋਟੇ ਹੁੰਦਿਆਂ ਆਲਾ ਗਾਣਾ ਗਾਉਣ ਲੱਗ ਜਾਣ 'ਚੂਹਿਆ-ਚੂਹਿਆ ਖੁੱਡ ਪੱਟ ਮੇਰੀ ਵਾਰੀ ਕਦੋਂ ਆਊ? ਫੇਰ ਵੇਖੀਂ ਵਾਰੀ ਆਉਂਦੀ ਕੁ ਨਹੀਂ।"

ਮਾਹਲਾ ਨੰਬਰਦਾਰ ਕਹਿੰਦਾ, "ਹੋਰਾਂ ਨਿੱਕਿਆਂ ਮੋਟਿਆਂ ਨੂੰ ਤਾਂ ਟਿੱਕਟਾਂ ਦੇਈ ਜਾਂਦੇ ਐ ਅਮਲੀਆ, ਇਨ੍ਹਾਂ ਨੂੰ ਕਿਉਂ ਨ੍ਹੀ ਟਿਕਟਾਂ ਦਿੰਦੇ ਬਈ ਤੈਨੂੰ ਤਾਂ ਪਤਾ ਹੋਣੈ। ਕੱਢ ਖਾਂ ਕੋਈ ਖੋਜ?"

ਅਮਲੀ ਮਾਹਲੇ ਨੰਬਰਦਾਰ ਦਾ ਸਵਾਲ ਸੁਣ ਕੇ ਕਹਿੰਦਾ, "ਲੈ ਇਨ੍ਹਾਂ ਦੀ ਸੁਣ ਲਾ ਨੰਬਰਦਾਰਾ। ਮੈਨੂੰ ਤਾਂ ਲੱਗਦਾ ਬਈ ਇੰਨ੍ਹਾਂ ਨਾਲ ਕਿਤੇ ਜੰਨ ਚ ਗਏ ਚੋਰਾਂ ਆਲੀ ਨਾ ਹੋਵੇ।"

ਬਾਬੇ ਸੰਤੋਖ ਸਿਉਂ ਨੇ ਪੁੱਛਿਆ, "ਉਹ ਕਿਮੇਂ ਬਈ?"

ਨਾਥਾ ਅਮਲੀ ਕਹਿੰਦਾ, "ਕੇਰਾਂ ਕਿਸੇ ਚੰਗੇ ਖਾਨਦਾਨੀ ਟੱਬਰ ਦੇ ਮੁੰਡੇ ਦੀ ਜੰਨ ਚੜ੍ਹੀ। ਮੁੰਡੇ ਆਲਿਆਂ ਦੀ ਲਾਕੇ ਚ ਚੰਗੀ ਤੂਤੀ ਬੋਲਦੀ ਸੀ। ਮੁੰਡੇ ਆਲੇ ਵੱਡੇ ਵੱਡੇ ਅਮੀਰ ਅਤੇ ਚੰਗੇ ਚੰਗੇ ਬੰਦਿਆਂ ਨੂੰ ਜੰਨ ਲੈ ਕੇ ਗਏ। ਜੰਨ ਚ ਉਹ ਤਿੰਨ ਚਾਰ ਚੋਰਾਂ ਨੂੰ ਚੜ੍ਹਾਕੇ ਲੈ ਗੇ। ਜਿਹੜੇ ਚੋਰ ਸੀ ਉਨ੍ਹਾਂ ਨੂੰ ਵੀਹ-ਵੀਹ ਕੋਹ ਤੱਕ ਲੋਕ ਜਾਣਦੇ ਸੀ ਬਈ ਇਹ ਸਿਰੇ ਦੇ ਚੋਰ ਐ। ਲੋਕ ਉਨ੍ਹਾਂ ਨੂੰ ਨਫਰਤ ਕਰਦੇ ਸੀ। ਓੱਧਰ ਜਿਹੜੇ ਘਰੇ ਜੰਨ ਢੁੱਕੀ ਸੀ ਉਹ ਵੀ ਕਹਿੰਦੇ ਕਹਾਉਂਦੇ ਸਰਦਾਰ ਸੀ। ਜਦੋਂ ਜੰਨ ਕੁੜੀ ਆਲਿਆਂ ਦੇ ਘਰ ਪਹੁੰਚੀ ਤਾਂ ਕੁੜੀ ਆਲਿਆਂ ਨੇ ਚੋਰਾਂ ਨੂੰ ਪਛਾਣ ਲਿਆ ਬਈ ਇਹ ਤਾਂ ਜੰਨ ਚ ਚੋਰਾਂ ਨੂੰ ਲਿਆਏ ਐ। ਇਹ ਕੰਮ ਨ੍ਹੀ ਚੰਗਾ ਕੀਤਾ ਇਨ੍ਹਾਂ ਨੇ। ਕੁੜੀ ਦਾ ਪਿਉ ਮੁੰਡੇ ਦੇ ਪਿਉ ਨੂੰ ਸੱਦ ਕੇ ਕਹਿੰਦਾ 'ਵੇਖੋ ਸਰਦਾਰ ਜੀ! ਆਪਾਂ ਦੋਮੇਂ ਖਾਨਦਾਨੀ ਟੱਬਰਾਂ ਚੋਂ ਆਂ। ਮੜੱਪਣ ਤੋਂ ਆਪਾਂ ਦੋਨਾਂ ਨੂੰ ਨਫਰਤ ਐ। ਆਹ ਜਿਹੜੇ ਤਿੰਨ ਚਾਰ ਚੋਰਾਂ ਨੂੰ ਤੁਸੀਂ ਜੰਨ ਲਿਆਏ ਐਂ, ਇਹ ਕੰਮ ਨ੍ਹੀ ਚੰਗਾ ਹੋਇਆ। ਅਕੇ ਮੁੰਡੇ ਦਾ ਪਿਉਂ ਕੁੜੀ ਦੇ ਪਿਉ ਨੂੰ ਕਹਿੰਦਾ 'ਇਨ੍ਹਾਂ ਨੂੰ ਤਾਂ ਅਸੀਂ ਇਉਂ ਜੰਨ ਲਿਆਏ ਆਂ ਬਈ ਜੇ ਕਿਤੇ ਇਹ ਪਿੰਡ ਰਹਿ ਜਾਂਦੇ ਤਾਂ ਸਾਡਾ ਵਿਆਹ ਆਲਾ ਸਾਰਾ ਸਮਾਨ ਇਨ੍ਹਾਂ ਚੋਰਾਂ ਨੇ ਘਰੋਂ ਸਾਫ ਕਰ ਦੇਣਾ ਸੀ। ਹੁਣ ਇਹ ਆਪਣੀ ਜੰਨ ਚ ਤੁਰੇ ਫਿਰਨਗੇ ਪਿੱਛੇ ਘਰ ਗੜਬੜ ਤੋਂ ਬਚਿਆ ਰਹੂ। ਐਥੇ ਇਹ ਨਿਗ੍ਹਾ ਚ ਰਹਿਣਗੇ। ਉਹੀ ਗੱਲ ਬਾਬਾ ਇਨ੍ਹਾਂ ਨਾਲ ਹੋਣੀ ਐ ਜਿੰਨ੍ਹਾਂ ਵੱਡਿਆਂ ਵੱਡਿਆਂ ਨੂੰ ਟਿਕਟਾਂ ਨ੍ਹੀ ਦੇ ਰਹੇ ਹਜੇ। ਝਾੜੂ ਆਲਿਆਂ ਦਾ ਤਾਂ ਮੈਨੂੰ ਇਉਂ ਲੱਗਦਾ ਬਈ ਇਹ ਸੋਚਦੇ ਐ ਬਈ ਇਨ੍ਹਾਂ ਨੂੰ ਹਜੇ ਇਉਂ ਈਂ ਨਾਲ ਭਜਾਈ ਫਿਰੋ ਜੇ ਹੁਣੇ ਜਵਾਬ ਦੇ ਤਾ ਤਾਂ ਕਿਤੇ ਕੋਈ ਹੋਰ ਨਮਾਂ ਵੰਝ ਨਾ ਖੜ੍ਹਾ ਕਰ ਦੇਣ। ਆਹ ਗੱਲ ਬਾਬਾ। ਬਾਕੀ ਤੂੰ ਆਪ ਸਿਆਣਾ, ਲੋਕਾਂ ਦੇ ਧੀਆਂ ਪੁੱਤ ਸਿਆਣੇ ਐਂ।"

ਇਉਂ ਗੱਲਾਂ ਕਰੀ ਜਾਂਦਿਆਂ ਤੋਂ ਜਿਉਂ ਹੀ ਡੱਗੀ ਵਾਲੇ ਨੇ ਸੱਥ ਕੋਲ ਆ ਕੇ ਸਕੂਟਰੀ ਤੋਂ ਉੱਤਰਦਿਆਂ ਹੀ ਕੱਪੜੇ ਦਾ ਹੋਕਾ ਦਿੱਤਾ ਤਾਂ ਨਾਥਾ ਅਮਲੀ ਉਹਨੂੰ ਮਖੌਲ ਚ ਕਹਿੰਦਾ, "ਓਏ ਤੂੰ ਵੀ ਕੋਈ ਟਿਕਟ ਟੁਕਟ ਲੈ ਲਾ। ਛੱਡ ਖਹਿੜਾ ਡੱਗੀ ਡੁੱਗੀ ਦਾ। ਹੁਣ ਤਾਂ ਸੋਡੇ ਅਰਗੇ ਸੌਦਾ ਵੇਚਣਿਆਂ ਨੂੰ ਟਿਕਟਾਂ ਮਿਲਦੀਐਂ। ਆਹ ਲੀੜਾ ਲੱਤਾ ਜਾ ਐਥੇ ਵੇਹੜੇ ਆਲਿਆਂ ਨੂੰ ਵੰਡ ਜਾ।"

ਅਮਲੀ ਦੀ ਗੱਲ ਸੁਣ ਕੇ ਬਾਬਾ ਸੰਤੋਖ ਸਿਉਂ ਅਮਲੀ ਨੂੰ ਘੂਰਦਾ ਬੋਲਿਆ, "ਚੁੱਪ ਕਰ ਓਏ ਅਮਲੀਆ, ਓਹਨੂੰ ਵੇਚ ਲੈਣਦੇ ਲੀੜਾ ਲੱਤਾ, ਐਮੇਂ ਨ੍ਹੀ ਬੋਲੀਦਾ ਹੁੰਦਾ। ਚੱਲੋ ਉੱਠੋ ਘਰਾਂ ਨੂੰ ਚੱਲੀਏ ਐਮੇਂ ਖਾਹ ਮਖਾਹ ਲੜੋਂਗੇ ਕਿਸੇ ਰਾਹਗੀਰ ਨਾਲ।"

ਬਾਬੇ ਦਾ ਦਬਕਾ ਸੁਣਕੇ ਸਾਰੀ ਸੱਥ ਉੱਠ ਕੇ ਆਪੋ ਆਪਣੇ ਘਰਾਂ ਨੂੰ ਚੱਲ ਪਈ।

---

# ਮੈਂ ਪੈਸੇ ਕਿੱਥੋਂ ਦਿਆਂ?

**ਲੇਖਕ : ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ, ਸੰਪਰਕ:** 75891-55501

ਮੈਨੂੰ ਪੂਰੀ ਹੋਸ਼ ਸੀ ਜਦੋਂ ਪਿੰਡ ਰਹਿੰਦਿਆਂ ਅਕਸਰ ਹੀ ਅਸੀਂ ਤਾਏ ਜਗਮੇਲ ਸਿੰਘ ਦੇ ਘਰ ਖੇਡਣ ਚਲੇ ਜਾਂਦੇ ਸੀ। ਸੁੱਖ ਨਾਲ ਟੱਬਰ ਸਾਡਾ ਵੀ ਵਾਹਵਾ ਵੱਡਾ ਸੀ ਤੇ ਉਨ੍ਹਾਂ ਦਾ ਵੀ। ਉਦੋਂ ਜ਼ਮਾਨਾ ਹੀ ਇਹੋ ਜਿਹਾ ਸੀ ਕਿ ਭੂਆ ਤੇ ਚਾਚੇ ਜਿੱਡੇ ਹੀ ਭਤੀਜੇ ਭਤੀਜੀਆਂ ਹੁੰਦੇ ਸਨ। ਇਕੱਠਿਆਂ ਨੇ ਖੇਡਣਾ। ਜਿੱਥੋਂ ਖਾਣ ਨੂੰ ਮਿਲ ਜਾਣਾ ਉੱਥੋਂ ਹੀ ਖਾ ਲੈਣਾ। ਕੋਈ ਪਰਵਾਹ ਨਹੀਂ ਸੀ ਹੁੰਦੀ। ਬੇਸ਼ੱਕ, ਜਗਮੇਲ ਸਿੰਘ ਨਾ ਤਾਂ ਸਾਡੇ ਸ਼ਰੀਕੇ ਵਿੱਚੋਂ ਸੀ ਤੇ ਨਾ ਹੀ ਸਾਡੀ ਬਰਾਦਰੀ ਦਾ। ਇੰਨਾ ਜ਼ਰੂਰ ਸੀ ਕਿ ਉਹ ਵੀ ਸੰਤਾਲੀ ਦੀ ਵੰਡ ਸਮੇਂ ਪਾਕਿਸਤਾਨ ’ਚੋਂ ਉੱਜੜ ਕੇ ਆਏ ਸਨ ਤੇ ਸਾਡਾ ਪਰਿਵਾਰ ਵੀ ਉਧਰੋਂ ਉੱਜੜ ਕੇ ਆਇਆ ਸੀ। ਜਿਉਂ ਜਿਉਂ ਅਲਾਟਮੈਂਟਾਂ ਹੋਈਆਂ ਉਵੇਂ ਹੀ ਇੱਧਰ ਵਸਦੇ ਗਏ। ਸਾਡਾ ਤਾਂ ਪਿੰਡ ਸਾਰਾ ਹੀ ਮੁਸਲਮਾਨਾਂ ਦਾ ਹੁੰਦਾ ਸੀ ਜਿਸ ਕਰਕੇ ਉਹ ਘਰ ਖਾਲੀ ਕਰਕੇ ਚਲੇ ਗਏ ਸੀ। ਉਨ੍ਹਾਂ ਦੇ ਖਾਲੀ ਘਰਾਂ ਵਿੱਚ ਸਾਡੇ ਪਰਿਵਾਰਾਂ ਨੇ ਰਹਿਣਾ ਸ਼ੁਰੂ ਕਰ ਦਿੱਤਾ। ਬਸ ਹੌਲੀ-ਹੌਲੀ ਕਰਕੇ ਇੱਕ ਦੂਜੇ ਨਾਲ ਵਰਤ-ਵਰਤਾਰਾ ਸ਼ੁਰੂ ਹੋ ਗਿਆ। ਸਾਡੇ ਸਾਰੇ ਭੈਣ ਭਰਾ ਉਸ ਨੂੰ ਤਾਇਆ ਕਹਿ ਕੇ ਬੁਲਾਉਂਦੇ ਹੁੰਦੇ ਸੀ। ਸਾਡੀ ਤਾਈ ਗੁਰੋ ਦਾ ਸੁਭਾਅ ਵੀ ਬਹੁਤ ਵਧੀਆ ਹੁੰਦਾ ਸੀ। ਉਸ ਨੇ ਕਦੇ ਕਦਾਈਂ ਡੁੱਲ੍ਹੇ ਵਿਗੜੇ ਤੋਂ ਆਪਣੇ ਜਵਾਕਾਂ ਨੂੰ ਝਿੜਕ ਲੈਣਾ, ਪਰ ਸਾਨੂੰ ਨਹੀਂ। ਉਨ੍ਹਾਂ ਦੇ ਜਵਾਕ ਵੀ ਪੜ੍ਹਨ ਨਹੀਂ ਜਾਂਦੇ ਸੀ ਤੇ ਅਸੀਂ ਵੀ ਨਹੀਂ। ਇੱਕ ਤਾਂ ਪਿੰਡ ਬਾਰਡਰ ’ਤੇ ਸੀ, ਦੂਜਾ ਸਕੂਲ ਵੀ ਨਾ ਹੋਇਆਂ ਵਰਗਾ ਹੁੰਦਾ ਸੀ। ਮੇਰੇ ਅੱਖੀਂ ਵੇਖਣ ਦੀ ਗੱਲ ਹੈ ਕਿ ਸਕੂਲ ਵੰਡ ਤੋਂ ਪਹਿਲਾਂ ਦੀ ਇੱਕ ਢੱਠੀ ਜਿਹੀ ਮਸਜਿਦ ਵਿੱਚ ਹੁੰਦਾ ਸੀ ਜਿੱਥੇ ਇੱਕ ਅੱਧਾ ਮਾਸਟਰ ਜਾਂ ਭੈਣ ਜੀ ਟੁੱਟੀ ਜਿਹੀ ਕੁਰਸੀ ’ਤੇ ਬੈਠੇ ਹੁੰਦੇ ਸੀ। ਪੰਜ ਸੱਤ ਜਵਾਕ ਲਿੱਬੜੇ ਤਿਬੜੇ ਪੜ੍ਹਨ ਆਉਂਦੇ ਸੀ। ਸਾਡੇ ਵੱਡਿਆਂ ਨੇ ਕਹਿਣਾ ਕਿ ਇਨ੍ਹਾਂ ਜਵਾਕਾਂ ਨੂੰ ਕੰਮ ਧੰਦੇ ਲਾਇਆ ਕਰੋ, ਇਨ੍ਹਾਂ ਨੇ ਪੜ੍ਹ ਕੇ ਕਿਹੜਾ ਡੀਸੀ ਲੱਗਣਾ ਹੈ। ਪਰ ਜਗਮੇਲ ਸਿੰਘ ਆਪ ਖ਼ੁਦ ਉਰਦੂ ਦੀਆਂ ਅੱਠ-ਨੌਂ ਜਮਾਤਾਂ ਪੜ੍ਹਿਆ ਹੋਇਆ ਸੀ ਜਿਸ ਕਰਕੇ ਉਸ ਨੇ ਆਪਣੇ ਸਾਰੇ ਹੀ ਜਵਾਕ ਸਕੂਲੇ ਪੜ੍ਹਨੇ ਲਾ ਦਿੱਤੇ। ਹੌਲੀ ਹੌਲੀ ਪਿੰਡ ਵਾਲਿਆਂ ਨੇ ਸਕੂਲ ਦੀ ਇੱਕ ਇਮਾਰਤ ਵੀ ਬਣਵਾ ਦਿੱਤੀ। ਕੋਈ ਮੰਤਰੀ ਆਇਆ ਤੇ ਉਸ ਨੇ ਸਕੂਲ ਨੂੰ ਪ੍ਰਾਇਮਰੀ ਤੋਂ ਮਿਡਲ ਬਣਾ ਦਿੱਤਾ।ਅੱਜ ਹੋਰ ਤੇ ਕੱਲ੍ਹ ਹੋਰ। ਜਿਹੜੇ ਜਵਾਕਾਂ ਨੂੰ ਪਿੱਛੋਂ ਡੰਡਿਆਂ ਦਾ ਡਰ ਸੀ ਉਹ ਪੜ੍ਹ ਲਿਖ ਗਏ ਤੇ ਜਿਨ੍ਹਾਂ ਨੂੰ ਨਹੀਂ ਸੀ ਉਹ ਡੰਗਰ ਚਾਰਨ ਲੱਗ ਪਏ। ਜਗਮੇਲ ਸਿੰਘ ਨੇ ਦਿਨ ਰਾਤ ਮਿਹਨਤ ਕਰਕੇ ਆਪਣੀਆਂ ਤਿੰਨਾਂ ਧੀਆਂ ਤੇ ਤਿੰਨਾਂ ਪੁੱਤਰਾਂ ਨੂੰ ਚੰਗਾ ਪੜ੍ਹਾ ਲਿਖਾ ਦਿੱਤਾ। ਵੱਡਾ ਮੁੰਡਾ ਪੜ੍ਹ ਲਿਖ ਕੇ ਵੀ ਆਪਣੇ ਪਿਉ ਨਾਲ ਕੰਮ ਕਰਵਾਉਣ ਲੱਗ ਪਿਆ। ਛੋਟੇ ਦੋਵੇਂ ਅੰਮ੍ਰਿਤਸਰ ਕਿਸੇ ਹਸਪਤਾਲ ਵਿੱਚ ਕੋਰਸ ਕਰਨ ਲੱਗ ਪਏ। ਕੁੜੀਆਂ ਵਿਆਹੀਆਂ ਗਈਆਂ, ਆਪੋ ਆਪਣੇ ਘਰ ਚਲੀਆਂ ਗਈਆਂ। ਵੱਡਾ ਮੁੰਡਾ ਬਿੱਲਾ ਆਪਣੇ ਬਾਪੂ ਵਾਲੇ ਕੰਮ ਵਿੱਚ ਮਾਹਿਰ ਹੋ ਗਿਆ, ਪਰ ਉਸ ਨੇ ਸੇਪੀ ਛੱਡ ਕੇ ਨਕਦ ਪੈਸੇ ਲੈ ਕੇ ਕੰਮ ਕਰਨਾ। ਵਿਚਕਾਰਲਾ ਮੁੰਡਾ ਛਿੰਦਾ ਡਾਕਟਰੀ ਦਾ ਕੰਮ ਸਿੱਖ ਕੇ ਆ ਗਿਆ। ਬਾਜ਼ਾਰ ਵਿੱਚ ਇੱਕ ਨਿੱਕਾ ਜਿਹਾ ਕਲੀਨਿਕ ਬਣਾ ਕੇ ਬੈਠ ਗਿਆ। ਬਸ ਉਸ ਦੇ ਬੈਠਣ ਦੀ ਹੀ ਦੇਰ ਸੀ ਕਿ ਮਰੀਜ਼ਾਂ ਦੀਆਂ ਲਾਈਨਾਂ ਲੱਗਣੀਆਂ ਸ਼ੁਰੂ ਹੋ ਗਈਆਂ। ਹੱਥ ਦਾ ਬਹੁਤ ਸਿਆਣਾ ਸੀ, ਪਰ ਪੈਸਿਆਂ ਵਾਲੇ ਆਹੂ ਲਾਹੁਣ ਲੱਗ ਪਿਆ। ਜਗਮੇਲ ਸਿੰਘ ਦੇ ਦਿਨ ਬਦਲਣ ਲੱਗ ਪਏ। ਇੰਨੇ ਨੂੰ ਛੋਟਾ ਮੁੰਡਾ ਰੂਪਾ ਵੀ ਕੋਰਸ ਕਰਕੇ ਭਰਾ ਨਾਲ ਹੱਥ ਵਟਾਉਣ ਲੱਗ ਪਿਆ। ਦੋਹਾਂ ਦੀ ਡਾਕਟਰੀ ਖ਼ੂਬ ਚੱਲੀ। ਸਾਰਿਆਂ ਦੇ ਵਿਆਹ ਹੋ ਗਏ। ਹਰ ਇੱਕ ਬੰਦਾ ਜਗਮੇਲ ਸਿੰਘ ਦੀ ਇੱਜ਼ਤ ਕਰਦਾ, ਪਰ ਜਗਮੇਲ ਸਿੰਘ ਵਿੱਚ ਕੋਈ ਫ਼ਰਕ ਨਹੀਂ ਸੀ ਆਇਆ। ਜਿਵੇਂ ਪਹਿਲਾਂ ਸੀ ਉਵੇਂ ਹੀ ਹੁਣ ਸੀ। ਜਿਵੇਂ ਸਿਆਣੇ ਕਹਿੰਦੇ ਨੇ ਕਿ ਵਪਾਰ ਤੇ ਰੁੱਖ ਦੀ ਵਧਣ ਦੀ ਇੱਕ ਸੀਮਾ ਹੁੰਦੀ ਹੈ, ਇੱਕ ਸਮਾਂ ਆਉਂਦਾ ਹੈ ਜਦੋਂ ਰੁੱਖ ਦਾ ਵਧਣਾ ਬੰਦ ਹੋ ਜਾਂਦਾ ਹੈ, ਇਸੇ ਤਰ੍ਹਾਂ ਵਪਾਰ ਇੱਕ ਦਿਨ ਵਧਣਾ ਬੰਦ ਹੋ ਜਾਂਦਾ ਹੈ। ਉਹੀ ਗੱਲ ਜਗਮੇਲ ਸਿੰਘ ਦੇ ਘਰ ਦੀ ਹੋਈ। ਪਹਿਲਾਂ ਵੱਡਾ ਪੁੱਤਰ ਬਿੱਲਾ ਵੱਖਰਾ ਹੋ ਗਿਆ। ਫਿਰ ਥੋੜ੍ਹੇ ਚਿਰ ਬਾਅਦ ਛਿੰਦਾ ਤੇ ਰੂਪਾ। ਕਿਸੇ ਵੀ ਪੁੱਤਰ ਨੇ ਇਹ ਨਾ ਕਿਹਾ ਕਿ ਬਾਪੂ ਤੂੰ ਸਾਡੇ ਨਾਲ ਰਹਿ। ਜਿਹੜਾ ਸਾਂਝਾ ਘਰ ਸੀ ਉਹ ਬਿੱਲੇ ਨੇ ਲੈ ਲਿਆ ਤੇ ਬਾਕੀ ਡਾਕਟਰਾਂ ਨੇ ਬਾਹਰ ਥਾਂ ਲੈ ਕੇ ਘਰ ਬਣਾ ਲਏ। ਵੰਡ ਕਰਦੇ ਸਮੇਂ ਮੁੰਡਿਆਂ ਦੀ ਆਪਸ ਵਿੱਚ ਕੋਈ ਤਤਕਾਰ ਹੋ ਗਈ ਜਿਸ ਕਰਕੇ ਬਾਪੂ ਨੂੰ ਕਿਸੇ ਨੇ ਵੀ ਨਾਲ ਨਾ ਰੱਖਿਆ। ਹੁਣ ਜਗਮੇਲ ਸਿੰਘ ਬੁੱਢਾ ਵੀ ਹੋ ਚੁੱਕਾ ਸੀ। ਸਾਰਾ ਪੈਸਾ ਧੇਲਾ ਮੁੰਡਿਆਂ ਨੂੰ ਸੈੱਟ ਕਰਨ ’ਤੇ ਲਾ ਦਿੱਤਾ। ਕੁਝ ਕੁੜੀਆਂ ਦੇ ਵਿਆਹਾਂ ’ਤੇ ਖਰਚ ਕਰ ਦਿੱਤਾ। ਜਿਹੜੀ ਦੋ ਕਨਾਲਾਂ ਜ਼ਮੀਨ ਸੀ ਉਹ ਵੀ ਵੇਚ ਚੁੱਕਾ ਸੀ। ਹੁਣ ਦੋਵੇਂ ਜੀਅ ਬੇਸਹਾਰਾ ਹੋ ਕੇ ਆਪਣੀ ਅਖਰੀਲੀ ਜ਼ਿੰਦਗੀ ਕੱਟਣ ਲੱਗ ਪਏ। ਥੋੜ੍ਹਾ ਸਮਾਂ ਹੀ ਬੀਤਿਆ ਕਿ ਜੀਵਨ ਸਾਥਣ ਗੁਰੋ ਤਾਈ ਵੀ ਚੱਲ ਵੱਸੀ। ਹੁਣ ਜਗਮੇਲ ਸਿੰਘ ਸੋਚਣ ਲੱਗਿਆ ਕਿ ਕਿਸ ਨਾਲ ਰਹਾਂਗਾ। ਭੋਗ ਤੋਂ ਬਾਅਦ ਰਿਸ਼ਤੇਦਾਰ ਇਕੱਠੇ ਬੈਠੇ ਸਨ।ਜਗਮੇਲ ਸਿੰਘ ਨੇ ਆਪਣਾ ਪੱਖ ਉਨ੍ਹਾਂ ਅੱਗੇ ਰੱਖ ਦਿੱਤਾ, ‘‘ਮੇਰੇ ਬਾਰੇ ਸੋਚੋ। ਮੈਨੂੰ ਕਿਸ ਨਾਲ ਰਹਿਣ ਵਾਸਤੇ ਕਹਿਣਾ ਜੇ!’’ ਵੱਡੇ ਮੁੰਡੇ ਬਿੱਲੇ ਤੇ ਸਾਰਿਆਂ ਤੋਂ ਨਿੱਕੇ ਮੁੰਡੇ ਰੂਪੇ ਨੇ ਸਾਫ਼ ਜਵਾਬ ਦੇ ਦਿੱਤਾ ਕਿ ਅਸੀਂ ਬੁੱਢੇ ਨੂੰ ਆਪਣੇ ਪਰਿਵਾਰ ਵਿੱਚ ਨਹੀਂ ਰੱਖ ਸਕਦੇ, ਐਵੇਂ ਸਾਰਾ ਦਿਨ ਦਿਨ ਖਹੂ-ਖਹੂ ਕਰਦਾ ਰਹੇਗਾ। ਹੁਣ ਰਹਿ ਗਿਆ ਵਿਚਕਾਰਲਾ ਛਿੰਦਾ ਉਹ ਕਹਿਣ ਲੱਗਾ, ‘‘ਜੇ ਬੁੱਢੇ ਨੇ ਮੇਰੇ ਨਾਲ ਰਹਿਣਾ ਹੈ ਤਾਂ ਮੈਨੂੰ ਖਰਚਾ ਚਾਹੀਦਾ ਹੈ। ਇਸ ਦੇ ਲੀੜੇ ਕੱਪੜੇ ਵੀ ਧੋਣੇ ਨੇ, ਰੋਟੀ ਟੁੱਕ ਵੀ ਦੇਣਾ ਹੈ। ਦਵਾ ਦਾਰੂ ਦਾ ਖਰਚ ਹੋਵੇਗਾ,।’’ ਸਾਰੇ ਰਿਸ਼ਤੇਦਾਰ ਤੇ ਕੁੜੀਆਂ ਉਸ ਦੇ ਮੂੰਹ ਵੱਲ ਵੇਖਣ ਲੱਗੇ ਕਿ ਇਹ ਕੀ ਆਖ ਰਿਹਾ ਹੈ। ‘‘ਹਾਂ, ਮੈਂ ਸਹੀ ਆਖਦਾ ਹਾਂ। ਇਹ ਕੋਈ ਮੇਰੇ ਇਕੱਲੇ ਦਾ ਪਿਉ ਨਹੀਂ ਸਗੋਂ ਆਪਣਾ ਛੇਆਂ ਭੈਣ ਭਰਾਵਾਂ ਦਾ ਹੈ।’’ ਬਜ਼ੁਰਗ ਜਗਮੇਲ ਸਿੰਘ ਰੋਂਦਾ ਹੋਇਆ ਬੋਲਿਆ, ‘‘ਮੈਂ ਪੈਸੇ ਕਿੱਥੋਂ ਲਿਆਵਾਂਗਾ? ਮੇਰੇ ਕੋਲ ਤੁਹਾਨੂੰ ਦੇਣ ਵਾਸਤੇ ਪੈਸੇ ਕਿੱਥੇ ਹਨ। ਤੁਸੀਂ ਮੈਨੂੰ ਬਿਰਧ ਆਸ਼ਰਮ ਛੱਡ ਆਉ। ਜਿਹੜੇ ਚਾਰ ਦਿਨ ਜ਼ਿੰਦਗੀ ਦੇ ਬਚੇ ਹਨ ਉਹ ਮੈਂ ਰੁਲ ਖੁਲ ਕੇ ਉੱਥੇ ਕੱਟ ਲਵਾਂਗਾ। ਮੈਨੂੰ ਤੁਸੀਂ ਸਾਰੇ ਮੁਆਫ਼ ਕਰ ਦਿਓ। ਰੱਬ ਚੰਗਾ ਹੁੰਦਾ ਤਾਂ ਮੈਨੂੰ ਵੀ ਨਾਲ ਹੀ ਚੁੱਕ ਲੈਂਦਾ, ਆਹ ਦਿਨ ਤਾਂ ਨਾ ਵੇਖਣੇ ਪੈਂਦੇ।’’ ਇੰਨੀ ਗੱਲ ਸੁਣ ਕੇ ਛੋਟਾ ਜਵਾਈ ਬਾਂਹ ਫੜ ਕੇ ਉਸ ਨੂੰ ਨਾਲ ਲੈ ਗਿਆ।ਕਿਸੇ ਵੀ ਪੁੱਤ ਪੋਤੇ ਨੇ ਉਸ ਦੀ ਬਾਂਹ ਨਾ ਛੁਡਾਈ।

# ਦੇਸੀ ਤੜਕਾ

## ਰਸਮ ਪਾਊਡਰ

ਇਕ ਵੱਡਾ ਚਮਚ ਛੋਲਿਆਂ ਦੀ ਦਾਲ

ਇਕ ਵੱਡਾ ਚਮਚ ਸੁੱਕਾ ਧਨੀਆ

ਇਕ ਛੋਟਾ ਚਮਚ ਜੀਰਾ

ਅੱਧਾ ਛੋਟਾ ਚਮਚ ਕਾਲੀ ਮਿਰਚ

ਇਕ ਸੁੱਕੀ ਲਾਲ ਮਿਰਚ

ਇਕ ਛੋਟਾ ਚਮਚ ਤੇਲ।

ਰਸਮ ਲਈ:

1/4 ਕੱਪ ਅਰਹਰ ਦੀ ਦਾਲ,

3 ਵੱਡੇ ਚਮਚ ਤਾਜਾ ਨਾਰੀਅਲ (ਪੀਸਿਆ ਹੋਇਆ),

ਅੱਧਾ ਵੱਡਾ ਚਮਚ ਬਿਨਾਂ ਬੀਜ ਦੀ ਇਮਲੀ,

2 ਛੋਟੇ ਟਮਾਟਰ (ਬਰੀਕ ਕੱਟੇ ਹੋਏ),

ਇਕ ਚੁਟਕੀ ਹਲਦੀ ਪਾਊਡਰ,

ਇਕ ਵੱਡਾ ਚਮਚ ਸ਼ੱਕਰ,

2 ਵੱਡੇ ਚਮਚ ਕੱਟਿਆ ਹੋਇਆ ਧਨੀਆ

ਸਵਾਦ ਅਨੁਸਾਰ ਨਮਕ।



### 'ਟੈਂਪਰਿੰਗ' ਲਈ :

ਅੱਧਾ ਵੱਡਾ ਚਮਚ ਤੇਲ, ਅੱਧਾ ਵੱਡਾ ਚਮਚ ਸਰ੍ਹੋਂ ਦਾ ਤੇਲ, ਅੱਧਾ ਛੋਟਾ ਚਮਚ ਜੀਰਾ, ਇਕ ਸੁੱਕੀ ਲਾਲ ਮਿਰਚ, 1/8 ਛੋਟਾ ਚਮਚ ਹਿੰਗ ਅਤੇ 5-6 ਕੜੀ ਪੱਤੇ।

**ਸਟੈੱਪ-1 :** ਅਰਹਰ ਦੀ ਦਾਲ ਨੂੰ ਪਾਣੀ 'ਚ ਧੋਵੋ ਅਤੇ 3-4 ਲੀਟਰ ਦੀ ਸਮਰੱਥਾ ਵਾਲੇ ਐਲੂਮੀਨੀਅਮ ਦੇ ਪ੍ਰੈਸ਼ਰ ਕੁੱਕਰ 'ਚ 3/4 ਕੱਪ ਪਾਣੀ ਪਾ ਕੇ 3 ਸੀਟੀਆਂ ਮਰਵਾਓ। ਲਗਭਗ 4-5 ਮਿੰਟਾਂ ਬਾਅਦ ਢੱਕਣ ਖੋਲ੍ਹੋ ਅਤੇ ਇਸ ਨੂੰ ਇਕ ਪਾਸੇ ਰੱਖ ਲਓ। ਇਕ ਵੱਡੇ ਚਮਚੇ ਦੇ ਪਿਛਲੇ ਪਾਸੇ ਨਾਲ ਦਾਲ ਨੂੰ ਘੋਲੋ।

**ਸਟੈੱਪ-2 :** ਇਸ ਦੌਰਾਨ ਨਾਰੀਅਲ ਦਾ ਦੁੱਧ ਤਿਆਰ ਕਰੋ। ਪੀਸਿਆ ਹੋਇਆ ਤਾਜ਼ਾ ਨਾਰੀਅਲ ਲਓ। ਇਸ ਵਿਚ 3 ਵੱਡੇ ਚਮਚ ਗਰਮ ਪਾਣੀ ਪਾ ਕੇ ਇਸ ਨੂੰ ਗ੍ਰਾਕਰ ਲਓ। ਗ੍ਰਾਈਂਡ ਕਰਨ ਤੋਂ ਬਾਅਦ ਇਸ ਨੂੰ ਇਕ ਕੌਲੀ 'ਚ ਕੱਢ ਲਓ। ਲੋੜ ਪੈਣ ਤੱਕ ਇਸ ਨੂੰ ਇਕ ਪਾਸੇ ਰੱਖ ਲਓ।

### ਰਸਮ ਪਾਊਡਰ ਬਣਾਉਣ ਦੀ ਵਿਧੀ

ਇਕ ਕੜਾਹੀ 'ਚ ਇਕ ਵੱਡਾ ਚਮਚ ਤੇਲ ਪਾਉ ਅਤੇ ਉਸ 'ਚ ਛੋਲਿਆਂ ਦੀ ਦਾਲ, ਸੁੱਕਾ ਧਨੀਆ, ਜੀਰਾ, ਕਾਲੀ ਮਿਰਚ ਅਤੇ ਸੁੱਕੀ ਲਾਲ ਮਿਰਚਾ ਪਾ ਕੇ ਮੱਠੀ-ਮੱਠੀ ਅੱਗ 'ਤੇ ਕਰੀਬ ਇਕ-ਦੋ ਮਿੰਟਾਂ ਤੱਕ ਭੁੰਨੋ। ਹੁਣ ਇਸ ਨੂੰ ਇਕ ਪਲੇਟ 'ਚ ਪਾ ਕੇ 4-5 ਮਿੰਟਾਂ ਲਈ ਠੰਢਾ ਹੋਣ ਦਿਓ। ਹੁਣ ਸੁੱਕੀ ਸਮੱਗਰੀ ਨੂੰ 'ਗ੍ਰਾਈਂਡਰ' ਦੇ ਇਕ ਜੱਗ 'ਚ ਪਾ ਕੇ ਮੁਲਾਇਮ ਪਾਊਡਰ ਹੋਣ ਤੱਕ ਪੀਸ ਲਓ। ਇਸ ਰਸਮ ਪਾਊਡਰ ਨੂੰ ਜ਼ਰੂਰਤ ਪੈਣ ਤੱਕ ਇਕ ਪਾਸੇ ਰੱਖ ਲਓ। ਹੁਣ ਇਮਲੀ ਨੂੰ ਅੱਧਾ ਕੱਪ ਗਰਮ ਪਾਣੀ 'ਚ 4-5 ਮਿੰਟਾਂ ਲਈ ਰੱਖੋ। ਇਸ ਨੂੰ ਚਮਚ ਜਾਂ ਹੱਥ ਨਾਲ ਘੋਲੋ ਅਤੇ ਇਸ 'ਚੋਂ ਗਿਟਕਾਂ ਨੂੰ ਬਾਹਰ ਕੱਢ ਦਿਓ। ਹੁਣ ਇਕ ਕੜਾਹੀ 'ਚ ਇਮਲੀ ਦਾ ਘੋਲ, ਕੱਟੇ ਹੋਏ ਟਮਾਟਰ, ਹਲਦੀ ਪਾਊਡਰ, ਪੀਸੀ ਹੋਈ ਸ਼ੱਕਰ ਅਤੇ ਨਮਕ ਨੂੰ ਪਾਓ ਅਤੇ ਇਸ ਨੂੰ ਮੱਠੇ-ਮੱਠੇ ਸੇਕ 'ਤੇ ਉਬਾਲੋ। ਜਦੋਂ ਇਹ ਉੱਬਲਣ ਲੱਗੇ, ਅੱਗ ਨੂੰ ਘੱਟ ਕਰੋ ਅਤੇ ਇਸ ਨੂੰ ਲਗਭਗ 4-5 ਮਿੰਟਾਂ ਲਈ ਪਕਾਓ। ਪ੍ਰੈਸ਼ਰ ਕੁੱਕਰ 'ਚ ਅਰਹਰ ਦੀ ਦਾਲ, ਰਸਮ ਪਾਊਡਰ (ਜੋ ਕਿ ਸਟੈੱਪ-2 'ਚ ਦੱਸਿਆ ਗਿਆ ਹੈ) ਅਤੇ ਡੇਢ ਕੱਪ ਪਾਣੀ ਪਾਓ। ਚੰਗੀ ਤਰ੍ਹਾਂ ਹਿਲਾਓ ਅਤੇ ਮੱਠੇ-ਮੱਠੇ ਸੇਕ 'ਤੇ ਉਦੋਂ ਤੱਕ ਪਕਾਓ ਜਦੋਂ ਤੱਕ ਮਿਸ਼ਰਨ ਲਗਭਗ ਘੁਲ ਨਾ ਜਾਵੇ। ਲਗਭਗ 3-4 ਮਿੰਟਾਂ ਲਈ। ਇਸ ਦੌਰਾਨ 'ਟੈਂਪਰਿੰਗ' ਤਿਆਰ ਕਰੋ। ਇਕ ਛੋਟੀ ਕੜਾਹੀ 'ਚ ਅੱਧਾ ਚਮਚ ਤੇਲ ਘੱਟ ਸੇਕ 'ਤੇ ਗਰਮ ਕਰੋ। ਇਸ 'ਚ ਸਰ੍ਹੋਂ ਦੇ ਬੀਜ ਪਾਓ। ਜਦੋਂ ਉਹ ਤਿੜਕਣ ਲੱਗ ਜਾਣ ਤਾਂ ਜੀਰਾ, ਸੁੱਕੀ ਲਾਲ ਮਿਰਚ, ਕੜੀ ਪੱਤਾ ਅਤੇ ਹਿੰਗ ਪਾ ਕੇ 10-20 ਸਕਿੰਟਾਂ ਲਈ ਭੁੰਨੋ। ਅੱਗ ਤੋਂ ਕੜਾਹੀ ਨੂੰ ਉਤਾਰ ਲਓ ਅਤੇ ਪਕਾਈ ਹੋਈ ਦਾਲ ਦੇ ਮਿਸ਼ਰਣ 'ਤੇ 'ਟੈਂਪਰਿੰਗ' ਪਾਓ। ਨਾਰੀਅਲ ਦਾ ਦੁੱਧ (ਸਟੈੱਪ-2 'ਚ ਕੱਢਿਆ ਗਿਆ) ਪਾਓ ਅਤੇ ਚੰਗੀ ਤਰ੍ਹਾਂ ਮਿਲਾਓ। ਅੱਗ ਨੂੰ ਬੰਦ ਕਰ ਦਿਓ। ਹੁਣ ਇਸ ਨੂੰ ਵੱਡੇ ਕੌਲੇ 'ਚ ਪਾਓ ਅਤੇ ਇਸ 'ਤੇ ਧਨੀਏ ਦੇ ਪੱਤੇ ਪਾ ਕੇ ਪਰੋਸੋ।

# ਤਕਨਾਲੋਜੀ ਟਾਈਮਜ਼

## ਸੈਮਸੰਗ ਵਲੋਂ ਤਿੰਨ ਵਾਰ ਫੋਲਡ ਹੋਣ ਵਾਲੇ ਸਮਾਰਟਫੋਨ ਲਿਆਉਣ ਦੀ ਤਿਆਰੀ

ਸੈਮਸੰਗ ਫੋਲਡ ਦੇ ਬਾਜ਼ਾਰ 'ਚ ਕਈ ਹੈਂਡਸੈੱਟ ਮੌਜੂਦ ਹਨ, ਹੁਣ ਕੰਪਨੀ ਠਰਿ-ਡੋਲਦ ਦੇ ਸੈਗਮੈਂਟ 'ਚ ਐਂਟਰੀ ਕਰਨ ਜਾ ਰਹੀ ਹੈ। ਇਸ ਦੀ ਜਾਣਕਾਰੀ ਐਂਡਰਾਇਡ ਪੁਲਸ ਪੋਰਟਲ ਤੋਂ ਮਿਲੀ ਹੈ। Samsung Tir Fold Phone ਦੀ ਖਬਰ ਅਜਿਹੇ ਸਮੇਂ 'ਚ ਸਾਹਮਣੇ ਆਈ ਹੈ, ਜਦੋਂ ਇਕ ਮਹੀਨਾ ਪਹਿਲਾਂ ਹੀ ਹੁਵਾਵੇਈ ਦੁਨੀਆ ਦਾ ਪਹਿਲਾ ਠਰਿ-ਡੋਲਦ ਲਾਂਚ ਕਰ ਚੁੱਕੀ ਹੈ।

ਮੀਡੀਆ ਰਿਪੋਰਟਾਂ ਮੁਤਾਬਕ, ਸੈਮਸੰਗ ਹੁਣ Tir-fold ਦੇ ਬਾਜ਼ਾਰ 'ਚ ਟੱਕਰ ਦੇਣ ਦੀ ਤਿਆਰੀ ਕਰ ਰਹੀ ਹੈ। ਹਾਲਾਂਕਿ ਇਸ ਦਾ ਫਾਇਦਾ ਕੋਰੀਆਈ ਕੰਪਨੀ ਨੂੰ ਜ਼ਿਆਦਾ ਹੋਵੇਗਾ ਕਿਉਂਕਿ ਹੁਵਾਵੇਈ ਅਜੇ ਕਈ ਬਾਜ਼ਾਰਾਂ 'ਚ ਨਹੀਂ ਹੈ। ਸੈਮਸੰਗ ਨੇ Tir-fold ਨੂੰ ਲੈ ਕੇ ਕੰਮ ਸ਼ੁਰੂ ਕਰ ਦਿੱਤਾ ਹੈ, ਜਿਸ ਵਿਚ ਸਕਰੀਨ ਨੂੰ ਦੋ ਵਾਰ ਫੋਲਡ ਕੀਤਾ ਜਾ ਸਕੇਗਾ ਅਤੇ ਇਹ Huawie Mate XT ਵਰਗਾ ਹੋਵੇਗਾ।




### ਅਗਲੇ ਸਾਲ ਸੈਮਸੰਗ ਲਾਂਚ ਕਰ ਸਕਦੀ ਹੈ Tir-fold ਫੋਨ

ਰਿਪੋਰਟ ਮੁਤਾਬਕ, ਸੈਮਸੰਗ ਅਗਲੇ ਸਾਲ Tir-fold ਨੂੰ ਲਾਂਚ ਕਰ ਸਕਦੀ ਹੈ। ਸੈਮਸੰਗ ਦੇ ਡਿਸਪਲੇਅ ਵਿੰਗ ਵੱਲੋਂ ਠਰਿ-ਡੋਲਦ ਸਕਰੀਨ ਦੇ ਡਿਵੈਲਪਮੈਂਟ ਦਾ ਕੰਮ ਕੀਤਾ ਜਾ ਚੁੱਕਾ ਹੈ। ਹਾਲਾਂਕਿ, ਅਜੇ ਲਾਂਚਿੰਗ ਨੂੰ ਲੈ ਕੇ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੋਈ।

### Huawie Mate XT ਸਿਰਫ ਚੀਨ 'ਚ ਮੌਜੂਦ

Huawie Mate XT ਅਜੇ ਇਕਲੌਤਾ ਫੋਨ ਹੈ, ਜੋ ਠਰਿ-ਡੋਲਦ ਦੇ ਨਾਲ ਆਉਂਦਾ ਹੈ। ਹਾਲਾਂਕਿ, ਇਹ ਚੀਨ ਦੇ ਬਾਹਰ ਉਪਲੱਬਧ ਨਹੀਂ ਹੈ। ਹੁਵਾਵੇਈ ਨੂੰ ਜਦੋਂ ਤੋਂ ਅਮਰੀਕੀ ਬਾਜ਼ਾਰ 'ਚ ਬੈਨ ਕੀਤਾ ਗਿਆ ਹੈ, ਉਦੋਂ ਤੋਂ ਉਹ ਇੰਟਰਨੈਸ਼ਨਲ ਬਾਜ਼ਾਰ 'ਚ ਨਾ ਦੇ ਬਰਾਬਰ ਫਲੈਗਸ਼ਿਪ ਹੈਂਡਸੈੱਟ ਨੂੰ ਲਾਂਚ ਕਰ ਰਹੀ ਹੈ।

## OpenAI ਨੇ ਵਿੰਡੋਜ਼ ਸਿਸਟਮ ਲਈ ਲਾਂਚ ਕੀਤਾ ਨਵਾਂ ਐਪ

OpenAI ਨੇ ਵਿੰਡੋਜ਼ ਸਿਸਟਮ ਲਈ ਆਖਿਰਕਾਰ ਇਕ ਅਲੱਗ ਤੋਂ ਐਪ ਲਾਂਚ ਕਰ ਦਿੱਤਾ ਹੈ। ਮਾਈਕ੍ਰੋਸਾਫਟ ਦੇ ਐਪ ਸਟੋਰ ਤੋਂ ChatGPT ਐਪ ਨੂੰ ਵਿੰਡੋਜ਼ ਲੈਪਟਾਪ ਅਤੇ ਕੰਪਿਊਟਰ 'ਚ ਡਾਊਨਲੋਡ ਕਰਕੇ ਇੰਸਟਾਲ ਕੀਤਾ ਜਾ ਸਕਦਾ ਹੈ। ਹੁਣ ਤਕ ਵਿੰਡੋਜ਼ ਦੇ ਯੂਜ਼ਰਜ਼ ChatGPT ਨੂੰ ਵੈੱਬ ਵਰਜ਼ਨ ਦੇ ਤੌਰ 'ਤੇ ਇਸਤੇਮਾਲ ਕਰ ਰਹੇ ਸਨ। ਇਸ ਨਵੇਂ ਐਪ ਨੂੰ ਯੂਜ਼ਰਜ਼ ਦੇ ਅਨੁਭਵ ਨੂੰ ਬਿਹਤਰ ਬਣਾਉਣ ਦੇ ਉਦੇਸ਼ ਨਾਲ ਬਣਾਇਆ ਗਿਆ ਹੈ ਜਿਸ ਨਾਲ ਉਹ ਆਪਣੇ ਡੈਸਕਟਾਪ ਤੋਂ ਸਿੱਧਾ ਆਪਣੀ ਭਾਸ਼ਾ 'ਚ ਏ.ਆਈ. ਮਾਡਲ ਦਾ ਇਸਤੇਮਾਲ ਕਰ ਸਕਣ।

ChatGPT ਦੇ ਵਿੰਡੋਜ਼ ਐਪ ਦੀ ਮੰਗ ਲੰਬੇ ਸਮੇਂ ਤੋਂ ਸੀ ਅਤੇ ਹੁਣ ਕੰਪਨੀ ਨੇ ਇਸ ਨੂੰ ਪੂਰਾ ਕਰ ਦਿੱਤਾ ਹੈ, ਹਾਲਾਂਕਿ,




ਵੈੱਬ ਵਰਜ਼ਨ ਵੀ ਕਾਫੀ ਲੋਕਪ੍ਰਸਿੱਧ ਹੈ ਅਤੇ ਅਰਬਾਂ ਲੋਕ ਵੈੱਬ ਵਰਜ਼ਨ ਦਾ ਇਸਤੇਮਾਲ ਕਰਦੇ ਹਨ। OpenAI ਨੇ ਕਿਹਾ ਹੈ ਕਿ ਐਪ ਫਿਲਹਾਲ ਸ਼ੁਰੂਆਤੀ ਪੜਾਅ 'ਚ ਹੈ ਅਤੇ ਜਲਦੀ ਹੀ ਇਸ ਦਾ ਫਾਈਨਲ ਵਰਜ਼ਨ ਰਿਲੀਜ਼ ਕੀਤਾ ਜਾਵੇਗਾ।

ਫਿਲਹਾਲ ਲਾਂਚ ਹੋਏ ਐਪ 'ਚ ਬਗ ਦੇ ਆਉਣ ਦੀ ਸੰਭਾਵਨਾ ਹੈ ਜਿਸ ਨੂੰ ਅਗਲੇ ਅਪਡੇਟ 'ਚ ਦੂਰ ਕੀਤਾ ਜਾਵੇਗਾ। OpenAI ਦੇ ਅਨੁਸਾਰ, 'ਅਧਿਕਾਰਤ ChatGPT ਡੈਸਕਟਾਪ ਐਪ ਦੇ ਨਾਲ ਤੁਸੀਂ ਫਾਈਲਾਂ ਅਤੇ ਫੋਟੋ 'ਤੇ ਗੱਲਬਾਤ ਕਰ ਸਕਦੇ ਹੋ। ਇਹ ਐਪੌਪਣਨਅੀ ਦੇ ਨਵੇਂ ਅਤੇ ਸਭ ਤੋਂ ਸਮਾਰਟ ਮਾਡਲ 'OpenAI o1-preivew' ਤਕ ਪਹੁੰਚ ਪ੍ਰਦਾਨ ਕਰਦਾ ਹੈ, ਜਿਸ ਵਿਚ ਨਵੇਂ ਮਾਡਲ ਸੁਧਾਰ ਸ਼ਾਮਲ ਹਨ।'

# ਕਾਵਿ ਕਿਆਰੀ

## ਬੋਲ ਪੰਜਾਬੀ

ਲੋਕੋ ਵੇ! ਕਿਉ ਭੁੱਲਦੇ ਜਾਉਪੰਜਾਬੀ?
ਲੋਕੋ ਵੇ! ਕਿਉਂ ਛੱਡਦੇ ਜਾਉ ਪੰਜਾਬੀ?
ਤੁਸੀ ਪੰਜਾਬੀ ਤੁਹਾਡੀ ਕੁਲ ਪੰਜਾਬੀ।
ਆਉਣ ਵਾਲੀਤਾਰੀਖ ਹੈ ਪੰਜਾਬੀ।
ਲੋਕੋ ਵੇ! ਕਿਉ ਭੁੱਲਦੇ ਜਾਉ ਪੰਜਾਬੀ?
ਕੱਖਾਂ ਵਾਂਗ ਨਾ ਰੋਲੋ ਇਸ ਨੂੰ।
ਗੈਰਤ ਮੰਦੋ ਤੁਸੀ ਬੋਲੋ ਪੰਜਾਬੀ।
ਲੋਕੋ ਵੇ! ਕਿਉਂ ਭੁੱਲਦੇ ਜਾਉ ਪੰਜਾਬੀ?
ਦਰ-ਦਰ ਤੇ ਕਿਉ ਧੱਕੇ ਪਏ ਖਾਉ।
ਰੂਹ ਦੇਜਦ ਹੈ ਕੋਲ ਪੰਜਾਬੀ।
ਲੋਕੋ ਵੇ! ਕਿਉਂ ਭੁੱਲਦੇ ਜਾਉ ਪੰਜਾਬੀ?
ਚੜ੍ਹਦੇ-ਲਹਿੰਦੇ,ਪੂਰਬੋ-ਪੱਛਮ।
ਦੁਨੀਆਂ ਚੱਕਰ ਗੋਲ ਪੰਜਾਬੀ।
ਲੋਕੋ ਵੇ! ਕਿਉਂ ਭੁੱਲਦੇ ਜਾਉ ਪੰਜਾਬੀ?
ਮਾਂ ਬੋਲੀ ਹੈ ਸਭ ਨਾਲੋਂ ਉੱਤਮ।
ਖੋਲ੍ਹਣ ਲੇਖਕ ਪੋਲ ਪੰਜਾਬੀ।
ਲੋਕੋ ਵੇ! ਕਿਉ ਭੁੱਲਦੇ ਜਾਉ ਪੰਜਾਬੀ?
ਉੱਚਾ ਇਹਦਾ ਨਾਂ ਅਸੀਂ ਕਰਕੇ।
ਵਜਾਈਏ ਖੁਸ਼ੀ ਦੇ ਢੋਲ ਪੰਜਾਬੀ।
ਲੋਕੋ ਵੇ! ਕਿਉ ਭੁੱਲਦੇ ਜਾਉ ਪੰਜਾਬੀ?
ਸਭ ਬੋਲੀਆਂ ਹੀ ਵਧੀਆ ਭਾਵੇਂ।
'ਬੁੱਟਰ' ਹੈ ਅਨਮੋਲ ਪੰਜਾਬੀ
ਲੋਕੋ ਵੇ! ਕਿਉ ਭੁੱਲਦੇ ਜਾਉ ਪੰਜਾਬੀ?

**ਡਾ: ਸਤਿੰਦਰਜੀਤ ਕੌਰ ਬੁੱਟਰ**

## ਜੰਗ ਸਾਰਾਗੜ੍ਹੀ ਦੀ

ਜੰਗ ਸਾਰਾਗੜ੍ਹੀ ਦੀ
ਦੁਨੀਆਂ ਲਈ ਅਣਭੋਲ
ਦੀਵੇ ਦੀ ਲਲਕਾਰ ਨੇ
ਜਿਵੇਂ ਝੱਖੜ ਦਿੱਤੇ ਖੋਰ
ਦਸ ਹਜ਼ਾਰ ਦੀ ਫੌਜ
ਦਿੱਤੀ ਇੱਕੀ ਸਿੰਘਾਂ ਤੋਰ
ਛੇ ਸੌ ਗਡੀ ਚਾੜ੍ਹ ਤੇ
ਬਾਕੀ ਗਏ ਮੁੱਖ ਮੋੜ
ਪੱਥਰਾਂ ਵੱਟੇ ਤੱਕੜੀ
ਫੁੱਲ ਗਏ ਸਿੰਘ ਤੋਲ
ਚੜ੍ਹੀ ਕਿਸੇ ਨਾ ਚਾੜ੍ਹਨੀ
ਜੰਗ ਦੀ ਐਸੀ ਲੋਰ ।

**ਲੇਖਕ : ਗੁਰਦੀਪ ਸਿੰਘ ਮਾਨ**

## ਚੰਦਰੇ ਹਨੇਰੇ

ਸਾਡਾ ਸੂਰਜ ਵੀ ਮੋੜੋ
ਸਾਡਾ ਚਾਨਣ ਵੀ ਮੋੜੋ
ਕਿਤੇ ਖਾ ਨਾ ਜਾਣ ਚੰਦਰੇ ਹਨੇਰੇ
ਕੱਟ ਬੇੜੀਆਂ, ਪੈਰਾਂ 'ਚ ਅਸਾਂ
ਬਿਜਲੀ ਸੀ ਬੱਧੀ
ਸਾਡੇ ਪੈਰਾਂ 'ਚੋਂ ਹਟਾਓ
ਕਾਲੇ ਪੰਧ ਇਹ ਲੰਮੇਰੇ
ਸਾਡਾ ਚਾਨਣ ਚੁਰਾ ਕੇ
ਤੁਸੀਂ ਕਿੱਥੇ ਭੱਜ ਚੱਲੇ
ਅਸੀਂ ਜ਼ੁਲਮਾਂ ਦੇ ਵੈਰੀ
ਅਸਾਂ ਵੰਡਣੇ ਸਵੇਰੇ
ਸਾਡੇ ਨੈਣਾਂ ਵਿੱਚ ਭਖਦੇ ਨੇ
ਰੋਹ ਦੇ ਚਿੰਗਾੜੇ
ਅਸੀਂ ਹਿੰਮਤਾਂ ਦੇ ਜਾਏ
ਸਾਡੇ ਪਰਬਤਾਂ ਦੇ ਜੇਰੇ।
ਸਾਡੇ ਪੈਰਾਂ ਨਾਲ ਕਾਲ
ਜਿਹੜਾ ਬੰਨ੍ਹਿਆ ਤੁਸਾਂ ਨੇ
ਤੁਹਾਡੇ ਸਿਰਾਂ ਉੱਤੇ ਕੂਕੂ
ਜਦੋਂ ਹੋਣਗੇ ਨਿਬੇੜੇ।
ਸਾਡਾ ਸੂਰਜ ਵੀ ਮੋੜੋ
ਸਾਡਾ ਚਾਨਣ ਵੀ ਮੋੜੋ
ਕਿਤੇ ਖਾ ਨਾ ਜਾਣ ਚੰਦਰੇ ਹਨੇਰੇ।

**ਮਨਜੀਤ ਇੰਦਰਾ**

## ਪੰਜਾਬ ਨੂੰ

ਓ ਕੁਦਰਤ ਦੇ ਸ਼ਿੰਗਾਰਿਆ,
ਓ ਮੇਰੇ ਦੇਸ ਪਿਆਰਿਆ।
ਹੇ ਰਿਸ਼ੀ ਬਣਾਉਣ ਵਾਲਿਆ,
ਹੇ ਵੇਦ ਰਚਾਉਣ ਵਾਲਿਆ!
ਹੈ ਮਿੱਠੇ ਸਾਦ ਮੁਰਾਦਿਆ,
ਮਨਮੋਹਣੇ ਸੁੱਧ ਸੁਭਾ ਦਿਆ।
ਪੰਜ ਵਹਿਣ ਵਗਾਵਣ ਵਾਲਿਆ।
ਦਸ ਗੁਰੂ ਖਿਡਾਵਣ ਵਾਲਿਆ।
ਪਾਪਾਂ ਨੂੰ ਮਾਰ ਮੁਕਾਣਿਆ,
ਹੱਕ ਖ਼ਾਤਰ ਜਿੰਦ ਲੁਟਾਣਿਆ।
ਹੇ ਭਾਰਤ ਦੇ ਮੂੰਹ ਮੱਥਿਆ,
ਅਣਖੀ ਤੀਰਾਂ ਦੇ ਭੱਥਿਆ।
ਹੇ ਖੁਲ੍ਹਾਂ ਦੇ ਮਤਵਾਲਿਆ,
ਸਭਰਾਵਾਂ ਚਿਲੀਆਂ ਵਾਲਿਆ।
ਹੇ ਪ੍ਰੇਮ ਝਨਾਂ ਦਿਆ ਮਾਲਕਾ,
ਹੇ ਰਾਂਝਣ ਦਿਆ ਪਾਲਕਾ।
ਕੋਮਲ ਹੁਨਰਾਂ ਦਿਆ ਬਾਦਸ਼ਾਹ,
ਹੇ ਵਾਰਸ ਦਿਆ ਵਾਰਸਾ।
ਹੇ ਚੰਨਾ ਸ਼ਾਹ ਚਾਤਾਂ ਦਿਆ।
ਹੇ ਇੰਦਰਾ ਬਰਸਾਤ ਦਿਆਂ ।
ਹੇ ਘਟਾ ਝੁਲਾਉਣ ਵਾਲਿਆ,
ਕੂਲ੍ਹਾਂ ਲਹਿਰਾਉਣ ਵਾਲਿਆ।
ਹੇ ਮੋਰ ਨਚਾਵਣ ਵਾਲਿਆ,
ਪੰਛੀ ਪਰਚਾਵਣ ਵਾਲਿਆ।
ਕਿਰਸਾਨਾਂ ਦਿਆ ਸਹਾਰਿਆ।
ਉੱਚੇ ਇਕਬਾਲ ਪਿਆਰਿਆ।
ਮੈਂ ਇਕੋ ਗੱਲ ਹਾਂ ਭਾਲਦਾ,
ਮਹਿਰਮ ਕਰ ਆਪਣੇ ਹਾਲ ਦਾ ।

**ਲੇਖਕ : ਹਰਿੰਦਰ ਸਿੰਘ ਰੂਪ**

## ਮੇਰੀ ਇਹ ਲੜਾਈ

ਮੇਰੀ ਇਹ ਲੜਾਈ ਹਕੂਕ ਲਈ
ਮੇਰੀ ਚੇਤਨਾ ਹੈ ਗਰੂਰ ਨਹੀਂ ।
ਨਹੀਂ ਝਾਂਜਰਾਂ ਤੋਂ ਪਰਹੇਜ਼ ਪਰ
ਮੈਨੂੰ ਬੇੜੀਆਂ ਮਨਜ਼ੂਰ ਨਹੀਂ ।

ਮੇਰੀ ਸੋਚ ਤੇ ਤੂੰ ਸ਼ੁਬ੍ਹਾ ਕਰੇਂ
ਤੇ ਪਾਕੀਜ਼ਗੀ ਨੂੰ ਜਿਬ੍ਹਾ ਕਰੇਂ ,
ਤੂੰ ਜੀਹਨਾਂ ਨੂੰ ਪੁਣਦੈਂ ਛਾਣਦੈਂ
ਇਹਨਾਂ ਪਾਣੀਆਂ ਤੇ ਬੂਰ ਨਹੀਂ ।

ਮੇਰੀ ਕਲਮ ਮੇਰੀ ਕਮਾਨ ਹੈ ,
ਸੂਹੇ ਜਜ਼ਬਿਆਂ ਦੀ ਉਡਾਨ ਹੈ ;
ਮੇਰੇ ਰਾਹ ਅਲਹਿਦਾ ਜ਼ਰੂਰ ਨੇ ,
ਮੇਰੀ ਟੋਰ ਬੇ- ਸ਼ਊਰ ਨਹੀਂ ।

ਐ ਜ਼ਮਾਨੇ ਇਓਂ ਨਾ ਤਿਲਮਿਲਾ ,
ਮੇਰੇ ਸ਼ੌਕ ਤੇ ਫ਼ਤਵੇ ਨਾ ਲਾ ;
ਇਹ ਹੈ ਗੈਰਤਾਂ ਦੀ ਸੰਜੀਦਗੀ ,
ਇਹਨੇ ਝੁਕਣਾ ਤੇਰੇ ਹਜ਼ੂਰ ਨਹੀਂ ।

ਸੱਚ ਹੈ ਅਗਰ ਤੂੰ ਪੁਚਾ ਸਕੇਂ
ਨਿਰਾ ਛਲ ਹੈ ਤੇਰੇ ਵਜੂਦ ਵਿੱਚ ;
ਉਹਨੂੰ ਚਾਨਣਾ ਕੀ ਕਬੂਲਣਾ ,
ਜੀਹਦੀ ਸੋਚ ਅੰਦਰ ਨੂਰ ਨਹੀਂ ।

ਇਹ ਵਰਜਣਾਵਾਂ ਦਾ ਸ਼ਹਿਰ ਹੈ
ਬੰਧਸ਼ਾਂ ਦੀ ਸਿਖਰ ਦੁਪਹਿਰ ਹੈ
ਦੇਣੀ ਸੁਪਨਿਆਂ ਨੂੰ ਪਨਾਂਹ ਕਦੇ ,
ਇਸ ਸ਼ਹਿਰ ਦਾ ਦਸਤੂਰ ਨਹੀਂ ।

ਰਾਹ ਔਝੜੇ ਤਨਹਾ ਡਗਰ
ਤੰਗ ਹੈ ਜ਼ਮਾਨੇ ਦੀ ਨਜ਼ਰ
ਮੁਸ਼ਕਲ ਸਫ਼ਰ ਫਿਰ ਵੀ ਮਗਰ ,
ਮੇਰੇ ਹੌਸਲੇ ਮਜਬੂਰ ਨਹੀਂ ।

**ਲੇਖਕ : ਗੁਰਮੀਤ ਕੌਰ ਸੰਧਾ**

## ਵਲ਼ ਵਿੰਗ

ਰਹੀ ਰੜਕ ਨਾ ਬੜ੍ਹਕ ਭੋਰਾ,
ਪੈ ਫਿੱਕਾ ਮਾਣ ਇਮਾਨ ਗਿਆ।
ਤਨ ਮਨ 'ਚ ਰਹੀ ਤਾਂ ਸੱਤਿਆ ਨਾ।
ਬੱਸ ਡਰਦਾ ਹੀ ਛੱਡ ਮੈਦਾਨ ਗਿਆ।

ਕਰੀ ਕਰਾਈ ਸਾਰੀ ਪਿਓ ਵਾਲੀ,
ਪਾ ਖੂਹ 'ਚ ਕਰ ਵਿਰਾਨ ਗਿਆ।
ਪੁੱਛੇ ਕੋਈ ਨਾ ਵੱਟੇ ਕੌਡੀਆਂ ਦੇ,
ਰਹਿ 'ਕੱਲਾ ਹੀ ਸ਼ੈਤਾਨ ਗਿਆ।

ਹੁਣ ਕਿਤੇ ਨਾ ਧਰੇ ਪੈਰ ਡਰਦਾ,
ਬੋਦਾ ਹੋ ਮੰਜੇ ਦਾ ਬਾਣ ਗਿਆ।
ਮੁੱਠੀ ਖੁੱਲ੍ਹ ਗਈ ਭੇਤ ਗੁੱਝਿਆਂ ਦੀ,
ਲੀਰੋ ਲੀਰ ਵੀ ਹੋ ਥਾਨ ਗਿਆ।

ਹੋਣਾ ਆਪ ਤੋਂ ਤਾਂ ਸੀ ਕੀ 'ਭਗਤਾ',
ਰਾਜ ਪਿਓ ਦੇ ਸਿਰ 'ਤੇ ਮਾਣ ਗਿਆ।
ਰਿਹਾ ਪਾਉਂਦਾ ਬਲਦ ਮੁਤਣੇ ਸੀ,
ਹੁਣ ਸਿੱਧਾ ਹੋ ਪ੍ਰਧਾਨ ਗਿਆ।

**ਲੇਖਕ : ਬਰਾੜ-ਭਗਤਾ ਭਾਈ ਕਾ**
1-604-751-1113

## ਰੰਗ ਬਦਲਦੀ ਦੁਨੀਆ

ਦੁਨੀਆ ਸੋਹਣੀਆਂ ਸ਼ਕਲਾਂ
ਪਿੱਛੇ ਭੱਜੀ ਫਿਰਦੀ ਏ
ਅਕਲਾਂ ਵੱਲੋਂ ਲਗਦਾ ਜਿਵੇਂ,
ਅਪਾਹਜ ਹੋ ਗਈ ਏ

ਕਦਰ ਨਹੀਂ ਇਹ ਕਰਦੀ ਚੰਦਰੀ,
ਚਿੱਟੇ ਧੌਲਿਆਂ ਦੀ
ਧੌਲੇ ਛੱਡਕੇ ਧੇਲਿਆਂ ਦੀ,
ਮੁਹਤਾਜ ਹੋ ਗਈ ਏ

ਮਾਂ ਤਰਸਦੀ ਮਿਲਣ ਵਾਸਤੇ,
ਪੁੱਤ ਪਰਦੇਸੀਆ ਨੂੰ
ਜੋ FACE TIME ਦੇ ਮੇਲਿਆਂ ਦੀ,
ਮੁਹਤਾਜ ਹੋ ਗਈ ਏ
ਹੀਰ ਲਾਈਕ ਨੀ ਕਰਦੀ,
ਮੱਝਾਂ ਵਾਲੇ ਰਾਂਝਣ ਨੂੰ
ਉਹ ਕਾਰਾਂ ਵਾਲੇ ਸਹੇਲਿਆਂ ਦੀ,
ਮੁਹਤਾਜ ਹੋ ਗਈ ਏ

ਟਿੱਕ ਟੌਕ ਨੇ ਦੁਨੀਆ ਸਾਰੀ
ਕਮਲੀ ਕਰ ਦਿੱਤੀ
ਇਹ ਕੈਂਸਰ ਜਿਹੀ ਬਿਮਾਰੀ,
ਬੇਇਲਾਜ ਹੋ ਗਈ ਏ
ਸ਼ਾਮ ਸਵੇਰੇ ਪੋਸਟ ਪਾ ਕੇ,
ਗਾਲਾਂ ਕੱਢ ਕੱਢ ਲੜਦੇ ਆ
Facebook ਵੀ ਵਿਹਲਿਆਂ ਦੀ,
ਮੁਹਤਾਜ ਹੋ ਗਈ ਏ

ਤਾਜ ਮਹਿਲ ਵਿਚ ਜਾ ਕੇ ਕਸਮਾਂ,
ਖਾਧੀਆਂ ਸੀ ਜਿਸਨੇ
ਉਹ ਵੀ ਚੰਦਰੀ ਗੈਰਾਂ ਦੀ,
ਮੁਮਤਾਜ ਹੋ ਗਈ ਏ
ਕਹਿੰਦੀ ਸੀ ਜੋ ਤੇਰੇ ਪੱਗ ਦੀ
ਝਾਲਰ ਆਂ ਸੱਜਣਾ
ਡਾਣਸੀਵਾਲੀਆ ਕਿਸੇ ਦੇ
ਸਿਰ ਦਾ, ਤਾਜ ਹੋ ਗਈ ਏ

**ਲੇਖਕ : ਕੁਲਵੀਰ ਸਿੰਘ ਡਾਨਸੀਵਾਲ**
**ਸੰਪਰਕ : 778 863 2472**

## ਦੇਸਾਂ ਵਾਲਿਓ

ਦੇਸਾਂ ਵਾਲਿਓ ਅਪਣੇ ਦੇਸ ਅੰਦਰ,
ਅਸੀਂ ਆਏ ਆਂ ਵਾਂਗ ਪਰਦੇਸੀਆਂ ਦੇ।
ਘਰਾਂ ਵਾਲਿਓ ਅਪਣੇ ਘਰ ਅੰਦਰ,
ਅਸੀਂ ਆਏ ਆਂ ਵਾਂਗ ਪਰਾਹੁਣਿਆਂ ਦੇ।

ਦਿਲਾਂ ਵਾਲਿਓ ਦਿਲਾਂ ਦੇ ਬੰਨ੍ਹ ਟੁੱਟ ਗਏ,
ਠਾਠਾਂ ਮਾਰਦੇ ਨੇ ਹੜ੍ਹ ਸੱਧਰਾਂ ਦੇ।
ਕਿਸੇ ਬੰਨ੍ਹ ਦੇ ਕੱਲੜੇ ਰੁੱਖ ਵਾਂਙੂੰ,
ਧੁੱਪਾਂ ਛਾਵਾਂ ਦੇ ਭਾਰ ਨਾਲ ਡੋਲਨਾ ਵਾਂ।

ਅਪਣੀ ਮਾਂ ਦੀ ਕਬਰ ਨੂੰ ਲੱਭਨਾ ਵਾਂ,
ਭੈਣਾਂ ਭਰਾਵਾਂ ਦੀਆਂ ਹੱਡੀਆਂ ਟੋਲ੍ਹਨਾ ਵਾਂ।
ਤੁਸੀਂ ਦੇਸ਼ ਵਾਲੇ , ਤੁਸੀਂ ਘਰਾਂ ਵਾਲੇ ,
ਅਸੀਂ ਬੇਘਰੇ , ਅਸੀਂ ਪਰਦੇਸੀ ।

ਤੁਸੀਂ ਹੱਸ ਕੇ ਸੀਨੇ ਨਾਲ ਲਾ ਲੀਤਾ,
ਅਸਾਂ ਰੋ ਕੇ ਅੱਖ ਪਰਚਾ ਲੀਤੀ।
ਤਾਰੇ ਬੁਝੇ ਹੋਏ ਫੇਰ ਇਕ ਵਾਰ ਚਮਕੇ ,
ਜਿਹਦੀ ਆਸ ਨਹੀਂ ਸੀ, ਉਹ ਆਸ ਪੁੱਗੀ।

ਜੀਵੇ ਸ਼ਹਿਰ ਮੇਰਾ, ਜੀਵਣ ਸ਼ਹਿਰ ਵਾਲੇ ,
ਅਸੀਂ ਆਏ ਦੁਆਵਾਂ ਇਹ ਦੇ ਚੱਲੇ।
ਚਾਰੇ ਕੰਨੀਆਂ ਸਾਡੀਆਂ ਵੇਖ ਖਾਲੀ,
ਅਸੀਂ ਨਾਲ ਨਾਹੀਂ ਕੁਝ ਲੈ ਚੱਲੇ।

ਏਸ ਮਿੱਟ ਦੀ ਕੁੱਖ 'ਚ ਮਾਂ ਮੇਰੀ,
ਸੁੱਤੀ ਪਈ ਹੈ ਸਮਿਆਂ ਦੀ ਹੂਕ ਬਣ ਕੇ ।
ਏਸ ਪਾਣੀ ਨਾਲ ਪਾਣੀ ਹੋਏ ਨੀਰ ਮੇਰੇ,
ਏਥੇ ਆਸ ਤੜਫੀ ਮੇਰੀ ਹੂਕ ਬਣ ਕੇ।

ਜਿਨ੍ਹਾਂ ਕੰਧਾਂ ਦੀਆਂ ਛਾਵਾਂ 'ਚ ਖੇਡਦੇ ਸਾਂ,
ਉਨ੍ਹਾਂ ਕੰਧਾਂ ਨਾਲ ਲਗ ਕੇ ਰੋ ਲਈਏ।
ਦੁੱਖਾਂ ਦਰਦਾਂ ਦੇ ਹਾਲੜੇ ਫੋਲ ਕੇ ਤੇ ,
ਦੁਖੀ ਕਰ ਲਈਏ ਦੁਖੀ ਹੋ ਲਈਏ।

ਐਸ ਸ਼ਹਿਰ ਦੇ ਬਾਗ ਬਗੀਚਿਆਂ ਦੇ,
ਕਦੀ ਅਸੀਂ ਨਮਾਣੇ ਸਾਂ ਫੁੱਲ ਯਾਰੋ।
ਐਸ ਆਲ੍ਹਣਿਉਂ ਡਿੱਗੇ ਹੋਏ ਬੋਟ ਅਸੀਂ,
ਕੋਈ ਚੁੱਕੇ ਨ ਕੱਖਾਂ ਦੇ ਮੁੱਲ ਯਾਰੋ।

ਅੱਧਾ ਦਿਲ ਸਾਡਾ ਏਥੇ ਤੜਫਦਾ ਏ,
ਅੱਧਾ ਦਿਲ ਗਿਆ ਉੱਥੇ ਰੁਲ ਯਾਰੋ।
ਜਿਨ੍ਹਾਂ ਰਾਹਵਾਂ ਦੇ ਸਾਹਵਾਂ 'ਚ ਧੜਕਦੇ ਸਾਂ,
ਉਨ੍ਹਾਂ ਰਾਹਵਾਂ ਲਈ ਅਸੀਂ ਅਣਜਾਣ ਹੋ ਗਏ।
ਅਸੀਂ ਲੋਕ ਇਨਸਾਨ ਤੇ ਕੀ ਬਣਦੇ,
ਹਿੰਦੂ ਸਿੱਖ ਹੋ ਗਏ, ਮੁਸਲਮਾਨ ਹੋ ਗਏ।

**ਲੇਖਕ : ਅਹਿਮਦ ਰਾਹੀ**

## ਪਾਣੀ

ਧਰਤੀ ਸਾਡੀ ਰਹਿਣ ਬਸੇਰਾ,
ਪਰ ਪਾਣੀ ਬਿਨ ਘੋਰ ਹਨੇਰਾ।
ਗੰਦਾ ਕਰੀ ਜਾਂਦਾ ਤੂੰ ਬੰਦਿਆ,
ਕਰਕੇ ਆਪਣਾ ਵੱਡਾ ਜੇਰਾ।
ਅਕਲ ਤੇਰੀ ਪਰ ਲਾ ਕੇ ਉੱਡ ਗਈ,
ਪਾਣੀ ਬਿਨ ਨੀ ਸਰਨਾ ਤੇਰਾ।
ਨਵੀਂ ਨਸਲ ਦਾ ਘਾਣ ਕਰੇਂਦਾ,
ਲਾਹਣਤਾਂ ਤੈਨੂੰ ਪਾਉਣਾ ਘੇਰਾ।
ਸਾਇੰਸ ਤਰੱਕੀ ਕੀਤੀ ਵਾਧੂ,
ਪਰ ਪਾਣੀ ਨਾ ਬਣਿਆ ਤੇਰਾ।
ਹੈ ਜੀਵਨ ਦੀ ਜਾਨ ਇਹ ਪਾਣੀ,
ਫਿਰ ਸਿਰ ਹੈ ਕਿਉਂ ਫਿਰਿਆ ਤੇਰਾ?
ਧਰਤੀ ਸਾਰੀ ਬੰਜਰ ਹੋ ਜੂ,
ਜਿਸ ਦਿਨ ਰਿਹਾ ਨਾ ਪਾਣੀ ਤੇਰਾ।
ਇਹ ਅਣਮੁੱਲ ਸੌਗਾਤ ਕੁਦਰਤੀ,
ਰੋੜੀ ਜਾਵੇਂ ਖਾਲ ਬਥੇਰਾ।
ਘੂਰ ਰਿਹਾ ਹੈ ਕਾਲ ਅਸਾਡਾ,
ਮੌਤ ਨੇ ਆ ਕੇ ਪਾਉਣਾ ਘੇਰਾ।
ਅੱਜ ਬੋਤਲ ਹੈ ਲਗਦੀ ਸਸਤੀ,
ਮੁੱਕੂ 'ਸੁੱਖਿਆ' ਰੋਊ ਬਥੇਰਾ।

**ਲੇਖਕ : ਸੁਖਦੇਵ ਸਿੰਘ**

## ਓਹਦੇ ਦੇਸ਼

ਲੈ ਕੇ ਘਸਮੈਲਾ ਜਿਹਾ ਖੇਸ
ਤੁਰਿਆਂ ਜਾਵਾਂ ਓਹਦੇ ਦੇਸ਼ ।
ਜਟਾਵਾਂ ਬਣੇ ਨੇ ਮੇਰੇ ਕੇਸ ।
ਉਹਨੂੰ ਪਹਿਚਾਣ ਨਾ ਆਵੇ ਭੇਸ ।

ਉਹ ਤਾਂ ਮਹਿਕੇ ਵਿੱਚ ਹਵਾਵਾਂ।
ਮੈਂ ਤਾਂ ਦਿੰਦਾ ਇਹੀ ਦੁਆਵਾਂ ।
ਜਿੱਧਰ ਵੀ ਮੈਂ ਤੁਰਿਆ ਜਾਵਾਂ।
ਹੋਵਣ ਸੱਜਣ ਦੀਆਂ ਉਹ ਰਾਹਵਾਂ।

ਮੈਂ ਤਾਂ ਵਾਂਗ ਫਕੀਰਾਂ ਰਹਿੰਦਾ ।
ਉਹਦੀ ਮੌਜ 'ਚ ਉੱਠਦਾ ਬਹਿੰਦਾ।
ਮੈਨੂੰ ਦੇਖ ਕੇ ਉਹ ਵੀ ਕਹਿੰਦਾ ।
ਕਾਹਤੋਂ ਦਰਦ ਜੁਦਾਈਆਂ ਸਹਿੰਦਾ।

ਉਹਦੇ ਦੇਸ਼ ਬਿਨਾਂ ਨੀਂ ਸਰਦਾ ।
ਹੁਣੇ ਪਤਾ ਲੱਗਿਐ ਘਰ ਦਾ ।
ਬੂਹਾ ਖੁੱਲ੍ਹ ਰਿਹਾ ਐ ਦਰ ਦਾ ।
ਅਰਜ਼ਾ ਦਿਲ ਪਿਆ ਐ ਮਰਦਾ ।

ਪਹਿਲਾਂ ਨੱਕ ਬੁੱਲ੍ਹ ਜਿਹਾ ਵਟਾਇਆ ।
ਆਹ ਤਾਂ ਮੰਗਣ ਫੱਕਰ ਆਇਆ ।
ਮੇਰੀ ਝੋਲੀ ਆਟਾ ਪਾਇਆ ।
ਫਿਰ ਥੋੜ੍ਹਾ ਜਿਹਾ ਮੁਸਕਾਇਆ ।

ਓਦੋਂ ਗੀਤ ਪਿਆਰ ਦੇ ਗਾਈਏ ।
ਜਦ ਵੀ ਸੱਜਣ ਮੂਹਰੇ ਆਈਏ ।
ਉਹਦੀ ਖੈਰ 'ਚ ਮਿਲ ਗਈ ਮੁਕਤੀ ।
ਕਿਉਂ ਨਾ ਐਥੇ ਈ ਮਰ ਜਾਈਏ ।

**ਲੇਖਕ : ਅਰਜ਼ਪ੍ਰੀਤ**

## ਗ਼ਜ਼ਲ

ਹਰ ਹਾਲ ਗਿਰਾਂ ਧੁਖਦਾ
ਡੁੱਬਿਆ ਹੈ ਕਿ ਚੜ੍ਹਿਆ ਹੈ
ਕੋਈ ਖ਼ਬਰ ਨਹੀਂ ਆਈ
ਸ਼ਾਇਦ ਕਿ ਬਹਾਰ ਆਈ
ਖੇਤੀ ਬਿਨ ਪਾਣੀ ਦੇ
ਬੀਜੀ ਵੀ ਉਗਾਈ ਵੀ
ਸੁੱਤਾ ਏਂ ਤਾਂ ਜਾਗ ਦਿਲਾ
ਧੁੱਪ ਡਾਢੀ ਚੜ੍ਹ ਆਈ

ਖੇੜਿਆਂ ਵੱਲ ਬੰਦ ਰੱਖਿਓ
ਮੇਰੀ ਕਬਰ ਦੀ ਬਾਰੀ ਨੂੰ
ਚੰਨ ਰਾਂਝੇ ਨੂੰ ਨਾ ਦੱਸਿਓ
ਕਿੰਝ ਹੀਰ ਸੀ ਕੁਰਲਾਈ

ਬੁੱਕਲ ਵਿਚ ਗੱਲ ਕਰਨੀ
ਪੀਰਾਂ ਵੱਲ ਕੰਡ ਕਰਨੀ
ਨਗਮੇ ਨੇ ਨਹੀਂ ਮਿਟਣਾ
ਮਿਟ ਜਾਣੀ ਸ਼ਹਿਨਸ਼ਾਹੀ
ਉੱਚਿਆਂ ਬਾਜ਼ਾਰਾਂ ਵਿੱਚ
ਇਕ ਮੈਂ ਹੀ ਗੁਨਾਹੀ ਸਾਂ
ਕੁਝ ਜਾਣ ਲਈ ਦੁਨੀਆਂ
ਆਪਣੀ ਨਾ ਸਮਝ ਆਈ

ਥਲ ਲਾਟ ਕਿਵੇਂ ਮੱਚੀ
ਚੰਨ ਖਾਕ ਕਿਵੇਂ ਹੋਇਆ
ਗਾਉਣਾ ਵੀ ਤੇ ਰੋਣਾ ਵੀ
ਮੁਕਦੀ ਨਹੀਂ ਤਨਹਾਈ

ਛੱਡ ਪੂਰਬ ਪੱਛਮ ਨੂੰ
ਵੱਡਿਆਂ ਦਾ ਰੰਗ ਜੀਵੇ
ਉੱਚੇ ਨੇ ਸੋ ਤੇਰੇ ਨੇ
ਇਕ ਬਾਤ ਸਮਝ ਆਈ

ਖੇਤਾਂ ਵਿੱਚ ਬਾਗਾਂ ਵਿੱਚ
ਫੱਗਣ ਦਾ ਚੰਨ ਚਮਕੇ
ਮਿੱਠਾ ਤੇਰਾ ਸੁਰ ਸਰਗਮ
ਕੋਈ ਗ਼ਜ਼ਲ ਨਹੀਂ ਗਾਈ

**ਕੁਲਵੰਤ ਸਿੰਘ ਗਰੇਵਾਲ**

# ਨਾਰੀ ਸੰਸਾਰ



## ਚੰਗਾ ਪਹਿਰਾਵਾ ਤੁਹਾਨੂੰ ਦਿੰਦਾ ਹੈ ਨਵਾਂ ਅੰਦਾਜ਼

**ਲੇਖਕ : ਨੀਲੋਫਰ**

ਮੌਨਸੂਨ ਜਾਂਦੇ ਹੀ ਦੇਸ਼ ਭਰ ਵਿਚ ਤਿਉਹਾਰਾਂ ਦਾ ਮੌਸਮ ਸ਼ੁਰੂ ਹੋ ਜਾਂਦਾ ਹੈ ਅਤੇ ਇਸ ਦੇ ਨਾਲ ਸ਼ੁਰੂ ਹੋ ਜਾਂਦੀ ਹੈ ਇਹ ਚਿੰਤਾ ਕਿ ਹੁਣ ਤਿਉਹਾਰੀ ਮੌਸਮ ਵਿਚ ਅਸੀਂ ਆਪਣੇ-ਆਪ ਨੂੰ ਕਿਵੇਂ ਸਮਾਰਟ ਅਤੇ ਸਟਾਈਲਿਸ਼ ਬਣਾਈਏ। ਇਥੇ ਕੁਝ ਇਸ ਤਰ੍ਹਾਂ ਦੇ ਪਹਿਰਾਵਿਆਂ 'ਤੇ ਅਸੀਂ ਨਜ਼ਰ ਮਾਰਾਂਗੇ, ਜੋ ਆਉਣ ਵਾਲੇ ਤਿਉਹਾਰੀ ਮੌਸਮ ਵਿਚ ਸਾਡੀ ਦਿੱਖ ਨੂੰ ਚਾਰ ਚੰਨ ਲਗਾ ਸਕਦੇ ਹਨ। ਕੁੜਤੀ ਨਾਲ ਬੰਧਨੀ ਦੁਪੱਟਾ ਹਾਲਾਂਕਿ ਨਵਾਂ ਤਜਰਬਾ ਨਹੀਂ ਹੈ, ਪਰ ਇਨ੍ਹੀਂ ਦਿਨੀਂ ਇਹ ਬਹੁਤ ਪਸੰਦ ਕੀਤਾ ਜਾ ਰਿਹਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇਸ ਨੂੰ ਕਿਤੇ ਵੀ ਅਤੇ ਕਦੀ ਵੀ ਪਹਿਨਿਆ ਜਾ ਸਕਦਾ ਹੈ। ਇਸ ਨੂੰ ਪਾਉਂਦਿਆਂ ਹੀ ਕੁਝ ਵੱਖਰਾ, ਕੁਝ ਹਟ ਕੇ ਦਿਸਣ ਲਗਦਾ ਹੈ। ਲਗਦਾ ਹੈ ਕਿ ਕੋਈ ਖ਼ਾਸ ਮੌਕਾ ਹੈ, ਵਿਸ਼ੇਸ਼ ਕਰਕੇ ਤਿਉਹਾਰੀ ਸੀਜ਼ਨ ਦਾ। ਉਂਝ ਤਾਂ ਚੈੱਕ ਅਤੇ ਪਲੇਨ ਦੋਵੇਂ ਹੀ ਤਰ੍ਹਾਂ ਦੇ ਸੂਟਾਂ 'ਤੇ ਚਲਦਾ ਹੈ, ਪਰ ਪਲੇਨ ਵਿਚ ਹੋਰ ਵੀ ਖ਼ਾਸ ਲਗਦਾ ਹੈ। ਦਰਅਸਲ ਬੰਧਨੀ ਫੈਸ਼ਨ ਗੁਜਰਾਤ ਅਤੇ ਰਾਜਸਥਾਨ ਦੀਆਂ ਰਵਾਇਤੀ ਸਾੜ੍ਹੀਆਂ ਦਾ ਫੈਸ਼ਨ ਹੈ, ਜੋ ਇਕ ਜ਼ਮਾਨੇ ਵਿਚ ਬਹੁਤ ਹਿੱਟ ਰਿਹਾ ਹੈ। ਸਾੜ੍ਹੀਆਂ ਨਾਲ ਹੀ ਸਾਧਾਰਨ, ਕੈਜ਼ੂਅਲ ਅਤੇ ਤਿਉਹਾਰੀ ਦਿੱਖ ਦੇ ਵੱਖਰੇ ਵੱਖਰੇ ਪਹਿਰਾਵੇ ਪ੍ਰਚੱਲਿਤ ਹੋਏ ਹਨ। ਬੰਧਨੀ ਕੁੜਤੀ ਜੀਨਸ ਦੇ ਨਾਲ, ਬੰਧਨੀ ਪ੍ਰਿੰਟ ਸ਼ਰਾਰਾ, ਗਰਾਰਾ ਅਤੇ ਬੰਧਨੀ ਜੈਕੇਟ ਤੇ ਦੁਪੱਟਾ ਹੀ ਨਹੀਂ ਸਗੋਂ ਬੰਧਨੀ ਵੈਸਟਰਨ ਡ੍ਰੈੱਸ ਅਤੇ ਅਸੈੱਸਰੀਜ਼ ਵੀ ਬਹੁਤ ਪਸੰਦ ਕੀਤੀ ਜਾਂਦੀ ਹੈ। ਈਅਰਰਿੰਗ ਵਿਚ ਖ਼ਾਸ ਕਿਸਮ ਦੇ ਬੰਧਨੀ ਪਹਿਰਾਵੇ ਨੂੰ ਮਦਦ ਕਰਨ ਵਾਲੇ ਈਅਰਰਿੰਗ ਅਤੇ ਬੈਗ ਅਤੇ ਜੁੱਤੀਆਂ ਪ੍ਰਸਿੱਧ ਹਨ।

ਫੈਸ਼ਨ ਦੀ ਸਾਰੀ ਬੰਧਨੀ ਦੁਨੀਆ ਆਪਣੇ ਆਪ ਵਿਚ ਤਿਉਹਾਰੀ ਦਿੱਖ ਵਾਲੀ ਹੁੰਦੀ ਹੈ। ਇਸ ਲਈ ਚਾਹੇ ਬੰਧਨੀ ਸਾੜ੍ਹੀ ਹੋਵੇ, ਬੰਧਨੀ ਪ੍ਰਿੰਟ ਲਹਿੰਗਾ ਹੋਵੇ, ਬੰਧਨੀ ਪ੍ਰਿੰਟ ਕੁੜਤੀ ਹੋਵੇ ਜਾਂ ਸ਼ਰਾਰਾ, ਗਰਾਰਾ ਇਹ ਸਭ ਦੇ ਖ਼ਾਸ ਦਿੱਖ ਅਤੇ ਅਹਿਸਾਸ ਹੁੰਦੇ ਹਨ। ਕਮੀਜ਼ ਦੇ ਨਾਲ ਸ਼ਰਾਰਾ ਗਰਾਰਾ ਅਤੇ ਪਲਾਜ਼ੋ ਬਿਲਕੁਲ ਨਵਾਂ ਫੈਸ਼ਨ ਹੈ। ਇਸ ਤਿਉਹਾਰੀ ਸੀਜ਼ਨ ਵਿਚ ਤੁਸੀਂ ਚਾਹੋ ਤਾਂ ਇਸ ਦੀ ਵਰਤੋਂ ਕਰ ਸਕਦੇ ਹੋ। ਇਹ ਡ੍ਰੈੱਸ ਨਾ ਸਿਰਫ਼ ਆਕਰਸ਼ਕ ਹੈ ਸਗੋਂ ਇਸ ਨੂੰ ਲਿਜਾਣਾ ਵੀ ਸੌਖਾ ਹੈ। ਇਸ ਨੂੰ ਤੁਸੀਂ ਦਫ਼ਤਰ, ਕਾਲਜ ਤੋਂ ਲੈ ਕੇ ਕੈਜ਼ੂਅਲੀ ਕਿਤੇ ਵੀ ਪਹਿਨ ਕੇ ਜਾ ਸਕਦੇ ਹੋ।

ਸਾੜ੍ਹੀ ਹਮੇਸ਼ਾ ਆਪਣੇ ਨਾਲ ਤਿਉਹਾਰੀ ਮਨੋਵਿਗਿਆਨ ਲੈ ਕੇ ਚਲਦੀ ਹੈ। ਉਂਝ ਤਾਂ ਸਾੜ੍ਹੀ ਨੂੰ ਕਿਸੇ ਵੀ ਵਿਸ਼ੇਸ਼ ਮੌਕੇ 'ਤੇ ਪਾ ਕੇ ਵਿਸ਼ੇਸ਼ ਹੋਣ ਦਾ ਅਹਿਸਾਸ ਮਹਿਸੂਸ ਕੀਤਾ ਜਾ ਸਕਦਾ ਹੈ, ਪਰ ਤਿਉਹਾਰੀ ਸੀਜ਼ਨ ਵਿਚ ਤਾਂ ਸਾੜ੍ਹੀ ਸਭ ਤੋਂ ਜ਼ਿਆਦਾ ਪਸੰਦ ਕੀਤੀ ਜਾਣ ਵਾਲੀ ਡ੍ਰੈੱਸ ਹੈ। ਸਾੜ੍ਹੀ ਆਮ ਤੌਰ 'ਤੇ ਸਭ ਨੂੰ ਚੰਗੀ ਲਗਦੀ ਹੈ। ਇਸ ਲਈ ਜੇਕਰ ਤੁਸੀਂ ਇਸ ਤਿਉਹਾਰੀ ਸੀਜ਼ਨ ਵਿਚ ਕੁਝ ਨਵਾਂ ਪਹਿਨਣ ਬਾਰੇ ਕੁਝ ਨਾ ਵੀ ਸੋਚ ਰਹੇ ਹੋਵੋ ਤਾਂ ਸਾੜ੍ਹੀ 'ਤੇ ਜ਼ਰੂਰ ਹੱਥ ਅਜ਼ਮਾਓ। ਇਹ ਤੁਹਾਡੀ ਦਿੱਖ ਵਿਚ ਤਾਂ ਚਾਰ ਚੰਨ ਤਾਂ ਲਗਾਏਗੀ ਹੀ, ਤੁਹਾਨੂੰ ਆਧੁਨਿਕ, ਸਟਾਇਲਿਸ਼ ਅਤੇ ਸਮਾਰਟ ਵੀ ਬਣਾਏਗੀ। ਧੋਤੀ ਪੈਂਟਸ ਨਾਲ ਸ਼ਾਰਟ ਕੁੜਤੀ ਵੀ ਨਵਾਂ ਅਤੇ ਵੱਖਰਾ ਪਹਿਰਾਵਾ ਹੈ। ਇਸ ਵਿਚ ਤੁਸੀਂ ਵੱਖਰੇ ਨਜ਼ਰ ਆਓਗੇ। ਦਰਅਸਲ ਜੇਕਰ ਸਾੜ੍ਹੀ ਬੰਨ੍ਹਣਾ ਤੁਹਾਡੇ ਲਈ ਮੁਸ਼ਕਿਲ ਕੰਮ ਹੈ ਤਾਂ ਤੁਸੀਂ ਸਾੜ੍ਹੀ ਪੈਂਟ ਦਾ ਬਦਲ ਚੁਣ ਸਕਦੇ ਹੋ। ਇਸ ਨਾਲ ਨਾ ਤਾਂ ਖੁੱਲ੍ਹਣ ਦਾ ਡਰ ਰਹੇਗਾ ਅਤੇ ਨਾ ਖ਼ਰਾਬ ਹੋਣ ਦਾ। ਇਸ ਨੂੰ ਪਹਿਨਣਾ ਵੀ ਸੌਖਾ ਹੈ। ਸਗੋਂ ਇਹ ਬੇਹੱਦ ਕਲਾਸਿਕ ਦਿੱਖ ਵੀ ਦਿੰਦੀ ਹੈ। ਸ਼ਿਲਪਾ ਸ਼ੈੱਟੀ ਵਰਗੀ ਸਟਾਈਲਿਸ਼ ਹਸਤੀ ਵੀ ਕਈ ਵਾਰ ਪੈਂਟ ਸਟਾਈਲ ਸਾੜ੍ਹੀ ਪਾਏ ਨਜ਼ਰ ਆਈ ਹੈ।

ਕੁੱਲ ਮਿਲਾ ਕੇ ਇਹ ਕੁਝ ਇਸ ਤਰ੍ਹਾਂ ਦੇ ਪਹਿਰਾਵੇ ਹਨ ਜੋ ਇਸ ਵਾਰ ਤਿਉਹਾਰੀ ਸੀਜ਼ਨ ਵਿਚ ਤੁਹਾਡੀ ਮੌਜੂਦਗੀ ਨੂੰ ਬੇਹੱਦ ਆਕਰਸ਼ਕ ਅਤੇ ਚੁੰਬਕੀ ਬਣਾ ਦੇਣਗੇ। ਇਸ ਲਈ ਜੇਕਰ ਇਸ ਤਿਉਹਾਰੀ ਸੀਜ਼ਨ ਲਈ ਕੁਝ ਨਵਾਂ ਲੱਭ ਰਹੇ ਹੋ ਤਾਂ ਇਨ੍ਹਾਂ ਨਾਲ ਤਜਰਬਾ ਕਰੋ ਤੁਹਾਡਾ ਅਨੁਭਵ ਚੰਗਾ ਰਹੇਗਾ।



## ਘਰ ਨੂੰ ਰੱਖੋ ਚਮਕਦਾਰ

**ਸ਼ਿਖਾ ਚੌਧਰੀ**

ਘਰ ਨੂੰ ਕਦੇ-ਕਦੇ ਜ਼ਰੂਰਤ ਹੁੰਦੀ ਹੈ ਮੁਰੰਮਤ, ਰੰਗਾਈ, ਪੁਤਾਈ, ਪੇਂਟ ਅਤੇ ਸਾਫ਼-ਸਫ਼ਾਈ ਦੀ। ਤਿਉਹਾਰਾਂ ਦਾ ਸੀਜ਼ਨ ਸ਼ੁਰੂ ਹੋ ਗਿਆ ਹੈ। ਦੀਵਾਲੀ 'ਤੇ ਘਰ ਨੂੰ ਨਵੀਂ ਦਿੱਖ ਦੇਣ ਲਈ ਘਰ ਦੀ ਸਾਫ਼-ਸਫ਼ਾਈ ਅਤੇ ਰੰਗ-ਰੋਗਨ ਕਰਨ ਦੀ ਜ਼ਰੂਰਤ ਹੁੰਦੀ ਹੈ।

ਘਰ ਵਿਚ ਹਰ ਥਾਂ ਸਲ੍ਹਾਬ, ਕਾਕਰੋਚ, ਕੀੜੇ-ਮਕੌੜੇ, ਦੀਵਾਰਾਂ ਤੋਂ ਉੱਖੜਿਆ ਪਲਸਤਰ ਦੇਖ ਕੇ ਕੋਈ ਵੀ ਆਪਣੇ ਘਰ ਦੀ ਸਾਫ਼-ਸਫ਼ਾਈ ਲਈ ਚੇਤੰਨ ਹੋਵੇਗਾ ਹੀ। ਸਾਲ ਭਰ ਤੋਂ ਇਕੱਠਾ ਹੋਇਆ ਸਾਮਾਨ ਹੁਣ ਬਾਹਰ ਕੱਢ ਕੇ ਘਰ ਹੁਣ ਸਾਫ਼-ਸਫ਼ਾਈ ਮੰਗਦਾ ਹੈ। ਘਰ ਦੀ ਤੋੜ-ਭੰਨ ਕਰਕੇ ਇਸੇ ਬਹਾਨੇ ਸਹੀ ਘਰ ਨੂੰ ਠੀਕ ਕੀਤਾ ਜਾਂਦਾ ਹੈ। ਇਸ ਸਮੇਂ ਪੂਰੇ ਘਰ ਨੂੰ ਜ਼ਰੂਰਤ ਹੁੰਦੀ ਹੈ ਮੁਰੰਮਤ ਅਤੇ ਰੰਗਾਈ-ਪੁਤਾਈ ਦੀ ਭਾਵ ਕਿ ਦੀਵਾਲੀ ਦੇ ਆਉਣ ਤੋਂ ਪਹਿਲਾਂ ਘਰ ਦੀ ਸਾਫ਼-ਸਫ਼ਾਈ ਅਤੇ ਰੰਗਾਈ-ਪੁਤਾਈ ਹੋ ਜਾਣੀ ਚਾਹੀਦੀ ਹੈ।

ਰੰਗ-ਰੋਗਨ ਕਰਾਉਣ ਨਾਲ ਘਰ ਦੀ ਰੌਣਕ ਹੀ ਨਹੀਂ ਵਧਦੀ ਸਗੋਂ ਹੋਰ ਵੀ ਕਈ ਫਾਇਦੇ ਹੁੰਦੇ ਹਨ। ਇਕ ਤਾਂ ਚੂਨਾ ਖ਼ੁਦ ਹੀ ਕੀਟਨਾਸ਼ਕ ਦਾ ਕੰਮ ਕਰਦਾ ਹੈ। ਇਹ ਕੀੜੇ-ਮਕੌੜਿਆਂ ਨੂੰ ਖ਼ਤਮ ਕਰਦਾ ਹੈ ਅਤੇ ਉਨ੍ਹਾਂ ਨੂੰ ਪੈਦਾ ਨਹੀਂ ਹੋਣ ਦਿੰਦਾ। ਇਹ ਘਰ ਦੀਆਂ ਦੀਵਾਰਾਂ ਅਤੇ ਛੱਤਾਂ ਵਿਚ ਆਈ ਸਲ੍ਹਾਬ ਨੂੰ ਸੋਖ ਲੈਂਦਾ ਹੈ। ਘਰ ਵਿਚ ਚਮਕ ਦਾ ਅਹਿਸਾਸ ਕਰਾਉਂਦਾ ਹੈ। ਤਿਉਹਾਰਾਂ 'ਤੇ ਉਂਝ ਵੀ ਸਭ ਕੁਝ ਨਵਾਂ-ਨਵਾਂ ਲੱਗੇ ਤਾਂ ਹੀ ਮਜ਼ਾ ਹੁੰਦਾ ਹੈ। ਗੰਦਗੀ ਤਾਂ ਰੋਜ਼ਮਰ੍ਹਾ ਦੀ ਜ਼ਿੰਦਗੀ ਵਿਚ ਚੰਗੀ ਨਹੀਂ ਲਗਦੀ।

ਸਹੀ ਢੰਗ ਨਾਲ ਸਜਾਇਆ ਹੋਵੇ ਘਰ : ਏਨਾ ਹੀ ਕਾਫ਼ੀ ਨਹੀਂ ਹੈ ਕਿ ਘਰ ਦੀ ਮੁਰੰਮਤ ਕਰਾ ਦਿੱਤੀ, ਪੇਂਟ-ਕਲੀ ਤਾਂ ਕਰਾ ਦਿੱਤੀ ਪਰ ਕੋਈ ਵੀ ਸਾਮਾਨ ਇਧਰ-ਉਧਰ ਪਿਆ ਹੋਵੇ। ਸਭ ਕੁਝ ਘਰ ਵਿਚ ਕੂੜੇ-ਕਬਾੜ ਦੀ ਤਰ੍ਹਾਂ ਭਰਿਆ ਹੋਵੇ, ਜਿਸ ਤਰ੍ਹਾਂ ਗੰਦਗੀ ਘਰ 'ਚ ਬਦਬੂ ਪੈਦਾ ਕਰਦੀ ਹੈ, ਉਸੇ ਤਰ੍ਹਾਂ ਘਰ ਵਿਚ ਸਲੀਕੇ ਨਾਲ ਨਾ ਰੱਖੀਆਂ ਚੀਜ਼ਾਂ ਮਨ ਨੂੰ ਬੇਚੈਨ ਕਰਦੀਆਂ ਹਨ।

ਸਾਫ਼-ਸਫ਼ਾਈ ਦੇ ਨਾਲ-ਨਾਲ ਚੀਜ਼ਾਂ ਨੂੰ ਸਹੀ ਢੰਗ ਨਾਲ ਰੱਖਣਾ ਵੀ ਤੁਹਾਡੀ ਆਦਤ ਵਿਚ ਸ਼ਾਮਿਲ ਹੋਣਾ ਚਾਹੀਦਾ ਹੈ। ਇਹ ਨਹੀਂ ਕਿ ਕਿਸੇ ਖ਼ਾਸ ਤਿਉਹਾਰ ਮੌਕੇ ਤੁਸੀਂ ਪੂਰੇ ਘਰ ਦੀ ਸਾਫ਼-ਸਫ਼ਾਈ ਕਰ ਰਹੇ ਹੋ। ਚੀਜ਼ਾਂ ਨੂੰ ਚੁੱਕ ਕੇ ਢੰਗ ਨਾਲ ਰੱਖ ਰਹੇ ਹੋ। ਇਹ ਤਾਂ ਤੁਹਾਡੀ ਜੀਵਨਸ਼ੈਲੀ ਦਾ ਇਕ ਹਿੱਸਾ ਹੋਣਾ ਚਾਹੀਦਾ ਹੈ। ਸਾਫ਼-ਸਫ਼ਾਈ ਤਾਂ ਸਾਲ ਭਰ ਚੱਲਣੀ ਚਾਹੀਦੀ ਹੈ। ਤਿਉਹਾਰਾਂ 'ਤੇ ਤਾਂ ਸਿਰਫ਼ ਘਰ ਨੂੰ ਸਜਾਉਣ ਸੰਵਾਰਨ ਦਾ ਕੰਮ ਹੋਣਾ ਚਾਹੀਦਾ ਹੈ।

ਇਸ ਲਈ ਜ਼ਰੂਰੀ ਹੈ ਕਿ ਘਰ ਵਿਚ ਕੁਝ ਵੀ ਟੁੱਟਿਆ-ਭੱਜਿਆ, ਫਾਲਤੂ ਸਾਮਾਨ ਇਕੱਠਾ ਨਾ ਹੋਣ ਦਿਓ। ਘਰ ਵਿਚ ਕੂੜਾ-ਕਰਕਟ ਭਰ ਕੇ ਨਾ ਰੱਖੋ। ਅਕਸਰ ਕੀ ਹੁੰਦਾ ਹੈ ਕਿ ਕੁਝ ਲੋਕ ਕੰਮ ਨਾ ਆਉਣ ਵਾਲੀਆਂ ਚੀਜ਼ਾਂ ਨੂੰ ਛੱਤ 'ਤੇ ਜਾਂ ਮਿਆਨੀ 'ਚ ਰੱਖ ਦਿੰਦੇ ਹਨ ਪਰ ਉਨ੍ਹਾਂ ਨੂੰ ਘਰ 'ਚੋਂ ਬਾਹਰ ਨਹੀਂ ਕੱਢਦੇ। ਉਨ੍ਹਾਂ ਪੁਰਾਣੀਆਂ ਚੀਜ਼ਾਂ ਦੇ ਨਾਲ ਮੋਹ ਬਣਾਈ ਰੱਖਦੇ ਹਨ। ਘਰ ਵਿਚ ਹੀ ਇਸ ਤਰ੍ਹਾਂ ਦੇ ਸਾਮਾਨ ਭਰਦੇ ਰਹਾਂਗੇ ਤਾਂ ਘਰ ਦਾ ਇਕ ਵੱਡਾ ਕੋਨਾ ਇਸ ਤਰ੍ਹਾਂ ਦੀਆਂ ਚੀਜ਼ਾਂ ਨਾਲ ਹੀ ਭਰ ਜਾਂਦਾ ਹੈ।

ਇਹ ਫਾਲਤੂ ਦੀਆਂ ਚੀਜ਼ਾਂ ਘਰ ਵਿਚ ਨਕਾਰਾਤਮਕ ਊਰਜਾ ਪੈਦਾ ਕਰਦੀਆਂ ਹਨ, ਜਿਸ ਨਾਲ ਘਰ ਦੀ ਸੁੱਖ-ਸ਼ਾਂਤੀ ਖ਼ਤਮ ਹੋ ਜਾਂਦੀ ਹੈ। ਇਸ ਲਈ ਘਰ ਵਿਚ ਸਿਰਫ਼ ਇਸ ਤਰ੍ਹਾਂ ਦੀਆਂ ਹੀ ਚੀਜ਼ਾਂ ਹੋਣ ਜੋ ਸਾਡੀ ਵਰਤੋਂ ਦੀਆਂ ਹੋਣ ਜਾਂ ਸਜਾਵਟੀ ਹੋਣ। ਇਨ੍ਹਾਂ ਚੀਜ਼ਾਂ ਨਾਲ ਫੁਰਤੀ ਆਉਂਦੀ ਹੈ। ਕਦੀ ਵੀ ਕੰਮ ਨਾ ਆਉਣ ਵਾਲੀਆਂ ਚੀਜ਼ਾਂ ਨੂੰ ਇਕੱਠਾ ਕਰਕੇ ਘਰ ਵਿਚ ਨਾ ਰੱਖੋ। ਜੋ ਵੀ ਬੇਕਾਰ ਹੋਵੇ ਉਸ ਨੂੰ ਘਰ ਤੋਂ ਬਾਹਰ ਕਰ ਦਿਓ।



## ਪਿਆਰ, ਵਿਸ਼ਵਾਸ ਤੇ ਸਤਿਕਾਰ ਨਾਲ ਜ਼ਿੰਦਗੀ ਨੂੰ ਬਣਾਓ ਹੋਰ ਖੁਸ਼ਹਾਲ

**ਲੇਖਕ : ਪਰਮਜੀਤ ਕੌਰ ਸੋਢੀ**
**ਸੰਪਰਕ : 94786-58384**

ਜ਼ਿੰਦਗੀ ਜਿਊਣ ਲਈ ਪਿਆਰ, ਵਿਸ਼ਵਾਸ ਤੇ ਸਤਿਕਾਰ ਬਹੁਤ ਜ਼ਰੂਰੀ ਹੈ। ਜੇਕਰ ਕਿਸੇ ਵਿਅਕਤੀ ਕੋਲ ਇਹ ਤਿੰਨੇ ਚੀਜ਼ਾਂ ਨਹੀਂ ਹਨ ਤਾਂ ਉਸ ਦਾ ਸਫਲ ਹੋਣਾ ਅਸੰਭਵ ਹੈ। ਹੁਣ ਇਹ ਗੱਲ ਤੁਹਾਡੇ 'ਤੇ ਨਿਰਭਰ ਕਰਦੀ ਹੈ ਕਿ ਤੁਸੀਂ ਕਿੰਨੀ ਸਫਲਤਾ ਪ੍ਰਾਪਤ ਕਰਨੀ ਚਾਹੁੰਦੇ ਹੋ। ਹਾਂ, ਸਫਲਤਾ ਦੀ ਪਹਿਲੀ ਪੌੜੀ ਪਿਆਰ, ਵਿਸ਼ਵਾਸ, ਸਤਿਕਾਰ ਤੇ ਸਖ਼ਤ ਮਿਹਨਤ ਦੀ ਹੈ। ਨਾਲ-ਨਾਲ ਗੁਰੂ ਦੀ ਕਿਰਪਾ ਵੀ ਬਹੁਤ ਜ਼ਰੂਰੀ ਹੈ ਜਿਵੇਂ ਗੁਰੂ ਬਿਨਾਂ ਗਤ ਨਹੀਂ ਤੇ ਸ਼ਾਹ ਬਿਨਾਂ ਪਤ ਨਹੀਂ ਕਿਉਂਕਿ ਚੰਗੇ ਗੁਰੂ ਦਾ ਚੰਡਿਆ ਕਦੇ ਗ਼ਲਤੀ ਨਹੀਂ ਕਰਦਾ ਤੇ ਜੇਕਰ ਗ਼ਲਤੀ ਨਹੀਂ ਕਰਦਾ ਤਾਂ ਫਿਰ ਅਸਫ਼ਲ ਵੀ ਨਹੀਂ ਹੁੰਦਾ। ਤੁਹਾਡਾ ਦੂਸਰਿਆਂ ਪ੍ਰਤੀ ਵਿਵਹਾਰ ਕਿੰਨਾ ਕੁ ਪ੍ਰਭਾਵਸ਼ਾਲੀ ਤੇ ਸਾਕਾਰਾਤਮਕ ਹੈ, ਤੁਹਾਡੇ ਆਲੇ-ਦੁਆਲੇ ਦੇ ਲੋਕ ਤੁਹਾਨੂੰ ਕਿੰਨਾ ਕੁ ਸਹਿਯੋਗ ਦਿੰਦੇ ਹਨ, ਇਹ ਤੁਹਾਡੀ ਆਪਣੀ ਬੋਲ-ਬਾਣੀ 'ਤੇ ਨਿਰਭਰ ਕਰਦਾ ਹੈ ਜਿਹੜੇ ਲੋਕ ਹੋਰਨਾਂ ਦਾ ਸਤਿਕਾਰ ਕਰਦੇ ਹਨ, ਉਹ ਹਮੇਸ਼ਾ ਸਫ਼ਲ ਹੁੰਦੇ ਹਨ ਤੇ ਜਿਹੜੇ ਲੋਕ ਅਸਫ਼ਲ ਹੁੰਦੇ ਹਨ, ਉਨ੍ਹਾਂ ਦੀ ਅਸਲੀ ਘਾਟ ਉਨ੍ਹਾਂ ਦਾ ਦੂਸਰੇ ਰਿਸ਼ਤਿਆਂ ਤੇ ਹੋਰਨਾਂ ਨਾਲ ਬੋਲਚਾਲ ਲਈ ਬੇਤੁਕੇ ਸ਼ਬਦ ਬੋਲਣਾ, ਗੱਲ-ਗੱਲ 'ਤੇ ਝਗੜਨਾ, ਕਿਸੇ ਨੂੰ ਪਿਆਰ ਨਾ ਕਰਨਾ, ਵਿਸ਼ਵਾਸ ਨਾ ਕਰਨਾ, ਆਪਣੇ-ਆਪ 'ਤੇ ਕੰਟਰੋਲ ਨਾ ਕਰਨਾ। ਬੱਸ ਇਨ੍ਹਾਂ ਕਾਰਨਾਂ ਕਰਕੇ ਹੀ ਅਸਫ਼ਲ ਹੁੰਦੇ ਹਨ।

ਸੋ, ਦੋਸਤੋ ਜੇਕਰ ਹਰ ਕੰਮ ਵਿਚ ਸਫ਼ਲ ਹੋਣਾ ਚਹੁੰਦੇ ਹੋ ਤਾਂ ਪਿਆਰ, ਵਿਸ਼ਵਾਸ ਤੇ ਸਤਿਕਾਰ ਨੂੰ ਹਮੇਸ਼ਾ ਆਪਣੇ ਪੱਲੇ ਬੰਨ੍ਹ ਕੇ ਰੱਖੋ ਪਰ ਮਨ ਸੱਚੀਂ ਹੀ ਇਕ ਗੁੰਝਲਦਾਰ ਬੁਝਾਰਤ ਹੈ ਜੋ ਛੇਤੀ ਕਿਤੇ ਕਿਸੇ ਨਾਲ ਪਿਆਰ, ਵਿਸ਼ਵਾਸ ਤੇ ਸਤਿਕਾਰ ਨਾਲ ਪੇਸ਼ ਨਹੀਂ ਆਉਂਦਾ। ਇਹੋ ਜਿਹੇ ਮਨ ਵਿਚ ਪਹਿਲਾਂ ਹੀ ਆਤਮ-ਵਿਸ਼ਵਾਸ ਦੀ ਘਾਟ ਹੁੰਦੀ ਹੈ, ਜੇਕਰ ਤੁਸੀਂ ਪ੍ਰਭਾਵਸ਼ਾਲੀ, ਪ੍ਰਸੰਨਤਾ, ਰੰਗੀਨ ਤੇ ਸਫ਼ਲ ਹੋਣਾ ਚਹੁੰਦੇ ਹੋ ਤਾਂ ਸਭ ਤੋਂ ਪਹਿਲਾਂ ਆਪਣੇ-ਆਪ 'ਤੇ ਵਿਸ਼ਵਾਸ ਕਰੋ, ਫਿਰ ਆਪਣੀ ਜ਼ਿੰਦਗੀ ਵਿਚੋਂ ਨਾਕਾਰਾਤਮਕ ਸੋਚ ਤੇ ਰੰਗਹੀਨਤਾ ਨੂੰ ਹਟਾਓ ਕਿਉਂਕਿ ਕੁਦਰਤ ਦਾ ਨਿਯਮ ਹੈ ਕਿ ਜੋ ਬੀਜੋ ਗੇ ਉਹੀ ਵੱਢੋਗੇ।

ਇਸ ਲਈ ਦੂਜਿਆਂ ਪ੍ਰਤੀ ਸਹੀ ਸੋਚ ਤੁਹਾਡੀ ਜ਼ਿੰਦਗੀ ਵਿਚ ਉਤਸ਼ਾਹ ਪਿਆਰ, ਸਫਲਤਾ, ਵਿਸ਼ਵਾਸ ਤੇ ਸਤਿਕਾਰ ਜਿਹਾ ਰੰਗ ਭਰ ਦੇਵੇਗੀ ਤੇ ਇਕ ਦਿਨ ਅਜਿਹਾ ਆਵੇਗਾ ਤੁਹਾਡਾ ਹਰ ਰਿਸ਼ਤਾ ਤੁਹਾਡਾ ਸਤਿਕਾਰ ਕਰੇਗਾ, ਵਿਸ਼ਵਾਸ ਕਰੇਗਾ ਤੇ ਤੁਹਾਡੇ ਨਾਲ ਪਿਆਰ ਕਰੇਗਾ, ਜਿਸ ਨਾਲ ਤੁਹਾਡੀ ਜ਼ਿੰਦਗੀ ਵਿਚ ਸਫ਼ਲਤਾ ਪੱਕੇ ਪੈਰੀਂ ਆਵੇਗੀ ਤੇ ਤੁਹਾਡਾ ਸਮਾਜ ਵਿਚ ਰੁਤਬਾ ਹੋਰ ਵੀ ਉੱਚਾ ਹੋਵੇਗਾ।



# CLASSIFIEDS & MATRIMONIALS




## BRIDE WANTED

Jat Sikh Gill family seeks a suitable match for their son, 29 yrs. old, 5'11" tall, Canadian born, well settled, Architect and doing Real estate business, handsome, family oriented. The girl should be Canadian citizen/PR, professionally educated. Call – 1-604-832-7232 or 1-604-615-8088 AP 16-08

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖ਼ੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ ਭਏਚਹਏਲੋਰ੍ਹਡ ਛੋਮਪੁਟਏਰ ਅਰਟ ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ,ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

## BRIDE WANTED

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

ਕੈਨੇਡਾ ਦਾ ਜੰਮਪਲ, ਜੱਟ ਸਿੱਖ ਲੜਕਾ, ਉਮਰ 33 ਸਾਲ,ਕੱਦ 6 ਫੁੱਟ 3 ਇੰਚ, ਵਕੀਲ, ਬਹੁਤ ਸੋਹਣੇ-ਸੁਨੱਖੇ ਲੜਕੇ ਲਈ ਇੱਕ ਸੋਹਣੀ ਪੜੀ-ਲਿਖੀ, ਕਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸਪੰਰਕ ਕਰੋ 604-936-3063 AP 01-08

## CHANGE OF NAME

I, Manjinder Singh S/O Gurbinder Singh holder of Indian passport No. T8287093, issued at Dubai, U.A.E & Indian Address Bath Road, Near Godown Vpo Pandori Gola, Tarn Taran, 143401, Punjab, India, and presently residing at 32215 Ashcroft Drive, Abbotsford, B.C, V2T5C7, Canada, do hereby change my name from Manjinder Singh to Manjinder Singh Dhillon with immediate effect.

## CHANGE OF NAME

I, Nirmaldeep Kaur W/O Manjinder Singh holder of Indian passport No. U0653905, issued at Vancouver, B.C., Canada & Indian Address Kothi no 124, New Diamond Avenue Majitha Road, Amritsar, 143001 Punjab, India and presently residing at 32215 Ashcroft Drive, Abbotsford, B.C, V2T5C7, Canada, do her eby change my name from Nirmaldeep Kaur to Nirmaldeep Kaur Dhillon with immediate effect.


# ਕਿਸਾਨੀ ਕਰਜ਼ਾ ਕਿਉਂ ਮੁਆਫ਼ ਹੋਣਾ ਚਾਹੀਦਾ?

**ਲੇਖਕ : ਡਾ. ਸ ਸ ਛੀਨਾ**

ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਇੰਡੀਅਨ ਕੌਂਸਲ ਆਫ ਸੋਸ਼ਲ ਸਾਇੰਸ ਲਈ ਕਿਸਾਨੀ ਕਰਜ਼ੇ ਬਾਰੇ ਸਰਵੇਖਣ ਕਰਵਾਇਆ ਸੀ ਜਿਸ ਵਿਚ ਬਹੁਤ ਦਿਲਚਸਪ ਜਾਣਕਾਰੀ ਮਿਲੀ ਕਿ ਭੂਮੀ ਦੀ ਜੋਤ ਅਤੇ ਕਰਜ਼ੇ ਦੀ ਮਾਤਰਾ ਵਿਚ ਸਹਿ-ਸਬੰਧ ਹੈ। ਇਸ ਦਾ ਅਰਥ ਹੈ ਕਿ ਵੱਡੇ ਕਿਸਾਨਾਂ ਸਿਰ ਜ਼ਿਆਦਾ ਕਰਜ਼ਾ ਹੈ, ਛੋਟੇ ਕਿਸਾਨਾਂ ਸਿਰ ਘੱਟ। ਇਸ ਦੇ ਨਾਲ ਇਹ ਜਾਣਕਾਰੀ ਵੀ ਮਿਲੀ ਕਿ ਖੇਤੀ ਕਿਰਤੀ ਵੀ ਭਾਵੇਂ ਕਰਜ਼ੇ ਦੇ ਭਾਰ ਹੇਠਾਂ ਦਬੇ ਹੋਏ ਹਨ ਪਰ ਉਨ੍ਹਾਂ ਦਾ ਕਰਜ਼ਾ ਸੀਮਾਂਤ ਕਿਸਾਨਾਂ ਤੋਂ ਵੀ ਘੱਟ ਹੈ। ਇਹ ਤੱਥ ਇਹ ਗੱਲ ਸਾਬਿਤ ਕਰਦੇ ਹਨ ਕਿ ਕਰਜ਼ੇ ਦੀ ਮਾਤਰਾ ਕਰਜ਼ਾ ਲੈਣ ਵਾਲੇ ਦੀ ਸਮਰੱਥਾ 'ਤੇ ਨਿਰਭਰ ਕਰਦੀ ਹੈ। ਜੇ ਕਿਸੇ ਕਿਸਾਨ ਕੋਲ ਜ਼ਿਆਦਾ ਜ਼ਮੀਨ ਹੈ ਤਾਂ ਉਹ ਜ਼ਿਆਦਾ ਕਰਜ਼ਾ ਲੈ ਸਕਦਾ ਹੈ; ਜੇ ਘੱਟ ਹੈ ਤਾਂ ਘੱਟ, ਤੇ ਜੇ ਨਹੀਂ ਹੈ ਤਾਂ ਉਹ ਹੋਰ ਘੱਟ। ਫਿਰ ਇਸ ਕਰਜ਼ੇ ਵਿਚੋਂ ਨਾਮ-ਮਾਤਰ ਹੀ ਨਿਵੇਸ਼ 'ਤੇ ਖਰਚ ਕੀਤਾ ਜਾਂਦਾ ਹੈ। ਛੋਟੇ ਪੈਮਾਨੇ ਦੇ ਜ਼ਿਆਦਾਤਰ ਕਿਸਾਨਾਂ ਦਾ ਕਰਜ਼ਾ ਉਨ੍ਹਾਂ ਦੀਆਂ ਵਿੱਦਿਅਕ ਅਤੇ ਮੈਡੀਕਲ ਲੋੜਾਂ ਲਈ ਲਿਆ ਗਿਆ ਹੈ। ਵਿੱਦਿਆ ਅਤੇ ਮੈਡੀਕਲ ਦੋਵੇਂ ਸੇਵਾਵਾਂ ਸਰਕਾਰ ਦੀਆਂ ਮੁਢਲੀਆਂ ਜ਼ਿੰਮੇਵਾਰੀਆਂ ਹਨ ਅਤੇ ਵਿਕਸਤ ਦੇਸ਼ਾਂ ਵਿਚ ਇਹ ਮੁਫ਼ਤ ਮੁਹੱਈਆ ਕੀਤੀਆਂ ਜਾਂਦੀਆਂ ਹਨ।

ਅਸਲ ਵਿਚ ਕਿਸਾਨੀ ਕਰਜ਼ਾ ਅੱਜ ਦੀ ਨਹੀਂ, ਸਦੀਆਂ ਤੋਂ ਸਮੱਸਿਆ ਹੈ। ਅੰਗਰੇਜ਼ ਅਫਸਰ ਸਰ ਮੈਲਕਮ ਡਾਰਲਿੰਗ ਨੇ 1904 ਵਿਚ ਕਿਸਾਨੀ ਬਾਰੇ ਟਿੱਪਣੀ ਕੀਤੀ ਸੀ ਕਿ ਭਾਰਤੀ ਕਿਸਾਨ ਕਰਜ਼ੇ ਵਿਚ ਜਨਮ ਲੈਂਦਾ ਹੈ, ਕਰਜ਼ੇ ਵਿਚ ਜਿਊਂਦਾ ਹੈ ਅਤੇ ਕਰਜ਼ੇ ਵਿਚ ਹੀ ਮਰਦਾ ਹੈ। ਇਹ ਟਿੱਪਣੀ ਅੱਜ ਵੀ ਓਨੀ ਹੀ ਢੁਕਵੀਂ ਹੈ। ਸਮੇਂ ਨਾਲ ਕਰਜ਼ੇ ਦੀ ਮਾਤਰਾ ਵਿਚ ਸਗੋਂ ਹੋਰ ਵਾਧਾ ਹੋ ਗਿਆ ਹੈ।

ਪੰਜਾਬੀ ਯੂਨੀਵਰਸਿਟੀ ਦੇ ਸਰਵੇਖਣ ਅਨੁਸਾਰ, ਪੰਜਾਬ ਦੇ 85.9 ਫ਼ੀਸਦੀ ਕਿਸਾਨ ਕਰਜ਼ੇ ਦੇ ਭਾਰ ਹੇਠ ਹਨ ਅਤੇ ਪ੍ਰਤੀ ਕਿਸਾਨ ਘਰ ਔਸਤ ਕਰਜ਼ਾ 5.50 ਲੱਖ ਹੈ। ਸੀਮਾਂਤ ਕਿਸਾਨ ਦਾ ਔਸਤ ਪ੍ਰਤੀ ਘਰ ਕਰਜ਼ਾ 2.76 ਲੱਖ ਰੁਪਏ, ਛੋਟਾ ਕਿਸਾਨ ਜਿਸ ਕੋਲ 5 ਏਕੜ ਤੋਂ ਘੱਟ ਭੂਮੀ ਹੈ, ਉਸ ਦਾ ਔਸਤ ਕਰਜ਼ਾ 5.57 ਲੱਖ ਰੁਪਏ, 10 ਏਕੜ ਤੋਂ ਘੱਟ ਭੂਮੀ ਵਾਲੇ ਕਿਸਾਨ ਸਿਰ 6.84 ਲੱਖ ਰੁਪਏ ਅਤੇ ਮੀਡੀਅਮ ਜਾਂ 15 ਏਕੜ ਤੋਂ ਘੱਟ ਭੂਮੀ ਵਾਲੇ ਕਿਸਾਨ ਸਿਰ 9.35 ਲੱਖ ਰੁਪਏ ਹੈ ਪਰ 15 ਏਕੜ ਤੋਂ ਵੱਧ ਭੂਮੀ ਵਾਲੇ ਵੱਡੇ ਕਿਸਾਨਾਂ ਸਿਰ ਪ੍ਰਤੀ ਘਰ 16.37 ਲੱਖ ਰੁਪਏ ਕਰਜ਼ਾ ਹੈ।

ਇਸ ਦੇ ਉਲਟ ਭੂਮੀ ਰਹਿਤ ਖੇਤੀ ਕਿਰਤੀਆਂ ਸਿਰ ਘੱਟ ਕਰਜ਼ਾ ਹੈ। ਖੇਤੀ ਕਿਰਤੀਆਂ ਵਿਚੋਂ 80 ਫ਼ੀਸਦੀ ਕਿਰਤੀ ਭਾਵੇਂ ਕਰਜ਼ੇ ਦੇ ਭਾਰ ਹੇਠ ਹਨ ਪਰ ਪ੍ਰਤੀ ਖੇਤੀ ਕਿਰਤੀ ਘਰ ਕਰਜ਼ਾ ਸਿਰਫ 68330 ਰੁਪਏ ਹੈ ਜਿਹੜਾ ਉਪਰ ਦੱਸੀ ਗੱਲ ਨੂੰ ਸਾਬਿਤ ਕਰਦਾ ਹੈ ਕਿ ਕਰਜ਼ਾ ਲੈਣ ਦੀ ਸਮਰੱਥਾ ਨਾਲ ਕਰਜ਼ੇ ਦੀ ਮਾਤਰਾ ਵਧ ਜਾਂਦੀ ਹੈ। ਕਿਸਾਨਾਂ ਵਿਚੋਂ ਜ਼ਿਆਦਾਤਰ ਕਿਸਾਨ ਉਹ ਹਨ ਜੋ ਕਿਸਾਨ ਸੰਸਥਾਵਾਂ ਜਿਵੇਂ ਬੈਂਕ ਅਤੇ ਸਹਿਕਾਰੀ ਸਭਾਵਾਂ ਤੋਂ ਕਰਜ਼ਾ ਲੈਂਦੇ ਹਨ। ਇਸ ਦੇ ਉਲਟ ਖੇਤੀ ਕਿਰਤੀ ਜ਼ਿਆਦਾਤਰ ਕਰਜ਼ਾ ਜਾਂ ਪੰਜਾਬ ਦੇ ਖੇਤੀ ਕਿਰਤੀਆਂ ਵਿਚੋਂ 92 ਫ਼ੀਸਦੀ ਕਿਰਤੀਆਂ ਦਾ ਕਰਜ਼ਾ ਗੈਰ-ਸੰਸਥਾਈ ਦਾ ਕਰਜ਼ਾ ਹੈ ਜਿਸ ਵਿਚ ਸ਼ਾਹੂਕਾਰ ਦਾ ਕਰਜ਼ਾ ਵੀ ਹੈ। ਕਿਸਾਨਾਂ ਵਿਚ ਸਿਰਫ਼ ਵੱਡੇ ਪੈਮਾਨੇ ਦੇ 8.16 ਫ਼ੀਸਦੀ ਅਤੇ ਛੋਟੇ ਪੈਮਾਨੇ ਦੇ 40 ਫ਼ੀਸਦੀ ਕਿਸਾਨ ਗੈਰ-ਸੰਸਥਾਈ ਕਰਜ਼ਾ ਲੈਂਦੇ ਹਨ।




ਖੇਤੀ ਆਧਾਰਿਤ ਕਰਜ਼ਾ ਸਾਰੇ ਦੇਸ਼ ਦੀ ਸਮੱਸਿਆ ਹੈ। ਮਹਾਰਾਸ਼ਟਰ, ਮੱਧ ਪ੍ਰਦੇਸ਼, ਬਿਹਾਰ, ਯੂਪੀ ਆਦਿ ਹਰ ਪ੍ਰਾਂਤ ਦਾ ਕਿਸਾਨ ਕਰਜ਼ੇ ਦੇ ਵੱਡੇ ਬੋਝ ਥੱਲੇ ਹੈ। ਅਸਲ ਵਿਚ ਕਿਸਾਨ ਵੱਲੋਂ ਕਰਜ਼ਾ ਚੁੱਕਣਾ ਉਸ ਦੀ ਮਜਬੂਰੀ ਬਣੀ ਹੋਈ ਹੈ ਕਿਉਂ ਜੋ ਕਿਸਾਨ ਦੀ ਜੋਤ ਤੋਂ ਮਿਲਣ ਵਾਲੀ ਆਮਦਨ ਨਾਲ ਕਿਸਾਨ ਦੀਆਂ ਘਰੇਲੂ ਲੋੜਾਂ ਵੀ ਪੂਰੀਆਂ ਨਹੀਂ ਹੁੰਦੀਆਂ। ਪ੍ਰਸਿੱਧ ਅਰਥ ਸ਼ਾਸਤਰੀ ਡਾ. ਜੀਐੱਸ ਭੱਲਾ ਦੇ ਇਕ ਅਧਿਐਨ ਵਿਚ ਇਹ ਗੱਲ ਆਈ ਸੀ ਕਿ ਉਹ ਕਿਸਾਨ ਜਿਸ ਦੀ ਜੋਤ 15 ਏਕੜ ਤੋਂ ਘੱਟ ਹੈ, ਉਹ ਜੋਤ ਦੀ ਆਮਦਨ ਤੋਂ ਆਪਣੀਆਂ ਲੋੜਾਂ ਵੀ ਪੂਰੀਆਂ ਨਹੀਂ ਕਰ ਸਕਦਾ ਪਰ 15 ਏਕੜ ਤੋਂ ਵੱਧ ਵਾਲੇ ਸਿਰਫ਼ 6 ਫ਼ੀਸਦੀ ਕਿਸਾਨ ਹਨ। ਅਸਲ ਵਿਚ ਖੇਤੀ 'ਤੇ ਨਿਰਭਰ ਵਸੋਂ ਵਧ ਰਹੀ ਹੈ ਜਿਸ ਕਰ ਕੇ ਜੋਤ ਦਾ ਆਕਾਰ ਘਟ ਰਿਹਾ ਹੈ ਅਤੇ ਪ੍ਰਤੀ ਕਿਸਾਨ ਘਰ ਆਮਦਨ ਘਟ ਰਹੀ ਹੈ। 83 ਫ਼ੀਸਦੀ ਜੋਤਾਂ ਦਾ ਆਕਾਰ 5 ਏਕੜ ਤੋਂ ਵੀ ਘੱਟ ਹੈ।

ਭਾਰਤ ਵਿਚ ਅਜੇ ਵੀ 55 ਫ਼ੀਸਦੀ ਦੇ ਕਰੀਬ ਵਸੋਂ ਖੇਤੀ 'ਤੇ ਨਿਰਭਰ ਕਰਦੀ ਹੈ ਪਰ ਦੇਸ਼ ਦੀ ਕੁੱਲ ਘਰੇਲੂ ਆਮਦਨ ਵਿਚ ਖੇਤੀ ਦਾ ਹਿੱਸਾ ਸਿਰਫ਼ 19 ਫ਼ੀਸਦੀ ਹੈ ਜਿਸ ਵਿਚ 5 ਫ਼ੀਸਦੀ ਡੇਅਰੀ ਤੋਂ ਮਿਲਣ ਵਾਲੀ ਆਮਦਨ ਵੀ ਸ਼ਾਮਿਲ ਹੈ ਪਰ ਗੈਰ-ਖੇਤੀ 45 ਫ਼ੀਸਦੀ ਵਸੋਂ ਦੇ ਹਿੱਸੇ ਦੇਸ਼ ਦੀ ਕੁੱਲ ਆਮਦਨ ਵਿਚੋਂ 81 ਫ਼ੀਸਦੀ ਆਉਂਦਾ ਹੈ ਜਾਂ ਗੈਰ-ਖੇਤੀ ਖੇਤਰ ਦੀ ਆਮਦਨ ਖੇਤੀ ਖੇਤਰ ਦੀ ਆਮਦਨ ਤੋਂ 4 ਗੁਣਾਂ ਤੋਂ ਵੀ ਜ਼ਿਆਦਾ ਹੈ ਜਿਹੜੀ ਇਹ ਗੱਲ ਸਾਬਿਤ ਕਰਦੀ ਹੈ ਕਿ ਖੇਤੀ ਵਿਚ ਅਰਧ ਬੇਰੁਜ਼ਗਾਰੀ ਹੈ। ਖੇਤੀ ਤੋਂ ਵਸੋਂ ਨੂੰ ਬਦਲ ਕੇ ਗੈਰ-ਖੇਤੀ ਪੇਸ਼ਿਆਂ ਵਿਚ ਲਗਾਉਣਾ ਚਾਹੀਦਾ ਹੈ ਜਿਸ ਤਰ੍ਹਾਂ ਵਿਕਸਤ ਦੇਸ਼ਾਂ ਵਿਚ ਹੋਇਆ ਹੈ। ਵਿਕਸਤ ਦੇਸ਼ਾਂ ਵਿਚ ਭਾਵੇਂ ਖੇਤੀ ਖੇਤਰ ਦਾ ਉਨ੍ਹਾਂ ਦੇਸ਼ਾਂ ਦੇ ਕੁੱਲ ਘਰੇਲੂ ਉਤਪਾਦਨ ਵਿਚ ਸਿਰਫ਼ 5 ਫ਼ੀਸਦੀ ਤੋਂ ਘੱਟ ਹਿੱਸਾ ਰਿਹਾ ਹੈ ਪਰ ਉੱਥੇ ਖੇਤੀ 'ਤੇ ਨਿਰਭਰ ਵਸੋਂ ਵੀ 5 ਫ਼ੀਸਦੀ ਤੋਂ ਘੱਟ ਹੈ। ਭਾਰਤ ਵਿਚ ਜੇ ਖੇਤੀ ਵਿਚ 55 ਫ਼ੀਸਦੀ ਵਸੋਂ ਕੰਮ ਕਰਦੀ ਹੈ ਤਾਂ ਖੇਤੀ ਤੋਂ ਮਿਲਣ ਵਾਲੀ ਆਮਦਨ ਵੀ 55 ਫ਼ੀਸਦੀ ਹੋਣੀ ਚਾਹੀਦੀ ਹੈ ਜਿਹੜੀ ਕਿਸੇ ਤਰ੍ਹਾਂ ਵੀ ਸੰਭਵ ਨਹੀਂ।

ਅਸਲ ਵਿਚ ਦੁਨੀਆ ਦੇ ਹਰ ਵਿਕਸਤ ਦੇਸ਼ ਵਿਚ ਵਿਕਾਸ ਦੇ ਨਾਲ-ਨਾਲ ਖੇਤੀ ਤੋਂ ਵਸੋਂ ਬਦਲ ਕੇ ਗੈਰ-ਖੇਤੀ ਪੇਸ਼ਿਆਂ ਵਿਚ ਲਗਦੀ ਗਈ ਪਰ ਭਾਰਤ ਵਿਚ ਗੈਰ-ਖੇਤੀ ਪੇਸ਼ੇ ਇਸ ਰਫ਼ਤਾਰ ਨਾਲ ਨਾ ਵਧੇ ਕਿ ਉਹ ਤੇਜ਼ੀ ਨਾਲ ਵਧਦੀ ਹੋਈ ਵਸੋਂ ਨੂੰ ਰੁਜ਼ਗਾਰ ਮੁਹੱਈਆ ਕਰ ਸਕਣ ਅਤੇ ਫਿਰ ਖੇਤੀ ਨੂੰ ਪੇਸ਼ੇ ਵਜੋਂ ਅਪਣਾਉਣਾ ਉਸ ਵਸੋਂ ਦੀ ਮਜਬੂਰੀ ਬਣ ਗਈ। ਉਂਝ ਵੀ ਦੇਸ਼ ਦੇ ਕੁਦਰਤੀ ਸਾਧਨਾਂ 'ਤੇ ਵਸੋਂ ਦਾ ਵੱਡਾ ਭਾਰ ਹੈ। ਦੇਸ਼ ਦੀ ਵਸੋਂ ਦੁਨੀਆ ਦੀ ਵਸੋਂ ਦਾ 17.6 ਫ਼ੀਸਦੀ ਹੈ ਜਦੋਂਕਿ ਭੂਮੀ ਦਾ ਆਕਾਰ ਸਿਰਫ਼ 2.4 ਫ਼ੀਸਦੀ ਦੇ ਕਰੀਬ ਹੈ। ਖੇਤੀ ਲਈ ਲੋੜੀਂਦੀ ਸਭ ਤੋਂ ਵੱਡੀ ਲੋੜ ਪਾਣੀ ਵੀ ਸਿਰਫ਼ 4 ਫ਼ੀਸਦੀ ਹੈ ਜਿਹੜਾ ਇਨ੍ਹਾਂ ਗੱਲਾਂ ਨੂੰ ਸਾਬਿਤ ਕਰਦਾ ਹੈ ਕਿ ਖੇਤੀ 'ਤੇ ਵਸੋਂ ਦਾ ਵੱਡਾ ਭਾਰ ਹੈ ਜਿਸ ਨੂੰ ਹੋਰ ਪੇਸ਼ਿਆਂ ਵਿਚ ਰੁਜ਼ਗਾਰ ਉਪਲਬਧ ਹੋਣਾ ਚਾਹੀਦਾ ਹੈ।

ਪਹਿਲਾਂ ਵੀ ਕਈ ਵਾਰ ਪੂਰਾ ਜਾਂ ਕੁਝ ਕਰਜ਼ਾ ਮੁਆਫ਼ ਹੁੰਦਾ ਰਿਹਾ ਹੈ। ਦੇਸ਼ ਦੀ 22 ਫ਼ੀਸਦੀ ਉਹ ਵਸੋਂ ਜੋ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ, ਉਸ ਵਿਚ ਕਾਫ਼ੀ ਲੋਕ ਉਹ ਹਨ ਜਿਹੜੇ ਕਿਸਾਨੀ ਨਾਲ ਸਬੰਧਿਤ ਹਨ। ਵਿਕਸਤ ਦੇਸ਼ਾਂ ਵਾਂਗ ਭਾਰਤ ਵਿਚ ਇਸ ਤਰ੍ਹਾਂ ਦੀ ਸਮਾਜਿਕ ਸੁਰੱਖਿਆ ਨਹੀਂ ਜਿਸ ਵਿਚ ਬੇਰੁਜ਼ਗਾਰੀ ਜਾਂ ਅਰਧ ਬੇਰੁਜ਼ਗਾਰੀ ਭੱਤਾ ਮਿਲਦਾ ਹੋਵੇ। ਸਰਕਾਰ ਦੇ ਤੱਥਾਂ ਅਨੁਸਾਰ, ਇਸ ਖੇਤਰ ਵਿਚ ਵੱਡੀ ਅਣਇੱਛੁਕ ਬੇਰੁਜ਼ਗਾਰੀ ਹੈ। ਲੋਕ ਕੰਮ ਤਾਂ ਕਰਨਾ ਚਾਹੁੰਦੇ ਹਨ ਪਰ ਕੰਮ ਮਿਲਦਾ ਨਹੀਂ। ਸਰਕਾਰ ਵੱਲੋਂ ਕਿਸਾਨਾਂ ਨੂੰ ਸਾਲ ਵਿਚ 6000 ਰੁਪਏ ਦੀ ਰਾਹਤ ਦੇਣ ਦਾ ਆਧਾਰ ਵੀ ਇਹੋ ਹੈ ਕਿ ਇਸ ਵਰਗ ਨੂੰ ਸੁਰੱਖਿਅਤ ਕਰਦਾ ਚਾਹੀਦਾ ਹੈ ਪਰ 6000 ਰੁਪਏ ਇੰਨੇ ਘੱਟ ਹਨ ਕਿ ਔਸਤ ਕਰਜ਼ੇ ਦੇ ਵਿਆਜ ਦੀ ਇਕ ਕਿਸ਼ਤ ਵੀ ਨਹੀਂ ਦਿੱਤੀ ਜਾ ਸਕਦੀ। ਦੇਸ਼ ਵਿਚ ਅਸਾਵਾਂ ਵਿਕਾਸ ਹੋਇਆ ਹੈ, ਖੇਤੀ ਆਧਾਰਿਤ ਉਦਯੋਗ ਵਿਕਸਤ ਨਹੀਂ ਹੋਏ, ਪੇਂਡੂ ਖੇਤਰ ਜਿਥੇ ਮੁੱਖ ਪੇਸ਼ਾ ਖੇਤੀ ਹੈ, ਉੱਥੇ ਰੁਜ਼ਗਾਰ ਮੌਕੇ ਪੈਦਾ ਨਹੀਂ ਹੋ ਸਕੇ। ਸਮਾਜਿਕ ਸੁਰੱਖਿਆ ਦੀ ਮੱਦ ਵਿਚ ਕਿਸਾਨੀ ਕਰਜ਼ਾ ਮੁਆਫ਼ੀ ਵੀ ਇਕ ਮੱਦ ਹੋਣੀ ਚਾਹੀਦੀ ਹੈ।

ਖੇਤੀ ਕਰਜ਼ਾ ਮੁਆਫ਼ ਕਰਨਾ ਰਾਜਾਂ ਦੀਆਂ ਸਰਕਾਰਾਂ ਦੇ ਵਸ ਦੀ ਗੱਲ ਨਹੀਂ। ਰਾਜਾਂ ਦੀਆਂ ਸਰਕਾਰਾਂ ਪਹਿਲਾਂ ਹੀ ਵੱਡੇ ਕਰਜ਼ੇ ਦਾ ਬੋਝ ਝੱਲ ਰਹੀਆਂ ਹਨ। ਕੇਂਦਰ ਸਰਕਾਰ ਦੇ ਸਾਧਨ ਜ਼ਿਆਦਾ ਹਨ। ਇਸ ਲਈ ਇਕ ਰਾਜ ਦਾ ਨਹੀਂ ਸਗੋਂ ਸਮੁੱਚੇ ਖੇਤੀ ਵਰਗ ਦਾ ਕਰਜ਼ਾ ਮੁਆਫ਼ ਹੋਣਾ ਚਾਹੀਦਾ ਹੈ। ਕੌਮਾਂਤਰੀ ਸੰਸਥਾਵਾਂ ਜਿਵੇਂ ਯੂਐੱਨਓ ਨਾਲ ਸਬੰਧਿਤ ਖੁਰਾਕ ਤੇ ਖੇਤੀ ਸੰਸਥਾ, ਖੇਤੀ ਵਿਕਾਸ ਲਈ ਕੌਮਾਂਤਰੀ ਫੰਡ, ਵਿਸ਼ਵ ਬੈਂਕ, ਫੂਡ ਏਡ ਆਦਿ ਕੇਂਦਰ ਨਾਲ ਸਬੰਧਿਤ ਹਨ, ਪ੍ਰਾਂਤ ਨਾਲ ਨਹੀਂ। ਉਨ੍ਹਾਂ ਵੱਲੋਂ ਦਿੱਤੀ ਰਾਹਤ ਕੇਂਦਰ ਦੇ ਤਾਲਮੇਲ ਨਾਲ ਹੋ ਸਕਦੀ ਹੈ। ਦੇਸ਼ ਦੇ ਵੱਡੇ ਕਾਰਪੋਰੇਟ ਹਾਊਸਾਂ ਨੂੰ ਸਾਲ ਵਿਚ ਆਪਣੇ ਲਾਭਾਂ ਦਾ 2 ਫ਼ੀਸਦੀ ਸਿਵਲ ਸੋਸ਼ਲ ਜ਼ਿੰਮੇਵਾਰੀ ਦੇ ਤੌਰ 'ਤੇ ਦਾਨੀ ਸੰਸਥਾਵਾਂ ਨੂੰ ਦੇਣ ਦੀ ਵਿਵਸਥਾ ਬਣਾਈ ਗਈ ਹੈ, ਉਹ ਕੇਂਦਰੀ ਸਰਕਾਰ ਦੇ ਕੰਟਰੋਲ ਅਧੀਨ ਕਿਸਾਨੀ ਨੂੰ ਇਸ ਮੱਦ ਅਧੀਨ ਲਿਆ ਸਕਦੇ ਹਨ, ਰਾਜਾਂ ਦੀਆਂ ਸਰਕਾਰਾਂ ਨਹੀਂ। ਦੇਸ਼ ਦੇ ਸਭ ਬੈਂਕ ਕੇਂਦਰੀ ਸਰਕਾਰ ਦੇ ਆਦੇਸ਼ਾਂ ਅਨੁਸਾਰ ਕੰਮ ਕਰਦੇ ਹਨ, ਇਹ ਰਾਜਾਂ ਦੀਆਂ ਸਰਕਾਰਾਂ ਅਧੀਨ ਨਹੀਂ। ਸਮਾਜਿਕ ਭਲਾਈ ਦੀ ਮੱਦ ਅਧੀਨ ਕਿਸਾਨੀ ਕਰਜ਼ਾ ਕੇਂਦਰ ਸਰਕਾਰ ਨੂੰ ਮੁਆਫ਼ ਕਰਨਾ ਚਾਹੀਦਾ ਹੈ।

# ਭਾਰੀ ਮੀਂਹ ਪੈਣ ਦੇ ਬਾਵਜੂਦ ਸਰੀ ਸਿਟੀ ਹਾਲ ’ਚ ਲੱਗੀ ਦੀਵਾਲੀ ਦੀ ਰੌਣਕ



ਸਰੀ, (ਸਿਮਰਨਜੀਤ ਸਿੰਘ): ਇਸ ਹਫਤੇ ਬ੍ਰਿਟਿਸ਼ ਕੋਲੰਬੀਆ ਦੇ ਕਈ ਇਲਾਕਿਆਂ ‘ਚ ਭਾਰੀ ਮੀਂਹ ਵੇਖਣ ਨੂੰ ਮਿਲਿਆ ਪਰ ਮੀਂਹ ਪੈਣ ਦੇ ਬਾਵਜੂਦ ਸਰੀ ਸਿਟੀ ਹਾਲ ਵਿੱਚ ਦਿਵਾਲੀ ਸਬੰਧੀ ਲੱਗੀ ਪ੍ਰਦਰਸ਼ਨੀ ਮੌਕੇ ਭਾਰੀ ਰੌਕਣ ਵੇਖਣ ਨੂੰ ਮਿਲੀ। ਇਸ ਮੌਕੇ ਸਿਟੀ ਹਾਲ ‘ਚ ਵਿਗਿਆਨ, ਵਪਾਰੀ ਸਟਾਲ, ਹੱਥ ਕਲਾਵਾਂ, ਖਾਣ-ਪੀਣ ਦੇ ਸਟਾਲ ਦੇ ਅਤੇ ਹੋਰ ਕਈ ਗਤੀਵਿਧੀਆਂ ਅਤੇ ਪ੍ਰਦਰਸ਼ਨੀਆਂ ਲਗਾਈਆਂ ਗਈਆਂ ਸਨ।

ਦੀਵਾਲੀ ਫੈਸਟ ਦੇ ਬੋਰਡ ਮੈਂਬਰ ਅਸ਼ਵਨੀ ਨਰਵਾਣੀ ਨੇ ਦੱਸਿਆ ਕਿ ਦੀਵਾਲੀ ਭਾਰਤ ਅਤੇ ਉਪ-ਮਹਾਂਦੀਪ ਵਿੱਚ ਸਭ ਤੋਂ ਵੱਡਾ ਤਿਓਹਾਰ ਹੈ। ਇਸਨੂੰ ਬੁਰਾਈ ‘ਤੇ ਜਿੱਤ ਦੇ ਤਿਓਹਾਰ ਵਜੋਂ ਮਨਾਇਆ ਜਾਂਦਾ ਹੈ।

ਅਸ਼ਵਨੀ ਨੇ ਦੱਸਿਆ ਕਿ ਦੀਵਾਲੀ ਦਾ ਸਭ ਤੋਂ ਵੱਡਾ ਪ੍ਰਤੀਕ ਮਿੱਟੀ ਦੇ ਦੀਵੇ ਹੁੰਦੇ ਹਨ ਅਤੇ ਇਹ ਤਿਓਹਾਰ ਦਾ ਹਰ ਮਹੱਤਵ ਰੱਖਦਾ ਹੈ। ਇਸ ਮੌਕੇ ‘ਤੇ ਲੋਕ ਆਪਣੇ ਦੋਸਤਾਂ ਅਤੇ ਪਰਿਵਾਰ ਦੇ ਨਾਲ ਮਿਲ ਕੇ ਮਿਠਾਈਆਂ ਵੰਡਦੇ ਹਨ।

ਸਰੀ ਦੀ ਮੇਅਰ ਬ੍ਰੈਂਡਾ ਲੌਕ ਵੀ ਇਸ ਸਮਾਰੋਹ ਵਿੱਚ ਸ਼ਾਮਿਲ ਹੋਈ। ਉਨ੍ਹਾਂ ਕਿਹਾ, “ਮੈਂ ਸਮਝਦੀ ਹਾਂ ਕਿ ਸਾਡੇ ਲਈ ਸਰੀ ਵਿੱਚ ਜੋ ਸਾਂਝੇ ਸਮਾਜ ਲਈ ਮਹੱਤਵਰੱਖਦੇ ਹਨ, ਉਹਨਾਂ ਦਾ ਜਸ਼ਨ ਮਨਾਉਣਾ ਸਦਾ ਜ਼ਰੂਰੀ ਹੁੰਦਾ ਹੈ... ਦੀਵਾਲੀ ਭਲਾਈ ਦੀ ਬੁਰਾਈ ‘ਤੇ, ਤੇ ਰੌਸ਼ਨੀ ਦੀ ਹਨੇਰੇ ‘ਤੇ ਜਿੱਤ ਦਾ ਤਿਓਹਾਰ ਹੈ। ਸਰੀ ਲਈ ਇਹ ਸਭ ਲਈ ਬਹੁਤ ਵਧੀਆ ਸੁਨੇਹਾ ਹੈ, ਅਤੇ ਇਹ ਕਾਫੀ ਮਜ਼ੇਦਾਰ ਵੀ ਹੈ।”

ਉਹਨਾਂ ਅੱਗੇ ਕਿਹਾ, “ਜਦ ਵੀ ਅਸੀਂ ਕਿਸੇ ਵੀ ਭਾਈਚਾਰੇ ਲਈ ਜੋ ਕੁਝ ਕਰ ਸਕਦੇ ਹਾਂ ਕਰ ਰਹੇ ਹਾਂ, ਅਸੀਂ ਸਰੀ ਸ਼ਹਿਰ ਵਿੱਚ ਇਸ ਨੂੰ ਯਕੀਨੀ ਬਣਾਉਣਾ ਚਾਹੁੰਦੇ ਹਾਂ, ਕਿਉਂਕਿ ਸੱਚਮੁੱਚ - ਸਾਡੀ ਵਿੱਲਖਣਤਾ ਸਾਡੀ ਤਾਕਤ ਹੈ। ਆਓ ਇਸਨੂੰ ਆਪਣਾਏ ਅਤੇ ਮਨਾਏ ਅਤੇ ਇਸ ਨੂੰ ਮਜ਼ੇਦਾਰ ਬਣਾਈਏ।” This report was written by Simranjit Singh as part of the Local Journalism Initiative.

# ਕਲੋਵਰਡੇਲ ਰੋਡਿਓ ਯੂਥ ਇਨਿਸ਼ੀਏਟਿਵ ਫਾਉਂਡੇਸ਼ਨ ਨੇ ਵੰਡੇ 15,000 ਡਾਲਰ ਦੇ ਵਜ਼ੀਫੇ





ਸਰੀ, (ਸਿਮਰਨਜੀਤ ਸਿੰਘ): ਕਲੋਵਰਡੇਲ ਰੋਡਿਓ ਯੂਥ ਇਨਿਸ਼ੀਏਟਿਵ ਫਾਉਂਡੇਸ਼ਨ ਨੇ ਇਸ ਸਾਲ ਆਪਣੀ ਵਿਦਿਆਰਥੀ ਵਜੀਫ਼ਾ ਰਕਮ ਵਿੱਚ 5000 ਵਧਾ ਦਿੱਤੀ। ਇਸ ਸਾਲ ਸਥਾਨਕ ਵਿਦਿਆਰਥੀਆਂ ਨੂੰ, ਜੋ ਪੋਸਟ-ਸੈਕੰਡਰੀ ਸੰਸਥਾਵਾਂ ਵਿੱਚ ਇਸ ਸੈਮਿਸਟਰ ਵਿੱਚ ਦਾਖਲਾ ਲੈ ਰਹੇ ਹਨ, 15,000 ਡਾਲਰ ਦੀ ਵਜੀਫ਼ਾ ਰਕਮ ਵੰਡੀ ਗਈ।

ਫਾਉਂਡੇਸ਼ਨ ਦੇ ਸਕਾਲਰਸ਼ਿਪ ਕਮੇਟੀ ਦੇ ਚੇਅਰ ਰਿਕ ਹਿਊ ਨੇ ਕਿਹਾ, “ਇਸ ਸਾਲ ਵੰਡੇ ਗਏ ਪੈਸਿਆਂ ਵਿੱਚ ਨਵਾਂ ਮਿਆਰ ਸਥਾਪਿਤ ਕੀਤਾ ਗਿਆ ਹੈ।” ਹਿਊ ਨੇ ਦੱਸਿਆ ਕਿ ਹਰ ਸਾਲ ਵਜੀਫ਼ਾ ਹਾਸਲ ਕਰਨ ਵਾਲੇ ਵਿਦਿਆਰਥੀਆਂ ਦੀ ਗੁਣਵੱਤਾ ਵੇਖਕੇ ਉਹ ਹਰ ਵਾਰੀ ਹੈਰਾਨ ਹੋ ਜਾਂਦੇ ਹਨ।

ਉਹਨਾਂ ਕਿਹਾ, “ਜਦੋਂ ਤੋਂ ਅਸੀਂ ਆਪਣਾ ਕੰਮ ਸ਼ੁਰੂ ਕੀਤਾ ਹੈ, ਅਸੀਂ ਹਮੇਸ਼ਾ ਉਮੀਦਵਾਰਾਂ ਦੀ ਉੱਚ ਗੁਣਵੱਤਾ ਵੇਖਕੇ ਹੈਰਾਨ ਹੁੰਦੇ ਰਹੇ ਹਾਂ। ਇਹ ਨੌਜਵਾਨ ਜੋ ਗੁਣਾਂ ਦਾ ਪ੍ਰਦਰਸ਼ਨ ਕਰਦੇ ਹਨ, ਇਸ ਦੀ ਬੁਨਿਆਦ ‘ਤੇ ਮੈਨੂੰ ਆਪਣੇ ਭਵਿੱਖ ਬਾਰੇ ਆਸ਼ਾਵਾਦੀ ਮਹਿਸੂਸ ਹੁੰਦਾ ਹੈ।” ਫਾਉਂਡੇਸ਼ਨ ਨੂੰ 2014 ਵਿੱਚ 68ਵੇਂ ਸਾਲਾਨਾ ਕਲੋਵਰਡੇਲ ਰੋਡਿਓ ਅਤੇ ਦੇਸ਼ ਮੇਲੇ ਵਿੱਚ ਸਥਾਪਿਤ ਕੀਤਾ ਗਿਆ ਸੀ ਅਤੇ ਉਦੋਂ ਤੋਂ ਫਾਉਂਡੇਸ਼ਨ ਨੇ 80,000 ਡਾਲਰ ਵਜੀਫ਼ੇ ਅਤੇ ਨੌਜਵਾਨਾਂ ਦੇ ਭਲੇ ਲਈ ਫੰਡ ਵੰਡੇ ਹਨ। ਵਜੀਫ਼ਾ ਦੀ ਰਕਮ ਹਰੇਕ ਸਾਲ ਦਾਨਾਂ ਅਤੇ ਫੰਡ ਰੇਜ਼ਿੰਗ ਨਾਲ ਵਧਦੀ ਰਹਿੰਦੀ ਹੈ।

ਇਸ ਸਾਲ ਇਕ ਹੋਰ ਫਾਉਂਡੇਸ਼ਨ ਨੇ ਭਾਗ ਲਿਆ, ਜਿਸ ਨੇ ਇਸ ਸਾਲ ਵਜੀਫ਼ਾ ਦੇਣ ਵਾਲਿਆਂ ਵਿੱਚ ਇੱਕ ਹੋਰ ਇਨਾਮ ਸ਼ਾਮਿਲ ਕੀਤਾ। ਨਵਾਂ ਸ਼ੁਰੂ ਹੋਇਆ ਗ੍ਰੇਰਿ ਅਤੇ ਗੇਲ ਗ੍ਰੇਲਿਸ਼ ਫਾਉਂਡੇਸ਼ਨ ਵਜੀਫ਼ਾ ਅਰੀਅਨਾ ਹਾਚੀ ਨੂੰ ਦਿੱਤਾ ਗਿਆ, ਜੋ ਲਾਰਡ ਟਵੀਡਸਮੂਅਰ ਦੀ ਵਿਦਿਆਰਥੀ ਹੈ। ਇਸ ਵਜੀਫ਼ੇ ਦੀ ਰਕਮ 2,000 ਡਾਲਰ ਸੀ।

ਫਾਉਂਡੇਸ਼ਨ ਦਾ ਮੁੱਖ ਫੰਡ ਕਲੋਵਰਡੇਲ ਰੋਡਿਓ 50/50 ਡ੍ਰਾ ਰਾਹੀਂ ਹੁੰਦਾ ਹੈ। ਇਸ ਸਾਲ ਇਸ ਡ੍ਰਾ ਰਾਹੀਂ 44,000 ਡਾਲਰ ਇਕੱਠੇ ਕੀਤੇ ਗਏ, ਜਿਸ ਵਿੱਚੋਂ ਅੱਧੇ ਪੈਸੇ ਵਜੀਫ਼ਾ ਫੰਡ ਲਈ ਗਏ।

ਫਾਉਂਡੇਸ਼ਨ ਨੇ 2024 ਵਿੱਚ ਕੁਝ ਨਵੇਂ ਇਨਾਮ ਸ਼ਾਮਿਲ ਕੀਤੇ, ਜਿਸ ਵਿੱਚ ਗ੍ਰੇਲਿਸ਼ ਫਾਉਂਡੇਸ਼ਨ ਵਜੀਫ਼ਾ ਸ਼ਾਮਿਲ ਹੈ। This report was written by Simranjit Singh as part of the Local Journalism Initiative.

# ਵੈਨਕੂਵਰ ਵਿੱਚ ਬਹੁ-ਮੰਜ਼ਿਲਾਂ ਇਮਾਰਤ ਵਿੱਚ ਲੱਗੀ ਅੱਗ, ਕਈ ਪਰਿਵਾਰ ਹੋਏ ਬੇਘਰ

ਸਰੀ, (ਸਿਮਰਨਜੀਤ ਸਿੰਘ): ਬੀਤੇ ਦਿਨੀਂ ਵੈਨਕੂਵਰ ਸ਼ਹਿਰ ਦੇ ਸੰਘਣੇ ਇਲਾਕੇ ਵਿੱਚ ਇੱਕ ਬਹੁ-ਮੰਜ਼ਿਲਾਂ ਇਮਾਰਤ ਵਿੱਚ ਅੱਗ ਲੱਗਣ ਕਾਰਨ ਕਈ ਪਰਿਵਾਰਾਂ ਨੂੰ ਆਪਣੇ ਘਰ ਛੱਡਣੇ ਪਏ ਹਨ। ਅੱਗ ਲੱਗਣ ਕਾਰਨ ਤਿੰਨ ਫਲੈਟ ਬੁਰੀ ਤਰ੍ਹਾਂ ਤਬਾਹ ਹੋ, ਜਦਕਿ ਛੇ ਹੋਰ ਫਲੈਟਾਂ ਨੂੰ ਨੁਕਸਾਨ ਪਹੁੰਚਿਆ ਹੈ।

ਵੈਨਕੂਵਰ ਫਾਇਰ ਐਂਡ ਰੈਸਕਿਊ ਸਰਵਿਸਜ਼ ਨੂੰ ਅਲਬਰਨੀ ਸਟਰੀਟ ਅਤੇ ਨਿਕੋਲਾ ਸਟਰੀਟ ਵਿਖੇ ਸ਼ਾਮ 4 ਵਜੇ ਅੱਗ ਲੱਗਣ ਦੀ ਸੂਚਨਾ ਮਿਲੀ। ਦੱਸਿਆ ਜਾ ਰਿਹਾ ਹੈ ਕਿ ਅੱਗ 20ਵੀਂ ਅਤੇ 21ਵੀਂ ਮੰਜਿਲ ਤੇ ਲੱਗੀ। ਕਿਸੇ ਵਿਅਕਤੀ ਦੇ ਜ਼ਖਮੀ ਹੋਣ ਦੀ ਕੋਈ ਰਿਪੋਰਟ ਨਹੀਂ ਹੈ, ਪਰ ਫਾਇਰਫਾਇਟਰਾਂ ਨੇ ਸੁਰੱਖਿਆ ਲਈ ਸਾਰੀ ਇਮਾਰਤ ਨੂੰ ਖਾਲੀ ਕਰਕੇ ਉਸਦੀ ਜਾਂਚ ਕੀਤੀ।



ਇਸ ਘਟਨਾ ਦੇ ਗਵਾਹ, ਜਿਮੀ ਕਰੀ ਨੇ ਦੱਸਿਆ, “ਸਭ ਤੋਂ ਪਹਿਲਾਂ ਮੈਂ ਧੂੰਆ ਦੇਖਿਆ, ਫਿਰ ਕੋਈ ਧਮਾਕੇ ਦੀ ਆਵਾਜ਼ ਸੁਣੀ। ਸ਼ਾਇਦ ਖਿੜਕੀਆਂ ਟੁੱਟ ਰਹੀਆਂ ਸਨ, ਫਿਰ ਅੱਗ ਫੈਲਣ ਲੱਗੀ।” ਇਮਾਰਤ ਦੇ ਕਈ ਮੰਜਿਲਾਂ ਤੋਂ ਕਾਲਾ ਧੂੰਆਂ ਅਤੇ ਵੱਡੀਆਂ ਅੱਗ ਦੀਆਂ ਲਪਟਾਂ ਨਿਕਲ ਰਹੀਆਂ ਸਨ, ਜਿਵੇਂ ਕਿ ਘਟਨਾ ਸਥਾਨ ਤੋਂ ਮਿਲੀਆਂ ਵੀਡੀਓਆਂ ਵਿੱਚ ਵੇਖਿਆ ਜਾ ਸਕਦਾ ਹੈ।

VFRS ਨੇ ਇਸਨੂੰ “ਖਤਰਨਾਕ ਦ੍ਰਿਸ਼” ਵਜੋਂ ਦਰਸਾਇਆ ਕਿਉਂਕਿ ਇਮਾਰਤ ਤੋਂ ਡਿੱਗਦੇ ਕੱਚ ਅਤੇ ਹੋਰ ਮਲਬਾ ਹੇਠਾਂ ਖੜ੍ਹੀਆਂ ਗੱਡੀਆਂ ਤੇ ਡਿੱਗ ਰਿਹਾ ਸੀ ਅਤੇ ਕਈ ਗੱਡੀਆਂ ਵੀ ਨੁਕਸਾਨੀਆਂ ਗਈਆਂ। ਫਿਲਹਾਲ ਅਜੇ ਤੱਕ ਅੱਗ ਲੱਗਣ ਦਾ ਕਾਰਨ ਅਜਿਹਾ ਪਤਾ ਨਹੀਂ ਲੱਗ ਸਕਿਆ। ਫਾਇਰਫਾਇਟਰਾਂ ਦੀ ਸਖਤ ਮਿਹਨਤ ਨੇ ਕਈ ਲੋਕਾਂ ਦੀ ਜ਼ਿੰਦਗੀਆਂ ਬਚਾਈਆਂ ਹਨ, ਪਰ ਇਸ ਅਣਹੋਣੀ ਕਾਰਨ ਕਈ ਪਰਿਵਾਰ ਆਪਣੇ ਘਰਾਂ ਤੋਂ ਬੇਘਰ ਹੋ ਗਏ ਹਨ। This report was written by Simranjit Singh as part of the Local Journalism Initiative.

# ਓਵਰਡੋਜ਼ ਨਾਲ ਹੋਈ ਔਰਤ ਮੌਤ ਦੇ ਮਾਮਲੇ ਵਿੱਚ ਤਿੰਨ ਲੋਕਾਂ ’ਤੇ ਚਾਰਜ

ਸਰੀ, (ਸਿਮਰਨਜੀਤ ਸਿੰਘ): ਨੈਨਾਇਮੋ ਸ਼ਹਿਰ ‘ਚ ਇੱਕ ਔਰਤ ਦੀ ਸ਼ੱਕੀ ਮੌਤ ਦੇ ਮਾਮਲੇ ਵਿੱਚ ਤਿੰਨ ਲੋਕਾਂ ‘ਤੇ ਚਾਰਜ ਲਗਾਏ ਗਏ ਹਨ। ਵੈਂਡੀ ਹੈੱਡ, ਜਿਸ ਦੀ ਉਮਰ 52 ਸਾਲ ਸੀ, ਉਸਨੂੰ 7 ਮਾਰਚ ਨੂੰ ਨੈਨਾਇਮੋ ਵਿੱਚ ਇੱਕ ਘਰ ਵਿੱਚ ਮਿਲੀ ਅਤੇ ਉਸ ਦੀ ਮੌਤ ਦਾ ਕਾਰਨ ਨਸ਼ਿਆਂ ਦੀ ਓਵਰਡੋਜ਼ ਦੱਸਿਆ ਗਿਆ ਸੀ।

ਹੈੱਡ ਦੀ ਮੌਤ ਦੇ ਬਾਅਦ ਹੁਣ ਅਹਿਮ ਜਾਣਕਾਰੀ ਸਾਹਮਣੇ ਆਈ, ਜਿਸ ਤੋਂ ਬਾਅਦ ਪੁਲਿਸ ਨੇ ਇਸ ਮਾਮਲੇ ਦੀ ਪੜ੍ਹਤਾਲ ਹੋਰ ਡੂੰਘਾਈ ਨਾਲ ਅੱਗੇ ਵਧਾਈ ਹੈ।

17 ਅਕਤੂਬਰ 2024 ਨੂੰ, ਦੋ ਮਰਦ ਅਤੇ ਇਕ ਔਰਤ ਨੂੰ ਹੈੱਡ ਦੀ ਮੌਤ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ। ਬ੍ਰਿਟਿਸ਼ ਕੋਲੰਬੀਆ ਦੀ ਕਾਮਬਾਈਨ ਫੋਰਸਜ਼ ਵਿਸ਼ੇਸ਼ ਬਚਾਅ ਯੂਨਿਟ (ਛਢਸ਼ਓ-ਭਛ) ਦੇ ਆਈਲੈਂਡ ਡਿਸਟ੍ਰਿਕਟ ਟੀਮ ਨੇ ਇਸ ਮਾਮਲੇ ਦੀ ਜਾਂਚ ਪਿਛਲੇ ਸਾਲ ਅਗਸਤ ਵਿੱਚ ਸ਼ੁਰੂ ਕੀਤੀ ਸੀ।



ਗੇਰੀ ਸੰਗਾ, 59 ਸਾਲ; ਟਾਈਲਰ ਸਟੀਫਨ ਐਲਰਿਕਸ, 41 ਸਾਲ; ਅਤੇ ਲਿੱਲੀ ਆਇਰਨ ਲਿੰਡਬਰਗ, 44 ਸਾਲ ਦੀ ਔਰਤ ਇਹ ਸਭ ਜੋ ਡੰਕਨ ਦੇ ਰਹਿਣ ਵਾਲੇ ਹਨ ਜਿਨ੍ਹਾਂ ਖਿਲਾਫ਼ ਚਾਰਜ ਲਗਾਏ ਹਨ।

ਸੰਗਾ ਅਤੇ ਲਿੰਡਬਰਗ ਦੋਹਾਂ ‘ਤੇ ਪਹਿਲੀ ਡਿਗਰੀ ਦੇ ਕਤਲ ਦਾ ਇੱਕ ਚਾਰਜ ਅਤੇ ਕਤਲ ਕਰਨ ਲਈ ਉਕਸਾਉਣ ਲਈ ਚਾਰਜ ਲਗਾਇਆ ਗਿਆ ਹੈ। ਐਲਰਿਕਸ ‘ਤੇ ਪਹਿਲੀ ਡਿਗਰੀ ਦੇ ਕਤਲ ਦਾ ਚਾਰਜ ਲਗਾਇਆ ਗਿਆ ਹੈ।

ਸੰਗਾ ਅਤੇ ਲਿੰਡਬਰਗ ਨੂੰ ਗਿਰਫ਼ਤਾਰ ਕੀਤਾ ਗਿਆ ਹੈ। ਐਲਰਿਕਸ ਲਈ ਇਕ ਗਿਰਫ਼ਤਾਰੀ ਵਾਰੰਟ ਜਾਰੀ ਕੀਤਾ ਗਿਆ ਹੈ ਅਤੇ ਜੇ ਕਿਸੇ ਕੋਲ ਉਸ ਬਾਰੇ ਜਾਣਕਾਰੀ ਹੈ ਤਾਂ ਉਹ ਆਪਣੀ ਨਜ਼ਦੀਕੀ ਪੁਲਿਸ ਸਟੇਸ਼ਨ ਜਾਂ ਕ੍ਰਾਈਮ ਸਟਾਪਰਜ਼ ਨਾਲ ਸੰਪਰਕ ਕਰ ਸਕਦਾ ਹੈ।

ਇਸ ਮਾਮਲੇ ਤੋਂ ਬਾਅਦ ਸਥਾਨਕ ਲੋਕਾਂ ਨੇ ਬ੍ਰਿਟਿਸ਼ ਕੋਲੰਬੀਆ ਵਿੱਚ ਔਰਤਾਂ ਦੀ ਸੁਰੱਖਿਆ ਬਾਰੇ ਚਰਚਾ ਕੀਤੀ ਹੈ । ਸਥਾਨਕ ਪੁਲਿਸ ਨੇ ਵਾਅਦਾ ਕੀਤਾ ਹੈ ਕਿ ਉਹ ਇਸ ਮਾਮਲੇ ਵਿੱਚ ਨਿਰੰਤਰ ਜਾਂਚ ਜਾਰੀ ਰੱਖੇਗਾ ।

# ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ

# PINE LIGHTING

## WE CARRY ALL MAJOR BRANDS

## YOU WILL SAVE MONEY

**Gurpreet Dhillon**
gurpreet@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Christine Dear**
christine@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Michelle Trafford**
michelle@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Jass Sidhu**
Jaskaran@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Erin McNab**
erin@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

# 604-591-8895

ਸਾਡਾ ਸਟੋਰ ਹੁਣ ਨਾਲ ਵਾਲੇ ਯੂਨਿਟ 6878 ਵਿੱਚ ਚਲਾ ਗਿਆ ਹੈ।

**6878 King Gorge Blvd Same Building, Different Unit**

# 6878 King Gorge Blvd. Surrey

# ਗੁਰਦੁਆਰਾ ਸਾਹਿਬ ਗੁਰਸਿੱਖ ਸੋਸਾਇਟੀ

32086 ਰਾਏ ਐਵੀਨਿਊ, ਲੋਹਹੀਡ ਹਾਈਵੇ, (ਮਿਸ਼ਨ)



## ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀਆਂ ਲੱਖ ਲੱਖ ਵਧਾਈਆਂ

| | | |
|---|---|---|
| 1 ਨਵੰਬਰ ਸ਼ੁੱਕਰਵਾਰ | : | ਬੰਦੀ ਛੋੜ ਦਿਵਸ ਅਤੇ ਦੀਵਾਲੀ ਮੌਕੇ ਲੰਗਰ ਦੀ ਸੇਵਾ ਨਾਗਰਾ ਪਰਿਵਾਰ ਮੈਪਲ ਰਿੱਜ ਵਲੋਂ ਹੋਵੇਗੀ। |
| 2 ਨਵੰਬਰ ਸ਼ਨਿੱਚਰਵਾਰ | : | ਸਵੇਰੇ: ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ ਬਲਜਿੰਦਰ ਸਿੰਘ ਰਾਏ ਪਰਿਵਾਰ ਵਲੋਂ ਹੋਵੇਗੀ। |
| | | ਸ਼ਾਮ: ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ ਮਨਪ੍ਰੀਤ ਸਿੰਘ ਪਰਿਵਾਰ ਵਲੋਂ ਹੋਵੇਗੀ। |
| 3 ਨਵੰਬਰ ਐਤਵਾਰ | : | ਸਵੇਰੇ: ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ ਜਲੋਰ ਸਿੰਘ ਚੀਮਾ ਪਰਿਵਾਰ ਵਲੋਂ ਹੋਵੇਗੀ। |
| | | ਸ਼ਾਮ: ਸਵੇਰੇ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ ਬਲਜਿੰਦਰ ਸਿੰਘ ਸੁਚ ਪਰਿਵਾਰ ਵਲੋਂ ਹੋਵੇਗੀ। |
| 8-9 ਅਤੇ 10 ਨਵੰਬਰ | : | ਅਖੰਡਪਾਠ ਸਾਹਿਬ ਦੀ ਸੇਵਾ ਪ੍ਰਤਾਪ ਮਿਲ ਦੇ ਮਾਲਕ ਅਤੇ ਸਮੂਹ ਵਰਕਰਾਂ ਵਲੋਂ ਕਰਵਾਈ ਜਾਵੇਗੀ। |

## ਗੁਰਦੁਆਰਾ ਸਾਹਿਬ ਗੁਰਸਿੱਖ ਸੋਸਾਇਟੀ ਮਿਸ਼ਨ-ਬੀ.ਸੀ.

ਵਧੇਰੇ ਜਾਣਕਾਰੀ ਲੈਣ ਲਈ ਜਾਂ ਫਿਰ ਪ੍ਰੋਗਰਾਮ ਬੁੱਕ ਕਰਵਾਉਣ ਲਈ ਦਿੱਤੇ ਗਏ ਫੋਨ ਨੰਬਰਾਂ 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

**ਦਫਤਰ 604-820-1344 ਜਾਂ ਹੈੱਡ ਗ੍ਰੰਥੀ ਗਿਆਨੀ ਕੁਲਵੰਤ ਸਿੰਘ ਜੀ 604-751-3000**

ਅਸੀਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਪਾਇੰਟਮੈਂਟਾਂ ਬੁੱਕ ਕਰੋ ਅਤੇ ਨੁਸਖ਼ੇ ਨੂੰ ਔਨਲਾਈਨ ਦੁਬਾਰਾ ਭਰੋ

# We Are Here For YOUR HEALTHFUL LIFE

## Trusted Medical Treatment for Everyone

- Ostomy supplies
- Home health care supplies
- Smoking cassation program
- Diabetic education & supplies
- Medical reviews & counselling
- Daily health monitoring program
- Flu shot/covid 19 & all vaccination

**WE CARE PHARMACY AND CLINIC**

## GET PRESCRIPTION from the Pharmacist

for minor health consitions like UTI, Allergies, Cold sores and more.





Diwali

FESTIVAL OF LIGHTS

When you are your family's everything.
We make sure we are your's.

## TAKE CHARGE OF YOUR HEALTH TODAY!

Book your Appointment Today
Call or Visit www.we-care.ca

Compounding Medicine | Over The Counter Medicine | Free Prescription Delivery

**We Care Medical Clinic**
(604)-593-6934 | clinic64@we-care.ca | Unit 100-6329 King George Blvd Surrey, BC V3X 1G1

**Civic Family Health Centre**
(778) 565-7844 | clinic88@we-care.ca | Unit 110-13588 88 Ave, Surrey, BC V3W 3K8

**NewGen Medical Centre**
(778) 564-1898 | clinic63@we-care.ca | Unit 103-6321 King George Blvd, Surrey, BC V3X 1G1

# SABZI MANDI SUPERMARKET

*Serving our Community since 2003*

## HAPPY DIWALI

## Mega Diwali Tent Sale

LARGEST DIWALI TENT SALE IN NORTH AMERICA!!!

Diya, Hatri, Mustard Oil, Rangoli, Cookware and MUCH MUCH MORE available in store now.

**HOT PRICE** — FRESH LIMES ਲਾਈਮ — 3 for 99¢

**HOT PRICE** — US#1 SPINACH ਪਾਲਕ Bunch — 1.49 ea

**HOT PRICE** — FRESH ZUCCHINI ਤੋਰੀ — 79¢ /lb

**HOT PRICE** — FRESH CILANTRO ਧਨੀਆਂ Bunch — 2 for 99¢

LEHAR GACHAK ਲੈਹਰ ਗੱਚਕ 400g — 3.49 ea

DANIMA COOKIES ਡਾਨਿਮਾ ਕੁਕੀਆਂ 400g — 2.99 ea

VERKA DESI GHEE ਵੇਰਕਾ ਦੇਸੀ ਘਿਉ 3kg — 41.99 ea

ROYAL 6-COMPARTMENT PARTY TRAYS ਰੋਯਲ ਪਾਰਟੀ ਪਲੇਟ 40 pack — 6.99 ea

ALOKOZAY SUNFLOWER OIL ਐਲੋਕੋਜ਼ੇ ਸੂਰਜ ਮੁਖੀਆ ਦਾ ਤੇਲ 750ml — 3.49 ea

## UNBEATABLE DEAL

AAP KI PASAND COOKIES ਆਪ ਕੀ ਪਸੰਦ ਕੁਕੀਆਂ 2.2lb — 4.99 ea

BROWN SUGAR ਭੂਰੀ ਖੰਡ 8lb — 8.99 ea

DABUR MUSTARD OIL ਡਾਬੁਰ ਸਰੋਂ ਦਾ ਤੇਲ 1L — 6.99 ea

SHER BESAN ਸ਼ੇਰ ਬੇਸਣ 4lb — 4.99 ea

ROSHNI MUSTARD OIL ਰੋਸ਼ਨੀ ਸਰੋਂ ਦਾ ਤੇਲ 200ml — 1.49 ea

MERI CHAI TEA ਮੇਰੀ ਚਾਹ 216's — 5.99 ea

ROSHNI BASMATI RICE ਰੋਸ਼ਨੀ ਬਾਸਮਤੀ ਚਾਵਲ 8lb — 8.99 ea

ALMOND OIL ਬਦਾਮ ਤੇਲ 1L — 12.99 ea

AASHIRVAAD ATTA ਆਸ਼ਿਰਵਾਦ ਆਟਾ 20lb — 14.99 ea

PUNJABI BY NATURE SUJI RUSK ਪੰਜਾਬੀ ਬਾਈ ਨੇਚਰ ਸੂਜੀ ਰੱਸਕ 600g — 4.99 ea

EXTRA FANCY RED ONIONS ਲਾਲ ਗੰਢੇ 25lb — 19.99 ea

PEELED GARLIC ਲਸਣ 5lb Jar — 11.99 ea

US#1 POTATOES ਆਲੂ 10lb — 3.99 ea

AMBROSIA APPLES ਐਮਬਰੋਜ਼ਾ ਸੇਬ — 99¢ /lb

BC GREEN CABBAGE ਪੱਤ ਗੋਭੀ — 69¢ /lb

PROUDLY CANADIAN • PROUDLY PUNJABI!

Western Union

Western Union Money Transfers and Calling Cards available at all locations. 24 hour rate info line: 604-634-2400

ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ

SALES DATES: Fri. October 25, 2024 - Wed. October 30, 2024

MasterCard VISA American Express Interac

American Express accepted at three locations.

Prices in effect while quantities last and are subject to change without notice. We reserve the right to limit quantities. Photos are for illustrative purposes only and may not depict actual sale item.

SABZI MANDI SUPERMARKET

STORES OPEN 7 DAYS A WEEK

Visit one of our great locations so we can serve you today!

| | | | |
|---|---|---|---|
| NEWTON STORE: #106 - 12568 72nd Ave., Surrey | 604-590-2400 | BURNABY: 7565 6th Street, Burnaby | 604-553-6603 |
| NEWTON 80th AVENUE: 13208 80th Ave., Surrey | 778-565-7880 | RICHMOND: 9371 No 5 Rd, Richmond | 604-285-2400 |
| NEWTON EXCHANGE: 101-13753 72 Ave., Surrey | 604-581-2400 | NEWTON 64 AVE: 140- 6350 120 st, Surrey | 778-565-1266 |
| NEWTON EAST: 15299 68th Ave., Surrey | 604-598-8006 | LANGLEY: #50 – 20150 Langley Bypass, Langley | 604-427-3912 |
| ABBOTSFORD: 31831 S. Fraser Way, Abbotsford | 604-864-9193 | ABBOTSFORD: 2777 Gladwin Road, Abbotsford | 604-744-2077 |

You can also visit us online at www.sabzimandicanada.com